ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 50 | 20 December to 26 December 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਐਚ-1ਬੀ ਵੀਜ਼ੇ ਵਾਲਿਆਂ ਦੇ ਜੀਵਨ ਸਾਥੀਆਂ ਦਾ ਰੁਜ਼ਗਾਰ ਖ਼ਤਮ ਹੋਣ ਦੇ ਖਦਸ਼ੇ

**ਵਾਸ਼ਿੰਗਟਨ/ਬਿਊਰੋ ਨਿਊਜ਼:** ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਨੂੰ ਕੰਮ ਦੀ ਮਿਲੀ ਇਜਾਜ਼ਤ ਸਬੰਧੀ ਨਿਯਮ ਨੂੰ ਰੱਦ ਕਰਨ ਉਤੇ ਟਰੰਪ ਪ੍ਰਸ਼ਾਸਨ ਵਿਚਾਰ ਕਰ ਰਿਹਾ ਹੈ। ਇਸ ਕਦਮ ਨਾਲ ਹਜ਼ਾਰਾਂ ਭਾਰਤੀ ਕਾਮੇ ਤੇ ਉਨ੍ਹਾਂ ਦੇ ਪਰਿਵਾਰ ਪ੍ਰਭਾਵਤ ਹੋ




ਸਕਦੇ ਹਨ। ਸਾਲ 2015 ਤੋਂ ਬਾਅਦ ਗਰੀਨ ਕਾਰਡ ਦੀ ਇੰਤਜ਼ਾਰ ਕਰ ਰਹੇ ਐਚ-1ਬੀ ਵੀਜ਼ਾ ਧਾਰਕ ਦੇ ਜੀਵਨ ਸਾਥੀ ਨੂੰ ਅਮਰੀਕਾ ਵਿੱਚ ਐਚ-4 ਆਸ਼ਰਿਤ ਵੀਜ਼ੇ ਉਤੇ ਕੰਮ ਕਰਨ ਦਾ ਅਧਿਕਾਰ ਹੈ। ਇਹ ਨਿਯਮ ਓਬਾਮਾ ਪ੍ਰਸ਼ਾਸਨ ਨੇ ਲਿਆਂਦਾ ਸੀ। 2016 ਵਿੱਚ 41 ਹਜ਼ਾਰ ਤੋਂ ਵੱਧ ਐਚ-4 ਵੀਜ਼ਾ ਧਾਰਕਾਂ ਨੂੰ ਕੰਮ ਦਾ ਅਧਿਕਾਰ ਦਿੱਤਾ ਗਿਆ। ਇਸ ਸਾਲ ਜੂਨ ਤੱਕ 36 ਹਜ਼ਾਰ ਤੋਂ ਵੱਧ ਐਚ-4 ਵੀਜ਼ਾ ਧਾਰਕਾਂ ਨੂੰ ਕੰਮ ਦਾ ਹੱਕ ਮਿਲਿਆ। ਐਚ-1ਬੀ ਵੀਜ਼ਾ ਪ੍ਰੋਗਰਾਮ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਵਿੱਚ ਰੁਜ਼ਗਾਰ ਦਾ ਮੌਕਾ ਦਿੰਦਾ ਹੈ। ਇਸ ਤਹਿਤ ਬਹੁਤੇ ਕਾਮੇ ਭਾਰਤ ਤੇ ਚੀਨ ਤੋਂ ਆਉਂਦੇ ਹਨ। ਹੋਮਲੈਂਡ ਸਕਿਉਰਿਟੀ ਵਿਭਾਗ (ਡੀਐਚਐਸ) ਨੇ ਆਪਣੇ ਤਾਜ਼ਾ ਨਿਯਮ ਵਿੱਚ "ਐਚ-1ਬੀ ਵੀਜ਼ਾ ਧਾਰਕਾਂ ਦੇ ਐਚ-4 ਵੀਜ਼ਾ ਧਾਰਕ ਜੀਵਨ ਸਾਥੀਆਂ ਨੂੰ ਰੁਜ਼ਗਾਰ ਦੇ ਦਿੱਤੇ ਅਧਿਕਾਰ ਸਬੰਧੀ ਡੀਐਚਐਸ ਦੀ ਆਪਣੇ ਨਿਯਮ ਨੂੰ ਖ਼ਤਮ ਕਰਨ ਦੀ ਤਜਵੀਜ਼ ਹੈ।"

# ਦੋ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਚਲਿਆ ਮੋਦੀ ਦਾ ਮੰਤਰ

- *ਗੁਜਰਾਤ 'ਚ ਤਕੜੀ ਹੋਈ ਕਾਂਗਰਸ ਨੇ ਭਾਜਪਾ ਦੇ ਰੱਥ ਨੂੰ ਲਾਈਆਂ ਬਰੇਕਾਂ*
- *ਹਿਮਾਚਲ ਵਿੱਚ ਕਮਲ ਖਿੜਿਆ, 'ਹੱਥ' ਹਾਰਿਆ*



**ਅਹਿਮਦਾਬਾਦ/ ਬਿਊਰੋ ਨਿਊਜ਼:**
ਆਮ ਚੋਣਾਂ ਤੋਂ ਸਿਰਫ਼ 18 ਮਹੀਨੇ ਪਹਿਲਾਂ ਦੇਸ਼ ਦੀ ਸਿਆਸਤ ਉਤੇ ਪਕੜ ਮਜ਼ਬੂਤ ਕਰਦਿਆਂ ਭਾਜਪਾ ਨੇ ਗੁਜਰਾਤ ਵਿਧਾਨ ਸਭਾ ਚੋਣਾਂ ਵਿੱਚ ਰਿਕਾਰਡ ਲਗਾਤਾਰ ਛੇਵੀਂ ਵਾਰ ਜਿੱਤ ਦਰਜ ਕੀਤੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਤੋਂ ਸੱਤਾ ਹਥਿਆ ਲਈ। ਸੋਮਵਾਰ ਸਵੇਰੇ ਆਏ ਰੁਝਾਨਾਂ ਵਿੱਚ ਭਾਜਪਾ ਤੇ ਕਾਂਗਰਸ ਵਿਚਾਲੇ ਫਸਵੀਂ ਟੱਕਰ ਸੀ ਅਤੇ ਗੁਜਰਾਤ ਦਾ ਨਤੀਜਾ ਉਤਰਾਅ-ਚੜ੍ਹਾਅ ਵਾਲਾ ਲੱਗਿਆ। ਬਾਅਦ ਦੁਪਹਿਰ ਭਾਜਪਾ ਅੱਗੇ ਹੋਣੀ ਸ਼ੁਰੂ ਹੋ ਗਈ ਅਤੇ ਅੰਤ ਵਿੱਚ ਪਾਰਟੀ ਨੇ ਕੁੱਲ 182 ਮੈਂਬਰੀ ਵਿਧਾਨ ਸਭਾ ਵਿੱਚ 99 ਸੀਟਾਂ ਜਿੱਤੀਆਂ। ਹਾਲਾਂਕਿ ਇਹ ਅੰਕੜਾ ਇਸ ਭਗਵਾ ਭਾਰਟੀ ਦੇ ਕਿਆਸ ਤੋਂ ਕਾਫ਼ੀ ਘੱਟ ਹੈ। ਪਾਰਟੀ ਆਗੂਆਂ ਦਾ 150 ਤੋਂ ਵੱਧ ਸੀਟਾਂ ਜਿੱਤਣ ਦਾ ਟੀਚਾ ਸੀ ਪਰ ਰਾਹੁਲ ਗਾਂਧੀ ਦੀ ਅਗਵਾਈ ਹੇਠ ਉੱਭਰੀ ਕਾਂਗਰਸ ਦੇ ਨਾਲ ਨਾਲ ਪਾਟੀਦਾਰ ਤੇ ਦਲਿਤ ਆਗੂਆਂ ਹਾਰਦਿਕ ਪਟੇਲ, ਅਲਪੇਸ਼ ਠਾਕੁਰ ਤੇ ਜਿਗਨੇਸ਼ ਮੇਵਾਨੀ ਤੋਂ ਭਾਜਪਾ ਨੂੰ ਤਕੜੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਨੂੰ ਕੁੱਲ 80 ਸੀਟਾਂ ਮਿਲੀਆਂ। 2012 ਦੀਆਂ ਚੋਣਾਂ ਵਿੱਚ ਉਸ ਕੋਲ 61 ਸੀਟਾਂ ਸਨ। ਹੋਰਾਂ ਦੇ ਖਾਤੇ ਵਿੱਚ ਤਿੰਨ ਸੀਟਾਂ ਗਈਆਂ। ਭਾਜਪਾ ਨੇ ਇਨ੍ਹਾਂ ਨਤੀਜਿਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਏਜੰਡੇ ਦੀ ਜਿੱਤ ਦੱਸਿਆ। ਕਾਂਗਰਸ ਨੂੰ ਸਿਰਫ਼ ਇਸੇ ਤੱਥ ਨਾਲ ਢਾਰਸ ਮਿਲੀ ਕਿ ਉਸ ਨੇ ਸ੍ਰੀ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਗ੍ਰਹਿ ਰਾਜ ਵਿੱਚ ਆਪਣੀ ਸੂਚੀ ਵਿੱਚ ਵਾਧਾ ਕੀਤਾ ਹੈ। ਸ੍ਰੀ ਸ਼ਾਹ ਨੇ ਇਸ ਨਤੀਜੇ ਉਤੇ ਤਸੱਲੀ ਜ਼ਾਹਰ ਕਰਦਿਆਂ ਕਿਹਾ ਕਿ ਗੁਜਰਾਤ ਵਿੱਚ ਪਾਰਟੀ ਦਾ ਵੋਟ ਫੀਸਦ ਪਿਛਲੀ ਵਾਰ ਦੇ 47.85 ਫੀਸਦੀ ਤੋਂ ਵਧ ਕੇ 49.10 ਫੀਸਦੀ ਰਿਹਾ। ਕਾਂਗਰਸ ਦਾ ਵੋਟ ਫੀਸਦ ਵੀ 38.93 ਤੋਂ ਵਧ ਕੇ 41.5 ਫੀਸਦੀ ਰਿਹਾ।

**ਮੋਦੀ ਦੇ ਜ਼ੱਦੀ ਜ਼ਿਲ੍ਹੇ 'ਚ ਭਾਜਪਾ ਮੂਧੇ ਮੂੰਹ**
ਇਸ ਦੌਰਾਨ ਪ੍ਰਧਾਨ ਮੰਤਰੀ ਦੇ ਗ੍ਰਹਿ ਜ਼ਿਲ੍ਹੇ ਵਡਨਗਰ ਵਿੱਚ ਪੈਂਦੇ ਉਂਝਾ ਹਲਕੇ ਵਿੱਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਦੀ ਆਸ਼ਾਬੇਨ ਪਟੇਲ ਨੇ ਭਾਜਪਾ ਦੇ ਪੰਜ ਵਾਰ ਤੋਂ ਵਿਧਾਇਕ ਰਹੇ ਨਰਾਇਣਭਾਈ ਪਟੇਲ ਤੋਂ ਇਹ ਸੀਟ ਜਿੱਤੀ। ਆਸ਼ਾਬੇਨ

**ਬਾਕੀ ਸਫ਼ਾ 30 'ਤੇ**

# ਮਿਉਂਸਿਪਲ ਚੋਣਾਂ 'ਚ ਧਾਂਦਲੀਆਂ ਦੇ ਦੋਸ਼ਾਂ ਦਰਮਿਆਨ ਕਾਂਗਰਸ ਨੇ 'ਹੂੰਝਾ ਫੇਰ ਲਿਆ'

### *414 ਵਾਰਡਾਂ ਵਿੱਚੋਂ ਕਾਂਗਰਸ ਨੇ 276 'ਤੇ ਕੀਤਾ ਕਬਜ਼ਾ, ਅਕਾਲੀਆਂ ਮਸਾਂ 37 ਵਾਰਡਾਂ 'ਚ ਹਾਸਲ ਕਰ ਸਕੇ ਜਿੱਤ*



ਪਟਿਆਲਾ ਦੇ ਮਹਿੰਦਰਾ ਕਾਲਜ ਦੇ ਬਾਹਰ ਅਕਾਲੀਆਂ ਤੇ ਕਾਂਗਰਸੀਆਂ ਵਿਚਾਲੇ ਹੋਈ ਝੜਪ ਦਾ ਦ੍ਰਿਸ਼।

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੀ ਕਾਂਗਰਸ ਦੀ ਸਰਕਾਰ ਵਲੋਂ ਕਰਵਾਈਆਂ ਮਿਉਂਸਿਪਲ ਚੋਣਾਂ 'ਚ ਵਿਰੋਧੀਆਂ ਵਲੋਂ ਲਾਏ ਵੱਡੀ ਪੱਧਰ ਉੱਤੇ ਧਾਂਦਲੀਆਂ ਦੇ ਦੋਸ਼ਾਂ ਦਰਮਿਆਨ ਕਾਂਗਰਸ ਨੇ ਹੂੰਝਾ ਫੇਰ ਲਿਆ। ਸੂਬੇ ਦੇ ਤਿੰਨ ਨਗਰ ਨਿਗਮਾਂ ਪਟਿਆਲਾ, ਅੰਮ੍ਰਿਤਸਰ ਅਤੇ ਜਲੰਧਰ ਅਤੇ 32 ਨਗਰ ਕੌਂਸਲਰਾਂ/ਨਗਰ ਪੰਚਾਇਤਾਂ ਦੀਆਂ ਐਤਵਾਰ ਨੂੰ ਪਈਆਂ ਵੋਟਾਂ ਦੇ ਉਸੇ ਦਿਨ ਸ਼ਾਮੀਂ ਆਏ ਨਤੀਜਿਆਂ ਮੁਤਾਬਕ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਰਿਕਾਰਡਤੋੜ ਜਿੱਤ ਹਾਸਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਿਉਂਸਿਪਲ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ 414 ਵਾਰਡਾਂ ਵਿੱਚੋਂ ਕਾਂਗਰਸ ਪਾਰਟੀ ਨੇ 276, ਅਕਾਲੀ

**ਬਾਕੀ ਸਫ਼ਾ 30 'ਤੇ**

# ਹੋਰਨਾਂ ਨੂੰ ਹੂੰਝਦੀ ਖੁਦ ਹੀ ਹੂੰਝੀ ਗਈ 'ਆਪ'

## *ਅੱਡੀ ਚੋਟੀ ਦਾ ਜ਼ੋਰ ਲਾ ਕੇ ਸਾਰੇ ਸੂਬੇ 'ਚੋਂ ਮਸਾਂ ਮਿਲੀ ਇਕ ਸੀਟ*

**ਚੰਡੀਗੜ੍ਹ/ਬਿਊਰੋ ਨਿਊਜ਼:** ਮਿਉਂਸਿਪਲ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਦਾ ਪੂਰੀ ਤਰ੍ਹਾਂ ਸਫਾਇਆ ਹੋ ਗਿਆ ਹੈ। 'ਆਪ' ਦੀ ਪੰਜਾਬ ਲੀਡਰਸ਼ਿਪ ਦੀ ਅਗਵਾਈ ਹੇਠ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਬਾਅਦ ਹੁਣ ਸਥਾਨਕ ਚੋਣਾਂ 'ਚ ਪਾਰਟੀ ਨੂੰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਨਾਲ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ, ਸਹਿ ਪ੍ਰਧਾਨ ਅਮਨ ਅਰੋੜਾ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੀ ਲੀਡਰਸ਼ਿਪ 'ਤੇ ਸਵਾਲ ਉੱਠੇ ਹਨ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 'ਆਪ' ਨੂੰ ਮਹਿਜ਼ 20 ਸੀਟਾਂ 'ਤੇ ਮਿਲੀ ਜਿੱਤ ਬਾਅਦ ਖਾਸ ਕਰਕੇ ਭਗਵੰਤ ਮਾਨ ਅਤੇ ਸੁਖਪਾਲ ਖਹਿਰਾ ਨੇ ਕੌਮੀ ਲੀਡਰਸ਼ਿਪ ਉਪਰ ਕਈ ਤਰ੍ਹਾਂ ਦੇ ਦੋਸ਼ ਲਾਉਂਦਿਆਂ ਕਿਹਾ ਸੀ ਕਿ ਜੇਕਰ ਹਾਈਕਮਾਂਡ ਟਿਕਟਾਂ

**ਬਾਕੀ ਸਫ਼ਾ 30 'ਤੇ**

## 'ਆਪ' ਦੇ ਹੂੰਝੇ ਜਾਣ ਉੱਤੇ ਗਾਂਧੀ, ਛੋਟੇਪੁਰ ਤੇ ਘੁੱਗੀ ਨੇ ਵਹਾਏ ਹੰਝੂ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ('ਆਪ') ਵਿੱਚੋਂ ਛਾਂਗੇ ਸੂਬਾਈ ਕਨਵੀਨਰਾਂ ਗੁਰਪ੍ਰੀਤ ਸਿੰਘ ਘੁੱਗੀ, ਸੁੱਚਾ ਸਿੰਘ ਛੋਟੇਪੁਰ ਤੇ ਪਾਰਟੀ ਵਿੱਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਨਿਗਮ ਚੋਣਾਂ ਦੇ ਨਤੀਜੇ ਸੁਣ ਕੇ ਉਨ੍ਹਾਂ ਦਾ ਮਨ ਰੋਇਆ ਹੈ। ਤਿੰਨਾਂ ਆਗੂਆਂ ਨੇ ਕਿਹਾ ਕਿ ਉਹ ਅਕਾਲੀ ਦਲ ਤੇ ਕਾਂਗਰਸ ਤੋਂ ਛੁਟਕਾਰਾ ਪਾਉਣ ਲਈ ਆਪ' ਵੱਲੋਂ ਉਲੀਕੇ ਕ੍ਰਾਂਤੀਕਾਰੀ ਪ੍ਰੋਗਰਾਮ ਨੂੰ ਲੈ ਕੇ ਪੰਜਾਬ ਦੇ ਸਿਆਸੀ ਪਿੜ ਵਿੱਚ ਨਿੱਤਰੇ ਸਨ, ਪਰ ਦਿੱਲੀ ਦੀ ਲੀਡਰਸ਼ਿਪ ਨੇ ਆਪਣੀ ਵਿਚਾਰਧਾਰਾ ਤੋਂ ਭਟਕ ਕੇ ਜਿੱਥੇ ਪਾਰਟੀ ਦਾ ਭੱਠਾ ਬਿਠਾ ਦਿੱਤਾ ਹੈ, ਉਥੇ ਪੰਜਾਬੀਆਂ ਵੱਲੋਂ ਆਪਣੇ ਮਨ ਵਿੱਚ ਉਸਾਰੀ ਇਨਕਲਾਬੀ ਸੋਚ ਦਾ ਵੀ ਘਾਣ ਕਰ ਦਿੱਤਾ ਹੈ। ਸ੍ਰੀ ਘੁੱਗੀ ਨੇ ਕਿਹਾ ਕਿ ਉਸ ਨੇ ਪਾਰਟੀ ਲਈ ਜਾਨ ਲਾ ਦਿੱਤੀ ਸੀ,

**ਬਾਕੀ ਸਫ਼ਾ 30 'ਤੇ**

For Advertisements in Quomantry Amritsar Times Please Call :
Jai Singh
510-677-2777














ਮਾਤਾ ਗੁਜਰੀ ਜੀ ਅਤੇ
ਚਾਰ ਸਾਹਿਬਜ਼ਾਦਿਆਂ
ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

ਵਿਸ਼ੇਸ਼ ਕਥਾ ਅਤੇ ਕੀਰਤਨ ਸਮਾਗਮ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION , 9899 Laurel canyon Blvd, Pacoima CA 91331

31 ਦਸੰਬਰ, 2017 (ਸ਼ਾਮੀ)
07:00 ਵਜੇ ਤੋਂ 12:00 ਵਜੇ ਤੱਕ

7 ਜਨਵਰੀ 2018 (ਸਵੇਰੇ)
12:00 ਵਜੇ ਤੋਂ 01:00 ਵਜੇ ਤੱਕ

ਕੀਰਤਨ ਭਾਈ ਵਰਿਦਰ ਸਿੰਘ ਜੀ ਅਤੇ ਕਥਾ ਭਾਈ ਪਿੰਦਰਪਾਲ ਸਿੰਘ ਜੀ

01 ਜਨਵਰੀ, ਸੋਮਵਾਰ ਤੋਂ 06 ਜਨਵਰੀ 2018, ਸ਼ਨੀਵਾਰ ਤੱਕ
ਕੀਰਤਨ ਭਾਈ ਵਰਿਦਰ ਸਿੰਘ ਜੀ (7:00 PM - 7:30PM)
ਕਥਾ ਭਾਈ ਪਿੰਦਰਪਾਲ ਸਿੰਘ ਜੀ (7:30 PM - 8:30PM)



ਭਾਈ ਕਨ੍ਹੱਈਆ ਜੀ ਲੰਗਰ ਸੇਵਾ ਦਲ
ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:
ਬਲਦੇਵ ਸਿੰਘ (818) 468-9595 ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157 ਪਰਮਜੀਤ ਸਿੰਘ(626) 354-6653

ਤੁਹਾਡੀ ਆਪਣੀ
MJSB ਟਰਾਂਸਪੋਰਟੇਸ਼ਨ



ਜੇ ਤੁਹਾਨੂੰ ਟਰੱਕ ਦੇ ਲੋਡ ਬੁੱਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ।
(ਤੁਸੀਂ ਗਾਰੰਟੀ ਨਾਲ $6000 ਤੋਂ $8000 ਪ੍ਰਤੀ ਹਫ਼ਤੇ ਕਮਾ ਸਕਦੇ ਹੋ)

ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ।
(ਨਵੇਂ ਲਾਇਸੰਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)

ਜੇ ਤੁਸੀਂ ਟਰੱਕ ਜਾਂ ਟਰੇਲਰ ਫਾਇਨੈਂਸ ਕਰਵਾਉਣਾ ਹੋਵੇ।

ਸੰਪਰਕ ਕਰੋ:
ਗਗਨ ਸਿੰਘ: 917-518-5125, ਸਿਮਰਨ ਸਿੰਘ: 469-235-3077

# ਏਸ਼ੀਆਈ ਮੁਲਕਾਂ 'ਚ ਲੋਕਾਂ ਉੱਤੇ ਤਸ਼ਦੱਦ ਤੇ ਹਕੂਮਤੀ ਅਤਿਆਚਾਰਾਂ ਉੱਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ

## ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਵਿਚਾਰ ਚਰਚਾ





### ਕਾਂਗਰਸ ਵੂਮੈਨ ਜੋ ਲੋਫ਼ਗ੍ਰੇਨ ਵਲੋਂ ਵਧੀਕੀਆਂ ਵਿਰੁਧ ਆਵਾਜ਼ ਉਠਾਉਂਦੇ ਰਹਿਣ ਦਾ ਭਰੋਸਾ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :**
ਸੈਨ ਫਰਾਂਸਿਸਕੋ ਬੇਅ ਏਰੀਏ ਦੇ ਸ਼ਹਿਰ ਮਿਲਪੀਟਸ ਵਿਚ ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ ਗਿਆ, ਜਿਸ ਵਿਚ ਏਸ਼ੀਅਨ ਮੁਲਕਾਂ ਵਿੱਚ ਮਨੁੱਖੀ ਹੱਕਾਂ 'ਤੇ ਪੈ ਰਹੇ ਵੱਡੇ ਡਾਕੇ ਅਤੇ ਹੋ ਰਹੇ ਜ਼ੁਲਮੋ-ਤਸ਼ਦੱਦ ਅਤੇ ਅੱਤਿਆਚਾਰਾਂ ਬਾਰੇ ਗਹਿਰੀ ਵਿਚਾਰ ਚਰਚਾ ਕੀਤੀ ਗਈ। ਅਮਰੀਕੀ ਕਾਂਗਰਸ ਵੂਮੈਨ ਜੋ ਲੋਫ਼ਗ੍ਰੇਨ (ਡੈਮੋਕਰੈਟਿਕ ਪਾਰਟੀ), ਨੇ ਉਚੇਚੇ ਤੌਰ ਤੇ ਇਸ ਸਮਾਗਮ 'ਚ ਸ਼ਿਰਕਤ ਕੀਤੀ। ਉਨਾਂ ਮੁੱਖ ਬੁਲਾਰੇ ਵਜੋਂ ਆਪਣੇ ਭਾਸ਼ਣ 'ਚ ਮਿਆਂਮਾਰ-ਬਰਮਾ, ਭਾਰਤ ਤੇ ਹੋਰ ਦੇਸ਼ਾਂ 'ਚ ਹੋ ਰਹੇ ਮਨੁੱਖੀ ਘਾਣ ਬਾਰੇ ਸੰਬੋਧਨ ਕੀਤਾ। ਉਨ੍ਹਾ ਕਿਹਾ ਕਿ ਭਾਰਤ, ਪਾਕਿ, ਕੰਬੋਡੀਆ ਅਤੇ ਮਿਆਂਮਾਰ ਤੇ ਹੋਰਨਾਂ ਏਸ਼ੀਆਈ ਮੁਲਕਾਂ 'ਚ ਘੱਟ ਗਿਣਤੀ ਲੋਕਾਂ 'ਤੇ ਰਹੇ ਹਮਲੇ ਅਤਿ ਮੰਦਭਾਗੀਆਂ ਘਟਨਾਵਾਂ ਹਨ। ਉਨ੍ਹਾਂ ਕਿਹਾ ਕਿ ਘੱਟ ਗਿਣਤੀ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਲਈ ਉਹ ਉਨਾਂ ਦੇ ਨਾਲ ਹਨ ਅਤੇ ਇਸ ਸਬੰਧੀ ਉਹ ਹਮੇਸ਼ਾਂ ਅਵਾਜ਼ ਉਠਾਉਂਦੇ ਰਹਿਣਗੇ। ਉਨਾਂ ਮੀਟਿੰਗ 'ਚ ਮੌਜੂਦ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਏਸ਼ੀਆਈ ਦੇਸ਼ਾਂ 'ਚ ਹੋ ਰਹੇ ਮਨੁੱਖੀ ਹੱਕਾਂ ਦੀ ਰਾਖੀ ਤੇ ਅਤੇ ਉਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਮਰੀਕਨ ਸੰਸਦ 'ਚ ਅਹਿਮ ਮੁੱਦੇ ਨੂੰ ਉਠਾਉਣਗੇ।

ਸਮਾਗਮ ਵਿੱਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਅਤੇ ਹੋਰਨਾਂ ਸਿੱਖਾਂ ਵੱਲੋਂ ਜੋ ਲੋਫ਼ਗ੍ਰੇਨ ਨਾਲ ਮੁਲਾਕਾਤ ਦੌਰਾਨ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਿਲਾਂ 'ਤੇ ਅਹਿਮ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਇਸ ਮੌਕੇ ਅਮਰੀਕੀ ਸਿੱਖਾਂ ਖਿਲਾਫ਼ ਹੋਰ ਰਹੀਆਂ ਹਿੰਸਕ ਵਾਰਦਾਤਾਂ ਖਿਲਾਫ਼ ਅਮਰੀਕੀ ਪ੍ਰਸ਼ਾਸ਼ਨ ਪਾਸ ਯੋਗ ਕਾਰਵਾਈ ਦੀ ਮੰਗ ਕੀਤੀ ।

ਅਮਰੀਕਨ ਸਿੱਖ ਕਾਕਸ ਕਮੇਟੀ ਦੇ ਬੁਲਾਰੇ ਹਰਪੀਤ ਸਿੰਘ ਸੰਧੂ ਨੇ ਜਦ ਇੰਗਲੈਂਡ ਦੇ ਜੰਮਪਲ ਜੁਗਰਾਜ ਸਿੰਘ ਜੱਗੀ ਦੀ ਨਾਜਾਇਜ਼ ਹਿਰਾਸਤ ਬਾਰੇ ਗੱਲ ਕਰਦਿਆਂ ਕਿਹਾ ਕਿ ਕਾਕਸ ਦੇ ਚੇਅਰਮੈਨ ਜਾਹਨ ਗਰਮੈਂਡੀ ਨੇ ਪਹਿਲਾਂ ਹੀ ਸਟੇਟ ਵਿਭਾਗ ਨਾਲ ਇਸ ਗੰਭੀਰ ਮਾਮਲੇ ਤੇ ਲਿਖਤੀ ਰਿਪੋਰਟ ਕੀਤੀ ਹੈ ਤਾਂ ਜੋ ਲੋਫਗਰੇਨ ਨੇ ਕਿਹਾ ਕਿ ਅਸੀਂ ਕਾਂਗਰਸ ਵਾਲੇ ਤੇ ਸੈਨੇਟਰ ਭਾਵੇਂ ਸਿੱਧੇ ਤੌਰ ਤੇ ਕਿਸੇ ਦੇਸ਼ ਨਾਲ ਟਕਰਾਓ ਵਿਚ ਨਹੀਂ ਪੈਂਦੇ ਬਲਕਿ ਸਟੇਟ ਵਿਭਾਗ ਰਾਹੀਂ ਸਾਰੇ ਕਾਰਜ ਹੁੰਦੇ ਹਨ ਪਰ ਫਿਰ ਵੀ ਤੁਸੀਂ ਸਿੱਧੇ ਮੇਰੇ ਨਾਲ ਵਾਸ਼ਿੰਗਟਨ ਮਿਲ ਕੇ ਇਸ ਬਾਰੇ ਗੱਲ ਕਰਿਓ, ਅਸੀਂ ਇਸ ਬਾਰੇ ਹੋਰ ਬਹੁਤ ਕੁਝ ਕਰ ਸਕਦੇ ਹਾਂ।

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਸ. ਪ੍ਰਿਤਪਾਲ ਸਿੰਘ ਅਤੇ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਕਮੇਟੀ ਦੇ ਮੁੱਖ ਬੁਲਾਰੇ ਸ. ਹਰਪ੍ਰੀਤ ਸਿੰਘ ਸੰਧੂ ਨੇ ਏਸ਼ੀਆ ਦੇ ਉਕਤ ਮੁਲਕਾਂ 'ਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਇਲਾਵਾ ਸਿੱਖ ਕਾਕਸ ਦੁਆਰਾ ਸਿੱਖਾਂ ਖਿਲਾਫ਼ ਹੋਈਆਂ ਹਿੰਸਕ ਘਟਨਾਵਾਂ ਵਿਰੁੱਧ ਆਪਣੀ ਗੱਲਬਾਤ ਲੋਡਗਰੇਨ ਸਾਹਮਣੇ ਰੱਖੀ। ਉਨਾਂ ਇਸ ਮੌਕੇ ਏਸ਼ੀਆਈ ਮੁਲਕਾਂ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਗਹਿਰੀ ਚਿੰਤਾ ਜਾਹਿਰ ਕੀਤੀ ਅਤੇ ਕਿਹਾ ਕਿ ਮਾਹੌਲ ਵਿਗਾੜਨ ਜਾਂ ਫ਼ਿਰ ਆਪਣੇ ਆਪ ਨੂੰ ਉਚਾ ਸਾਬਿਤ ਕਰਨ ਲਈ ਘੱਟ ਗਿਣਤੀਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਸ ਸਬੰਧੀ ਅਹਿਮ ਕਦਮ ਉਠਾਉਣਾ ਅਤਿ ਜਰੂਰੀ ਹੈ।

ਕਾਂਗਰਸ ਮੈਂਬਰ 'ਜੋ ਲੋਫ਼ਗ੍ਰੇਨ' ਨੇ ਭਰੋਸਾ ਜਾਹਿਰ ਕੀਤਾ ਕਿ ਉਹ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਏਸ਼ੀਆਈ ਮੁਲਕਾਂ 'ਚ ਘਾਣ ਬਾਰੇ ਹਮੇਸ਼ਾਂ ਅਵਾਜ਼ ਬੁਲੰਦ ਕਰਦਿਆਂ ਸਮੇਂ 'ਤੇ ਸਮੇਂ ਇਸ ਸਬੰਧੀ ਠੋਸ ਕਾਰਵਾਈ ਅਮਲ 'ਚ ਲਿਆ ਕੇ ਉਨਾਂ ਦੀ ਰਾਖੀ ਲਈ ਡੱਟਣਗੇ ਤਾਂ ਜੋ ਕੋਈ ਵੀ ਇਨਸਾਨ ਕਿਸੇ ਤਰਾਂ ਦੀ ਨਜਾਇਜ਼ ਹਿੰਸਾ ਦਾ ਸ਼ਿਕਾਰ ਨਾ ਹੋ ਸਕੇ।

ਉਨਾਂ ਕਿਹਾ ਕਿ ਅਮਰੀਕਾ ਦੀ ਤਰੱਕੀ ਤੇ ਉਨਤੀ 'ਚ ਘੱਟ ਗਿਣਤੀ ਕੌਮਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ, ਜਿਸ ਦੇ ਉਹ ਉਨ ਦੇ ਰਿਣੀ ਹਨ ਅਤੇ ਉਨਾਂ ਨੂੰ ਸੁਰੱਖਿਅਤ ਜੀਵਨ ਪ੍ਰਦਾਨ ਕਰਨ ਲਈ ਅਜਿਹੇ ਸਮਾਗਮਾਂ 'ਚ ਹਾਜ਼ਰੀ ਲਗਾ ਕੇ ਮਨੁੱਖੀ ਅਧਿਕਾਰਾਂ ਤੋਂ ਲੋਕਾਂ ਨੂੰ ਜਾਗਰੂਕ ਕਰਦੇ ਰਹਿਣਗੇ। ਉਨਾਂ ਨੇ ਸਥਾਨਕ ਸਿੱਖ ਆਗੂਆਂ ਵੱਲੋਂ ਕੀਤੇ ਸਵਾਗਤ ਦਾ ਧੰਨਵਾਦ ਕੀਤਾ।

ਮਨੁੱਖੀ ਅਧਿਕਾਰਾਂ ਦੇ ਇਸ ਵਿਸ਼ੇਸ ਸਮਾਗਮ ਨੂੰ ਕਾਮਯਾਬ ਕਰਨ ਵਿਚ ਨੌਜਵਾਨਾਂ ਦਾ ਖਾਸ ਯੋਗਦਾਨ ਰਿਹਾ। ਜਿਨਾਂ ਇਸਦੀ ਰੂਪਰੇਖਾ ਤਿਆਰ ਕਰ ਵਿਚ ਵੀ ਹਿੱਸਾ ਪਾਇਆ। ਬੀਬੀ ਪੁਨੀਤ ਕੌਰ ਤੇ ਬੀਬੀ ਗੁਰਬਖਸ਼ ਕੌਰ ਨੇ ਕਾਂਗਰਸ ਵੋਮੈਨ ਨੂੰ ਮਨੁੱਖੀ ਅਧਿਕਾਰਾਂ ਨਾਲ ਸੰਬਧਿਤ ਸੁਆਲ ਵੀ ਪੁੱਛੇ, ਜਿਸਦੇ ਸ਼ਾਨਦਾਰ ਜਵਾਬ ਵੀ ਕਾਂਗਰਸ ਵੋਮੈਨ ਨੇ ਦਿੱਤਾ।



# ਟਾਈਟਲਰ ਖ਼ਿਲਾਫ਼ ਗਵਾਹੀ ਲਈ ਦੋ ਅਮਰੀਕੀ ਸਿੱਖ ਮੈਦਾਨ 'ਚ ਨਿੱਤਰੇ

**ਨਵੀਂ ਦਿੱਲੀ/ਬਿਊਰੋ ਨਿਊਜ਼:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦਸਿਆ ਕਿ ਅਮਰੀਕਾ ਰਹਿੰਦੇ ਦੋ ਸਿੱਖ ਜਸਬੀਰ ਸਿੰਘ ਤੇ ਰੇਸ਼ਮ ਸਿੰਘ, ਨਵੰਬਰ 1984 ਸਿੱਖ ਕਤਲੇਆਮ ਕੇਸਾਂ 'ਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਗਵਾਹੀ ਦੇਣਾ ਚਾਹੁੰਦੇ ਹਨ। ਉਨ੍ਹਾਂ ਇਸ ਸਬੰਧੀ ਹਲਫ਼ੀਆ ਬਿਆਨ ਵੀ ਦਾਇਰ ਕੀਤਾ ਹੈ। ਫੈਡਰੇਸ਼ਨ ਮੁਖੀ ਨੇ ਸੀਬੀਆਈ ਤੇ ਵਿਸ਼ੇਸ਼ ਜਾਂਚ ਟੀਮ ਨੂੰ ਦੋਵਾਂ ਗਵਾਹਾਂ ਦੇ ਬਿਆਨ ਕਲਮਬੰਦ ਕੀਤੇ ਜਾਣ ਦੀ ਮੰਗ ਕੀਤੀ ਹੈ। ਇਥੇ ਕਾਂਸਟੀਚਿਊਸ਼ਨ ਕਲੱਬ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪੀਰਮੁਹੰਮਦ ਨੇ ਕਿਹਾ ਕਿ ਰੇਸ਼ਮ ਸਿੰਘ ਨਾਂ ਦਾ ਵਿਅਕਤੀ ਟਾਈਟਲਰ ਖ਼ਿਲਾਫ਼ ਧਾਰਾ 164 ਤਹਿਤ ਗਵਾਹੀ ਦੇਣ ਲਈ ਤਿਆਰ ਹੈ। ਰੇਸ਼ਮ ਸਿੰਘ ਰੋਡੇ (ਜ਼ਿਲ੍ਹਾ ਮੋਗਾ) ਪਿੰਡ ਦਾ ਮੂਲ ਵਾਸੀ ਹੈ ਤੇ ਅੱਜਕੱਲ੍ਹ ਅਮਰੀਕਾ ਰਹਿੰਦਾ ਹੈ। ਇਸੇ ਤਰ੍ਹਾਂ ਜਾਨ ਦਾ ਖ਼ੌਫ਼ ਹੋਣ ਦੇ ਬਾਵਜੂਦ ਕੈਲੇਫੋਰਨੀਆ ਰਹਿੰਦਾ ਜਸਵੀਰ ਸਿੰਘ ਭਾਰਤ ਆ ਕੇ ਟਾਈਟਲਰ ਖ਼ਿਲਾਫ਼ ਗਵਾਹੀ ਦੇਣ ਲਈ ਤਿਆਰ ਹੈ। ਰੇਸ਼ਮ ਸਿੰਘ ਨੇ 1 ਨਵੰਬਰ, 1984 ਨੂੰ ਗੁਰਦੁਆਰਾ ਪੁਲ ਬੰਗਸ਼ ਵਿਖੇ ਟਾਈਟਲਰ ਨੂੰ ਭੜਕੀ ਭੀੜ ਦੀ ਅਗਵਾਈ ਕਰਦੇ ਅਤੇ 'ਖ਼ੂਨ ਦਾ ਬਦਲਾ ਖ਼ੂਨ' ਦੇ ਨਾਅਰੇ ਲਾਉਂਦਿਆਂ ਦੇਖਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਾਢੇ ਤਿੰਨ ਸਾਲ ਬੀਤਣ ਦੇ ਬਾਵਜੂਦ ਮੋਦੀ ਸਰਕਾਰ ਵੱਲੋਂ ਗਠਿਤ ਸਿੱਟ ਤੇ ਸੀਬੀਆਈ ਨੇ ਗਵਾਹਾਂ ਤੱਕ ਪਹੁੰਚ ਨਹੀਂ ਕੀਤੀ। ਉਨ੍ਹਾਂ ਕਾਂਗਰਸ ਨਵਨਿਯੁਕਤ ਪ੍ਰਧਾਨ ਰਾਹੁਲ ਗਾਂਧੀ ਨੂੰ ਬੇਨਤੀ ਕੀਤੀ ਕਿ ਜਗਦੀਸ਼ ਟਾਈਟਲਰ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਾਹ ਦਿਖਾਇਆ ਜਾਵੇ। ਇਸ ਮੌਕੇ 1984 ਸਿੱਖ ਕਤਲੇਆਮ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ, ਜਸਵੀਰ ਸਿੰਘ ਦੇ ਪਿਤਾ ਸੱਤੂ ਸਿੰਘ ਤੇ ਮਾਤਾ ਇੰਦਰ ਕੌਰ, ਸ਼ਹੀਦ ਕੇਹਰ ਸਿੰਘ ਦੇ ਪੁੱਤਰ ਰਜਿੰਦਰ ਸਿੰਘ, ਭਗਤ ਸਿੰਘ, ਨਰਿੰਦਰ ਸਿੰਘ ਤੇ ਅਮਨਦੀਪ ਕੌਰ ਮਜੀਠਾ ਹਾਜ਼ਰ ਸਨ।



ਸੀਨੀਅਰ ਵਕੀਲ ਤੇ ਆਪ' ਵਿਧਾਇਕ ਐਚ.ਐਸ. ਫੂਲਕਾ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ 2004 ਵਿੱਚ ਪਾਏ ਮਾਣਹਾਨੀ ਕੇਸ ਦੀਆਂ ਗਵਾਹੀਆਂ 16 ਦਸੰਬਰ ਤੋਂ ਸ਼ੁਰੂ ਹੋ ਗਈਆਂ। ਸ੍ਰੀ ਫ਼ੂਲਕਾ ਨੇ ਦੱਸਿਆ ਕਿ ਲੁਧਿਆਣਾ ਵਿੱਚ ਦਾਇਰ ਕਰਵਾਏ ਗਏ ਮਾਣਹਾਨੀ ਕੇਸ ਵਿੱਚ ਗਵਾਹੀਆਂ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਵਿੱਚ ਹੋਣਗੀਆਂ। ਯਾਦ ਰਹੇ ਕਿ ਇੱਕ ਨਿੱਜੀ ਟੀਵੀ ਚੈਨਲ 'ਤੇ ਚਰਚਾ ਦੌਰਾਨ ਟਾਈਟਲਰ ਨੇ ਸ੍ਰੀ ਫੂਲਕਾ ਨੂੰ ਕਥਿਤ ਧਮਕੀ ਦਿੱਤੀ ਸੀ। ਲੁਧਿਆਣਾ ਵਿੱਚ ਕੇਸ ਦਰਜ ਹੋਣ ਮਗਰੋਂ ਟਾਈਟਲਰ ਸੁਪਰੀਮ ਕੋਰਟ ਤੋਂ ਇਹ ਕੇਸ ਦਿੱਲੀ ਤਬਦੀਲ ਕਰਵਾਉਣ ਵਿੱਚ ਸਫ਼ਲ ਰਹੇ ਸਨ।

## ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਬਣੇਗੀ ਦਸਤਾਵੇਜੀ ਫ਼ਿਲਮ

**ਸਿਆਟਲ/ਹਰਮਨਪ੍ਰੀਤ ਸਿੰਘ):** ਅਮਰੀਕਾ ਦੇ ਦੋ ਪ੍ਰਸਿੱਧ ਟੀ.ਵੀ. ਚੈਨਲ ਸੀ. ਐਨ. ਐਨ. ਅਤੇ ਫੌਕਸ ਨਿਊਜ਼ ਅਤੇ ਏ. ਕੇ. ਪੀ. ਡੀ. ਕੰਪਨੀ ਵਲੋਂ ਪਿਛਲੇ ਸਮੇਂ ਦੌਰਾਨ ਸਿੱਖਾਂ ਦੀ ਪਛਾਣ ਨੂੰ ਲੈ ਕੇ ਬਣਾਈ ਡਾਕੂਮੈਂਟਰੀ ਚੱਲਣ ਨਾਲ




ਅਮਰੀਕਾ ਦੇ 59 ਫ਼ੀਸਦੀ ਲੋਕਾਂ ਨੂੰ ਸਿੱਖਾਂ ਬਾਰੇ ਪਤਾ ਲੱਗਾ ਤੇ ਉਨ੍ਹਾਂ ਦਾ ਭੁਲੇਖਾ ਦੂਰ ਹੋਇਆ ਹੈ । ਇਸ ਡਾਕੂਮੈਂਟਰੀ ਦੇ ਚੱਲਣ ਤੋਂ ਪਹਿਲਾਂ ਅਮਰੀਕਾ ਦੇ ਸਿਰਫ਼ 11 ਫ਼ੀਸਦੀ ਲੋਕਾਂ ਨੂੰ ਹੀ ਸਿੱਖਾਂ ਬਾਰੇ ਪਤਾ ਸੀ । ਦਸਿਆ ਗਿਆ ਹੈ ਕਿ ਹੁਣ ਸੰਸਥਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇਕ 30 ਮਿੰਟ ਦੀ ਡਾਕੂਮੈਂਟਰੀ ਫ਼ਿਲਮ ਤਿਆਰ ਹੋ ਰਹੀ ਹੈ, ਜਿਸ ਵਿਚ ਇਹ ਦੱਸਿਆ ਜਾਵੇਗਾ ਕਿ ਸਿੱਖ ਧਰਮ ਬਾਕੀ ਧਰਮਾਂ ਤੋਂ ਅਲੱਗ ਕਿਉਂ ਹੈ ਅਤੇ ਇਹ ਫ਼ਿਲਮ ਸਰਬ ਸਾਂਝੀਵਾਲਤਾ ਦਾ ਸੁਨੇਹਾ ਦੇਵੇਗੀ । ਇਸ ਫ਼ਿਲਮ ਨੂੰ ਪ੍ਰਸਿੱਧ ਨਿਰਦੇਸ਼ਕ ਮੈਡਮ ਸਕਰੈਲ ਨਿਰਦੇਸ਼ਤ ਕਰੇਗੀ ਤੇ ਇਹ ਫ਼ਿਲਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਭਾਵ 2019 ਵਿਚ ਰਿਲੀਜ਼ ਹੋਵੇਗੀ । ਇਸ 'ਤੇ ਲਗਪਗ 5 ਲੱਖ ਡਾਲਰ ਖ਼ਰਚ ਆਵੇਗਾ । ਸੰਸਥਾ ਦੇ ਆਗੂਆਂ ਨੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਨੈਸ਼ਨਲ ਸਿੱਖ ਕੰਪੇਨ' ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।

## ਪੰਜਾਬ 'ਚ ਨਕਸਲਵਾੜੀਆਂ, ਸਿੱਖ ਖਾੜਕੂਆਂ ਤੋਂ ਬਾਅਦ ਹੁਣ ਗੈਂਗਸਟਰਾਂ ਦੇ ਬਹਾਨੇ ਸਿੱਖ ਨਸਲਕੁਸ਼ੀ ਦਾ ਦੌਰ ਸ਼ੁਰੂ-ਡੱਲੇਵਾਲ

**ਲੰਡਨ/ਬਿਊਰੋ ਨਿਊਜ਼:** ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਪੰਜਾਬ ਵਿੱਚ ਗੈਂਗਸਟਰਾਂ ਦੇ ਮੁਕਾਬਲੇ ਨੂੰ ਝੂਠੇ ਪੁਲਿਸ ਮੁਕਾਬਲਾ ਕਰਾਰ ਦਿੱਤਾ ਗਿਆ ਹੈ ਜਿਸ ਵਿੱਚ ਦੋ ਨੌਜਵਾਨਾਂ ਨੂੰ ਖਤਮ ਕੀਤਾ ਗਿਆ ਅਤੇ ਇੱਕ ਨੌਜਵਾਨ ਨੂੰ ਗੋਲੀ ਮਾਰ ਕੇ ਜਖਮੀਂ ਕਰ ਦਿੱਤਾ ਗਿਆ । ਦਲ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਇਸ ਵਰਤਾਰੇ ਨੂੰ ਸਿੱਖ ਨਸਲਕੁਸ਼ੀ ਦਾ ਨਵਾਂ ਰੂਪ ਕਰਾਰ ਦਿੱਤਾ ਗਿਆ ਹੈ । ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਅੱਠਵੇਂ ਦਹਾਕੇ ਦੌਰਾਨ ਕਾਲੀ ਦਲ ਦਾਪ੍ਰਕਾਸ਼ ਬਾਦਲ ਪੰਜਾਬ ਦਾ ਮੁੱਖ ਮੰਤਰੀ ਸੀ ।ਜਿਸ ਦੇ ਰਾਜ ਕਾਲ ਦੌਰਾਨ ਨਕਸਲਬਾੜੀ ਇਨਕਲਾਬੀ ਲਹਿਰ ਵਿੱਚ ਸ਼ਾਮਲ ਪੰਜਾਬ ਦੇ ਦੋ ਸੌ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਅਧੀਨ ਸ਼ਹੀਦ ਕੀਤਾ ਗਿਆ ।
ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਭਾਈ ਡੱਲੇਵਾਲ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨਾਂ ਦਾ ਸਬੰਧ ਸਿੱਖ ਘਰਾਣਿਆਂ ਨਾਲ ਹੀ ਸੀ । ਪ੍ਰਕਾਸ਼ ਬਾਦਲ ਦੀ ਤੱਤਕਾਲੀ ਸਰਕਾਰ ਦੇ ਹੁਕਮ ਨਾਲ ਪੰਜਾਬ ਪੁਲਿਸ ਵਲੋਂ ਦੱਬੇ ਕੁਚਲੇ ਲੋਕਾਂ ਨੂੰ ਹੱਕ ਦਿਵਾਉਣ, ਗਰੀਬ ਅਤੇ ਅਮੀਰ ਵਿੱਚ ਫਰਕ ਘੱਟ ਕਰਨ ਅਤੇ ਕਿਰਤੀਆਂ ਦੀ ਹੋ ਰਹੀ ਭਾਰੀ ਲੁੱਟ ਨੂੰ ਰੋਕਣ ਵਰਗੇ ਟੀਚੇ ਅਧੀਨ ਲਾਮਬੰਦ ਪੰਜਾਬ ਦੇ ਨੌਜਵਾਨਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਭਾਰੀ ਤਸ਼ੱਦਦ ਕੀਤੇ ਅਤੇ ਉਹਨਾਂ ਦੇ

ਬਾਕੀ ਸਫ਼ਾ 30 'ਤੇ




## ਸਾਬਤ ਸੂਰਤ ਸਿੱਖ ਅਤਪ੍ਰੀਤਇੰਦਰ ਸਿੰਘ ਦੇ ਅਮਰੀਕੀ ਫ਼ੌਜ 'ਚ ਸਾਰਜੈਂਟ ਬਣਨ ਉੱਤੇ ਖੁਸ਼ ਨੇ ਪਿੰਡ ਦੇ ਲੋਕ

**ਬਨੂੜ/ਬਿਊਰੋ ਨਿਊਜ਼:** ਸਾਬਤ ਸੂਰਤ ਸਿੱਖ ਅਤਪ੍ਰੀਤਇੰਦਰ ਸਿੰਘ ਨੂੰ ਅਮਰੀਕੀ ਫ਼ੌਜ 'ਚ ਸਾਰਜੈਂਟ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹ ਵਾਸ਼ਿੰਗਟਨ ਵਿੱਚ ਸੇਵਾਵਾਂ ਨਿਭਾਏਗਾ। ਪਿੱਛੋਂ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਕਸਬਾ ਬਨੂੜ ਦੇ ਜੰਮ ਪਲ ਸਤਿੰਦਰ ਸਿੰਘ ਪ੍ਰਿੰਸ ਦੇ ਪੁੱਤਰ ਅਤਪ੍ਰੀਤਇੰਦਰ ਸਿੰਘ ਦੀ ਅਮਰੀਕੀ ਫੌਜ ਵਿੱਚ ਸਾਰਜੈਂਟ ਵਜੋਂ ਨਿਯੁਕਤੀ ਤੋਂ ਉਨ੍ਹਾਂ ਦੇ ਮੁਹੱਲਾ ਆਹਲੂਵਾਲੀਆ ਦੇ ਲੋਕਾਂ ਵਲੋਂ  ਖੁਸ਼ੀ ਵਿੱਚ ਜਸ਼ਨ ਮਨਾਏ



ਜਾਣ ਦੀਆਂ ਖ਼ਬਰਾਂ ਹਨ। ਪੂਰੇ ਬੂੜ ਸ਼ਹਿਰ ਵਿੱਚ ਖੁਸ਼ੀ ਦਾ ਮਾਹੌਲ ਹੈ ਅਤੇ ਉਸ ਦੇ ਮਾਪਿਆਂ ਨੂੰ ਵਧਾਈਆਂ ਮਿਲ ਰਹੀਆਂ ਹਨ।

ਅਤਪ੍ਰੀਤਇੰਦਰ ਸਿੰਘ ਨਵੰਬਰ 2007 ਵਿੱਚ ਬਨੂੜ ਤੋਂ ਬਾਰ੍ਹਵੀਂ ਪਾਸ ਕਰਕੇ ਅਗਲੀ ਪੜ੍ਹਾਈ ਲਈ ਅਮਰੀਕਾ ਆ ਗਿਆ ਸੀ। ਪਿਟਸਬਰਗ ਯੂਨੀਵਰਸਿਟੀ ਵਿੱਚੋਂ ਅਕਾਊਂਟਿੰਗ ਦੀ ਡਿਗਰੀ ਕਰਨ ਬਾਅਦ ਉਸ ਨੇ ਇੰਟੈਲੀਜੈਂਸੀ ਆਨ ਹਿਊਮਨ ਸੋਰਸਿਜ਼ ਵਿਸ਼ੇ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਸਾਬਤ ਸੂਰਤ ਅਤਪ੍ਰੀਤਇੰਦਰ ਨੇ ਅਮਰੀਕੀ ਫ਼ੌਜ ਵਿੱਚ ਜਾਣ ਲਈ ਸਰੀਰਕ ਪ੍ਰੀਖਿਆ ਪਾਸ ਕਰਨ ਬਾਅਦ ਲਿਖਤੀ ਪ੍ਰੀਖਿਆ ਅੱਵਲ ਦਰਜੇ 'ਚ ਪਾਸ ਕੀਤੀ। ਉਨ੍ਹਾਂ ਨੇ ਅਮਰੀਕਾ ਦੇ ਸ਼ਹਿਰ ਮਜ਼ੂਰੀ 'ਚ ਫ਼ੌਜੀ ਸੇਵਾਵਾਂ ਲਈ ਛੇ ਮਹੀਨੇ ਦੀ ਸਿਖਲਾਈ ਲਈ।

ਅਤਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਬਨੂੜ ਤੋਂ ਆਉਣ ਸਮੇਂ ਉਹ ਇਹ ਗੱਲ ਧਾਰ ਕੇ ਆਇਆ ਸੀ ਕਿ ਉਹ ਸਿੱਖੀ ਸਰੂਪ ਵਿੱਚ ਰਹਿੰਦਾ ਹੋਇਆ ਅਮਰੀਕੀ ਫ਼ੌਜ ਵਿੱਚ ਜਾਵੇਗਾ। ਉਸ ਨੇ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਦਿਨ ਰਾਤ ਮਿਹਨਤ ਕੀਤੀ ਤੇ ਅੱਜ ਆਪਣੇ ਮੁਕਾਮ 'ਤੇ ਪੁੱਜ ਗਿਆ ਹੈ। ਅਤਪ੍ਰੀਤਇੰਦਰ ਨੇ ਦੱਸਿਆ ਕਿ ਉਸ ਦਾ ਅਗਲਾ ਨਿਸ਼ਾਨਾ ਅਮਰੀਕੀ ਫ਼ੌਜ ਵਿੱਚ ਉੱਚ ਅਹੁਦੇ ਉੱਤੇ ਪੁੱਜਣਾ ਹੈ। ਉਸਦੇ ਪਿਤਾ ਸਤਿੰਦਰ ਸਿੰਘ ਪ੍ਰਿੰਸ ਅਤੇ ਮਾਤਾ ਤੇਜਵੰਤ ਕੌਰ ਨੇ ਆਪਣੇ ਪੁੱਤਰ ਦੀ ਪ੍ਰਾਪਤੀ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਅਤਪ੍ਰੀਤਇੰਦਰ ਸਿੰਘ 'ਤੇ ਵੱਡਾ ਮਾਣ ਹੈ ਅਤੇ ਉਨ੍ਹਾਂ ਦੇ ਪੁੱਤਰ ਦੀ ਮਿਹਨਤ ਰੰਗ ਲਿਆਈ ਹੈ।

# ਪਸ਼ਤੂਨ ਸਿੱਖਾਂ ਨੂੰ ਜਬਰੀ ਬਣਾਇਆ ਜਾ ਰਿਹੈ ਮੁਸਲਮਾਨ

**ਪਿਸ਼ਾਵਰ/ਬਿਊਰੋ ਨਿਊਜ਼:**
ਪਾਕਿਸਤਾਨ ਦੇ ਜ਼ਿਲ੍ਹਾ ਹੰਗੂ ਦੇ ਖੈਬਰ ਪਖਤੂਨਖਵਾ ਪ੍ਰਾਂਤ ਦੇ ਸਿੱਖਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੂੰ ਇੱਕ ਸਰਕਾਰੀ ਅਧਿਕਾਰੀ ਵੱਲੋਂ ਇਸਲਾਮ ਧਾਰਨ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ। ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਸਿੱਖਾਂ ਨੇ ਡਿਪਟੀ ਕਮਿਸ਼ਨਰ ਸ਼ਾਹਿਦ ਮਹਿਮੂਦ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਵਿੱਚ ਫਰੀਦ ਚੰਦ ਸਿੰਘ ਨੇ ਦੱਸਿਆ ਕਿ ਸਿੱਖ ਇਸ ਇਲਾਕੇ ਵਿੱਚ 1901 ਤੋਂ ਰਹਿ ਰਹੇ ਹਨ ਤੇ ਉਨ੍ਹਾਂ ਨੂੰ ਕਿਸੇ ਵੱਲੋਂ ਵੀ ਠੇਸ ਨਹੀਂ ਪਹੁੰਚਾਈ ਗਈ। ਉਨ੍ਹਾਂ ਐਕਸਪ੍ਰੈਸ ਟ੍ਰਿਬਿਊਨ ਨੂੰ ਦੱਸਿਆ, ਜੇਕਰ ਕਿਸੇ ਆਮ ਵਿਅਕਤੀ ਨੇ ਇਹ ਗੱਲ ਆਖੀ ਹੁੰਦੀ ਤਾਂ ਇਹ ਇੰਨਾ ਅਪਮਾਨਜਨਕ ਨਾ ਲੱਗਦਾ, ਪਰ ਜਦੋਂ ਕੋਈ ਸਰਕਾਰੀ ਅਧਿਕਾਰੀ ਅਜਿਹੀ ਗੱਲ ਆਖਦਾ ਹੈ ਤਾਂ ਇਹ ਗੱਲ ਗੰਭੀਰ ਬਣ ਜਾਂਦੀ ਹੈ।" ਉਨ੍ਹਾਂ ਸ਼ਿਕਾਇਤ 'ਚ ਦੋਸ਼ ਲਾਇਆ, "ਸਾਨੂੰ, ਦੋਆਬਾ ਇਲਾਕੇ ਦੇ ਵਸਨੀਕਾਂ ਨੂੰ ਧਾਰਮਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।" ਡਿਪਟੀ ਕਮਿਸ਼ਨਰ ਸ੍ਰੀ ਮਹਿਮੂਦ ਨੇ ਕਿਹਾ ਕਿ ਅਸਿਸਟੈਂਟ ਕਮਿਸ਼ਨਰ ਨਾਲ ਗੱਲਬਾਤ ਦੌਰਾਨ ਸਿੱਖਾਂ ਨੂੰ ਠੇਸ ਪੁੱਜੀ ਹੈ, ਜਦਕਿ ਉਨ੍ਹਾਂ ਦਾ ਅਜਿਹਾ ਕਰਨ ਦਾ ਕੋਈ ਮਕਸਦ ਨਹੀਂ ਸੀ। ਕਿਸੇ ਨੂੰ ਜਬਰੀ ਇਸਲਾਮ ਧਾਰਨ ਕਰਨ ਲਈ ਆਖਣ ਦਾ ਕੋਈ ਮੁੱਦਾ ਨਹੀਂ ਹੈ ਬਲਕਿ ਪ੍ਰਸ਼ਾਸਨ ਵੱਲੋਂ ਧਾਰਮਿਕ ਆਜ਼ਾਦੀ ਯਕੀਨੀ ਬਣਾਈ ਜਾ ਰਹੀ ਹੈ।

### ਕੈਪਟਨ ਨੇ ਸੁਸ਼ਮਾ ਸਵਰਾਜ ਕੋਲ ਚੁੱਕਿਆ ਮੁੱਦਾ

ਮੁੱਖ ਮੰਤਰੀ ਕੈਪਟਨ  ਅਮਰਿੰਦਰ ਸਿੰਘ ਨੇ ਟਵਿਟਰ 'ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਇਹ ਮਾਮਲਾ ਪਾਕਿਸਤਾਨੀ ਅਧਿਕਾਰੀਆਂ ਕੋਲ ਚੁੱਕਣ ਲਈ ਬੇਨਤੀ ਕੀਤੀ ਹੈ। ਜੁਆਬ ਵਜੋਂ ਸ੍ਰੀਮਤੀ ਸਵਰਾਜ ਨੇ ਕਿਹਾ ਕਿ ਇਹ ਮਾਮਲਾ ਉੱਚ ਪੱਧਰ 'ਤੇ ਪਾਕਿਸਤਾਨੀ ਸਰਕਾਰ ਕੋਲ ਚੁੱਕਣ ਦਾ ਭਰੋਸਾ ਦਿਵਾਇਆ ਹੈ।

## ਖ਼ੈਬਰ ਸੂਬੇ 'ਚ ਸਿੱਖਾਂ ਨੂੰ ਧਰਮ ਪਰਿਵਰਤਨ ਵਾਸਤੇ ਮਜਬੂਰ ਕਰਨ ਵਾਲਾ ਸਹਾਇਕ ਕਮਿਸ਼ਨਰ ਮੁਅੱਤਲ

**ਅੰਮ੍ਰਿਤਸਰ/ਬਿਊਰੋ ਨਿਊਜ਼:** ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਜ਼ਿਲ੍ਹਾ ਹੰਗੂ ਦੀ ਤਹਿਸੀਲ ਥਾਲ ਦੇ ਕਸਬਾ ਦੁਆਬਾ ਦੇ ਸਿੱਖ ਦੁਕਾਨਦਾਰਾਂ ਨੂੰ ਧਰਮ ਪਰਿਵਰਤਨ ਕਰਕੇ ਮੁਸਲਮਾਨ ਬਣਨ ਲਈ ਮਜ਼ਬੂਰ ਕਰਨ ਵਾਲੇ ਜ਼ਿਲ੍ਹਾ ਹੰਗੂ ਦੇ ਸਹਾਇਕ ਕਮਿਸ਼ਨਰ ਨੂੰ ਲੰਘੇ ਸੋਮਵਾਰ ਦੇਰ ਸ਼ਾਮ ਲਏ ਗਏ ਫ਼ੈਸਲੇ ਦੌਰਾਨ ਮੁਅੱਤਲ ਕਰ ਦਿੱਤਾ ਗਿਆ ਹੈ । ਹੰਗੂ ਤੋਂ ਇਹ ਜਾਣਕਾਰੀ ਦਿੰਦਿਆਂ ਮੰਤਰੀ ਘੱਟ-ਗਿਣਤੀ ਅਸਥਾਈ ਯੂਥ ਅਸੈਂਬਲੀ ਬਾਬਾ ਗੁਰਪਾਲ ਸਿੰਘ ਨੇ ਦੱਸਿਆ ਕਿ ਪਾਕਿ ਦੇ ਸੰਘ ਸ਼ਾਸਿਤ ਕਬਾਇਲੀ ਇਲਾਕੇ (ਫਾਟਾ) ਦੇ ਦੁਆਬਾ ਕਸਬੇ ਦੀ ਮਾਰਕੀਟ 'ਚ ਖਾਣ-ਪੀਣ ਦੀਆਂ ਵਸਤਾਂ ਦਾ ਵਪਾਰ ਕਰਨ ਵਾਲੇ 6-7 ਸਿੱਖ ਦੁਕਾਨਦਾਰਾਂ ਨੂੰ ਸ਼ੁੱਕਰਵਾਰ ਥਾਲ ਦੇ ਸਹਾਇਕ ਕਮਿਸ਼ਨਰ ਯਾਕੂਬ ਖ਼ਾਂ ਨੇ ਧਰਮ ਪਰਿਵਰਤਨ ਕਰਕੇ ਇਸਲਾਮ ਕਬੂਲ ਕਰਨ ਲਈ ਧਮਕਾਇਆ ਸੀ । ਇਸ ਦੇ ਨਾਲ ਹੀ ਉਸ ਨੇ ਉਕਤ ਮਾਰਕੀਟ ਦੇ ਬਹੁ-ਗਿਣਤੀ ਮੁਸਲਿਮ ਦੁਕਾਨਦਾਰਾਂ ਨੂੰ ਵਰਗਲਾਉਂਦਿਆਂ ਸਿੱਖ ਦੁਕਾਨਦਾਰਾਂ ਨੂੰ ਮੁਸਲਮਾਨ ਬਣਾਏ ਜਾਣ ਲਈ ਵੀ ਕਿਹਾ ਸੀ ।  ਉਕਤ ਮਾਮਲੇ ਦੇ ਸਬੰਧ 'ਚ ਬੀਤੇ ਦਿਨੀਂ ਡਿਪਟੀ ਕਮਿਸ਼ਨਰ ਹੰਗੂ ਦੇ ਦਫ਼ਤਰ 'ਚ ਹੋਈ ਸਾਂਝੀ ਬੈਠਕ ਦੇ ਚਲਦਿਆਂ ਸੂਬਾ ਖ਼ੈਬਰ ਪਖਤੂਨਖਵਾ ਦੇ ਮੁੱਖ ਸਕੱਤਰ ਦੁਆਰਾ, ਜਾਰੀ ਹਦਾਇਤਾਂ ਅਨੁਸਾਰ ਦੋਸ਼ੀ ਪ੍ਰਸ਼ਾਸਨਿਕ ਅਧਿਕਾਰੀ ਯਾਕੂਬ ਖ਼ਾਂ ਨੂੰ ਮੁਅੱਤਲ ਕਰਦਿਆਂ ਬੈਠਕ 'ਚ ਸ਼ਾਮਿਲ ਸੂਬੇ ਦੇ ਹਿੰਦੂ ਸਿੱਖ ਅਧਿਕਾਰੀਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਅਗਾਂਹ ਸੂਬੇ ਵਿਚ ਅਜਿਹੀ ਕੋਈ ਕਾਰਵਾਈ ਨਹੀਂ ਹੋਵੇਗੀ, ਜਿਸ ਨਾਲ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਿਸੇ ਪ੍ਰਕਾਰ ਦੀ ਠੇਸ ਪਹੁੰਚੇ । ਬੈਠਕ ਦੌਰਾਨ ਉੱਚ ਅਧਿਕਾਰੀਆਂ ਦੇ ਹੁਕਮ ਅਨੁਸਾਰ ਯਾਕੂਬ ਖ਼ਾਂ ਨੇ ਪੀੜਤ ਸਿੱਖ ਭਾਈਚਾਰੇ ਦੇ ਲੋਕਾਂ ਪਾਸੋਂ ਮੁਆਫ਼ੀ ਵੀ ਮੰਗੀ । ਜਿਸ 'ਤੇ ਸਿੱਖ ਭਾਈਚਾਰੇ ਨੇ ਸਰਬਸੰਮਤੀ ਨਾਲ ਵਿਚਾਰ ਕਰਕੇ ਉਕਤ ਅਫ਼ਸਰ ਨੂੰ ਮੁਆਫ਼ ਕਰ ਦਿੱਤਾ । ਫਰੀਦ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾ ਫਾਟਾ 'ਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਦੇ ਮਜ਼ਬੂਰ ਨਹੀਂ ਕੀਤਾ ਗਿਆ ਅਤੇ ਨਾ ਹੀ ਕਦੇ ਬਹੁ-ਗਿਣਤੀ ਮੁਸਲਿਮ ਭਾਈਚਾਰੇ ਨੂੰ ਉਨ੍ਹਾਂ ਵਿਰੁੱਧ ਅਜਿਹੀ ਕਾਰਵਾਈ ਕਰਨ ਲਈ ਉਕਸਾਇਆ ਹੀ ਗਿਆ । ਹੰਗੂ ਦੇ ਡਿਪਟੀ ਕਮਿਸ਼ਨਰ ਨੇ ਬਾਬਾ ਗੁਰਪਾਲ ਸਿੰਘ ਦੀ ਮਾਰਫ਼ਤ 'ਅਜੀਤ' ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਭਰੋਸਾ ਦਿੱਤਾ ਕਿ ਭਵਿੱਖ ਵਿਚ ਜ਼ਿਲ੍ਹੇ 'ਚ ਧਾਰਮਿਕ ਹੱਕਾਂ ਸਮੇਤ ਸਿੱਖ ਭਾਈਚਾਰੇ ਦੇ ਲੋਕਾਂ ਦੇ ਅਧਿਕਾਰਾਂ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਅਗਾਂਹ ਅਜਿਹੀ ਘਟਨਾ ਦੁਬਾਰਾ ਨਾ ਹੋਵੇ । ਬੈਠਕ ਵਿਚ ਡਿਪਟੀ ਕਮਿਸ਼ਨਰ ਹੰਗੂ, ਡੀ. ਪੀ. ਓ, ਏ. ਡੀ. ਸੀ, ਏ. ਏ. ਸੀ-1 ਹੰਗੂ, ਜ਼ਿਲ੍ਹਾ ਤੇ ਤਹਿਸੀਲ ਨਾਜ਼ਿਮ ਹੰਗੂ ਤੇ ਥਾਲ, ਪੰਡਤ ਅਸ਼ੋਕ ਨੰਨ੍ਹਾ, ਕਾਸਲਰ ਫ਼ਰੀਦ ਚੰਨ ਸਿੰਘ ਆਦਿ ਵੀ ਸ਼ਾਮਿਲ ਸਨ ।



ਸਿੱਖ ਭਾਈਚਾਰੇ ਦੇ ਲੋਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਬੈਠਕ ਕਰਦੇ ਹੋਏ ਡਿਪਟੀ ਕਮਿਸ਼ਨਰ ਹੰਗੂ।










## ਸਿਹਤ ਸੰਭਾਲ ਧੋਖਾਧੜੀ ਦੇ ਦੋਸ਼ ਵਿਚ ਭਾਰਤੀ-ਅਮਰੀਕੀ ਡਾਕਟਰ ਗ੍ਰਿਫ਼ਤਾਰ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੇ ਨੇਵਾਡਾ 'ਚ ਭਾਰਤੀ ਮੂਲ ਦੇ ਇਕ ਕਾਰਡੀਆਲੋਜਿਸਟ ਮਾਹਿਰ ਨੂੰ ਨਸ਼ੀਲੀਆਂ ਦਵਾਈਆਂ ਗ਼ੈਰ-ਕਾਨੂੰਨੀ ਢੰਗ ਨਾਲ ਵੇਚਣ ਤੇ ਸਿਹਤ ਸੰਭਾਲ ਦੇ ਖੇਤਰ 'ਚ ਧੋਖਾਧੜੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀ ਡਾ. ਦੇਵੇਂਦਰਾ ਪਟੇਲ ਨੇਵਾਦਾ ਦੇ ਰੇਨੋ ਸ਼ਹਿਰ ਦੀ ਫੈਡਰਲ ਅਦਾਲਤ 'ਚ ਅੱਜ ਪੇਸ਼ ਹੋਇਆ। ਉਸ 'ਤੇ ਲਗਾਤਾਰ ਗ਼ੈਰ-ਕਾਨੂੰਨੀ ਢੰਗ ਨਾਲ ਨਸ਼ੀਲੀਆਂ ਦਵਾਈਆਂ ਵੇਚਣ ਤੇ ਦੇਣ ਦੇ 36 ਦੋਸ਼ ਲੱਗੇ ਹਨ ਤੇ ਸਿਹਤ ਸੰਭਾਲ ਧੋਖਾਧੜੀ ਦੇ ਤਿੰਨ ਦੋਸ਼ ਵੀ ਲੱਗੇ ਹਨ। ਗ਼ੈਰ-ਕਾਨੂੰਨੀ ਢੰਗ ਨਾਲ ਨਸ਼ੀਲੀਆਂ ਦਵਾਈਆਂ ਵੇਚਣ ਤੇ ਦੇਣ ਦੇ ਮਾਮਲੇ 'ਚ ਉਸ ਨੂੰ 10 ਸਾਲ ਦੀ ਸਜ਼ਾ ਤੇ ਸਿਹਤ ਸੰਭਾਲ ਧੋਖਾਧੜੀ ਮਾਮਲੇ 'ਚ ਉਸ ਨੂੰ 10 ਸਾਲ ਦੀ ਜੇਲ੍ਹ ਹੋ ਸਕਦੀ ਹੈ। ਫੈਡਰਲ ਵਕੀਲਾਂ ਨੇ ਦੋਸ਼ ਲਗਾਇਆ ਕਿ ਮਈ 2014 ਤੋਂ ਸਤੰਬਰ 2017 ਤੱਕ ਪਟੇਲ ਨੇ ਰੋਕ ਲੱਗੀਆਂ ਦਵਾਈਆਂ ਵੇਚੀਆਂ ਤੇ ਉਨ੍ਹਾਂ ਸੇਵਾਵਾਂ ਦੀ ਵੀ ਫ਼ੀਸ ਲਈ ਜਿਹੜੀਆਂ ਉਸ ਨੇ ਮੁਹੱਈਆ ਹੀ ਨਹੀਂ ਕਰਵਾਈਆਂ। ਅਮਰੀਕਾ 'ਚ ਸਾਲ 2016 'ਚ ਵੱਧ ਮਾਤਰਾ 'ਚ ਦਵਾਈ ਲੈਣ ਵਾਲੇ 64,000 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ 'ਚ ਜ਼ਿਆਦਾਤਰ ਮੌਤਾਂ ਨਸ਼ੀਲੀਆਂ ਦਵਾਈਆਂ ਲੈਣ ਕਾਰਨ ਹੋਈ।

### ਭਾਰਤੀ ਵਿਦਿਆਰਥੀ ਨੇ ਕਬੂਲਿਆ ਸਾਈਬਰ ਹਮਲੇ ਦੋਸ਼

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ 'ਚ ਭਾਰਤੀ ਮੂਲ ਦੇ ਇਕ ਵਿਦਿਆਰਥੀ ਨੇ ਇੰਟਰਨੈੱਟ ਜ਼ਰੀਏ ਇਕ ਯੂਨੀਵਰਸਿਟੀ ਦੇ ਕੰਪਿਊਟਰ ਨੈੱਟਵਰਕਾਂ ਨੂੰ ਹੈਕ ਕਰ ਉਸ 'ਤੇ ਸਾਈਬਰ ਹਮਲਾ ਕਰਨ ਦੇ ਦੋਸ਼ ਕਬੂਲੇ ਹਨ। ਨਿਆਇਕ ਵਿਭਾਗ ਨੇ ਬੀਤੇ ਦਿਨ ਦੱਸਿਆ ਕਿ ਨਿਊ ਜਰਸੀ ਦੇ 21 ਸਾਲਾ ਪਾਰਸ ਝਾਅ ਨੇ ਰਟਗਰਸ ਯੂਨੀਵਰਸਿਟੀ ਦੇ ਕੰਪਿਊਟਰ ਨੈੱਟਵਰਕ ਨੂੰ ਕਈ ਵਾਰ ਹੈਕ ਕਰਨ ਦਾ ਦੋਸ਼ ਕਬੂਲਿਆ ਹੈ। ਇਸ ਦੀ ਜਾਣਕਾਰੀ ਅਮਰੀਕੀ ਅਟਾਰਨੀ ਵਿਲਿਅਮ ਫਿਟਜਪੈਟ੍ਰਿਕ ਨੇ ਆਪਣੇ ਬਿਆਨ 'ਚ ਦਿੱਤੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਾਰਸ ਨੇ ਨਵੰਬਰ 2014 ਤੇ ਸਤੰਬਰ 2016 ਵਿਚਾਲੇ ਰਟਗਰਸ ਯੂਨੀਵਰਸਿਟੀ ਦੇ ਨੈੱਟਵਰਕਾਂ 'ਤੇ ਕਈ ਵਾਰ ਸਾਈਬਰ ਹਮਲੇ ਕੀਤੇ। ਇਸ ਦੋਸ਼ 'ਚ ਉਸ ਨੂੰ ਵੱਧ ਤੋਂ ਵੱਧ 10 ਸਾਲ ਜੇਲ੍ਹ ਦੀ ਸਜ਼ਾ ਤੇ 2,50,000 ਡਾਲਰ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।

# ਟਰੰਪ ਵਿਲੋਂ ਕ੍ਰਿਸਮਸ ਮੌਕੇ ਤੋਹਫ਼ਾ ਦਿੱਤੇ ਜਾਣ ਦਾ ਭਰੋਸਾ



**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀਆਂ ਨੂੰ ਕ੍ਰਿਸਮਸ ਦੇ ਤੋਹਫੇ ਵਜੋਂ ਭਾਰੀ ਟੈਕਸ ਕਟੌਤੀ ਦਾ ਭਰੋਸਾ ਦਿੱਤਾ ਹੈ। ਇਸ ਨਾਲ ਵਧੇਰੇ ਰੁਜ਼ਗਾਰ ਅਤੇ ਉੱਚ ਤਨਖਾਹਾਂ ਮਿਲਣਗੀਆਂ।

ਕਾਂਗਰਸੀ ਰਿਪਬਲਿਕਨਾਂ ਨੇ ਬੀਤੇ ਦਿਨ ਟੈਕਸ ਕਾਨੂੰਨ ਨੂੰ ਅੰਤਿਮ ਰੂਪ ਦਿੱਤਾ। ਇਸ ਨਾਲ ਅਗਲੇ ਹਫ਼ਤੇ ਇਸ 'ਤੇ ਵੋਟਿੰਗ ਦਾ ਰਾਹ ਪਧਰਾ ਹੋ ਗਿਆ ਹੈ।

ਟਰੰਪ ਨੇ ਮੰਨਿਆ ਕਿ ਉਹ ਚੋਣ ਪ੍ਰਚਾਰ ਦੌਰਾਨ ਕੀਤੇ ਟੈਕਸ ਸੁਧਾਰ ਦੇ ਵਾਅਦੇ ਨੂੰ ਪੂਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣਾ ਵਾਅਦਾ ਨਿਭਾਉਣ ਤੋਂ ਕੁਝ ਦਿਨ ਹੀ ਦੂਰ ਹਨ ਤੇ ਇਹ ਅਮਰੀਕੀ ਪਰਿਵਾਰਾਂ ਦੀ ਸਭ ਤੋਂ ਵੱਡੀ ਜਿੱਤ ਹੋਵੇਗੀ। ਟਰੰਪ ਨੇ ਇਹ ਗੱਲ ਵਾਈਟ ਹਾਊਸ ਵਿੱਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਹੀ। ਰਾਸ਼ਟਰਪਤੀ ਨੇ ਟੈਕਸ ਦੇ ਅਸਰ ਬਾਰੇ ਮਿਸਾਲ ਦਿੰਦਿਆਂ ਕਿਹਾ ਕਿ ਚਾਰ ਲੋਕਾਂ ਦਾ ਪਰਿਵਾਰ ਜੋ 75000 ਅਮਰੀਕੀ ਡਾਲਰ ਕਮਾਉਂਦਾ ਹੈ ਨੂੰ ਆਮਦਨ ਕਰ ਵਿੱਚ 2000 ਅਮਰੀਕੀ ਡਾਲਰਾਂ ਤੋਂ ਵਧ ਦੀ ਛੋਟ ਮਿਲੇਗੀ।

ਉਨ੍ਹਾਂ ਕਿਹਾ ਕਿ ਤਜਵੀਜ਼ਤ ਟੈਕਸ ਸੁਧਾਰ ਨਾਲ ਵਿਸ਼ੇਸ਼ ਵਿਆਜ ਦੀ ਚੋਰੀ ਬੰਦ ਹੋ ਜਾਵੇਗੀ ਤੇ ਪਰਿਵਾਰਾਂ ਨੂੰ ਘੱਟ ਟੈਕਸ ਦੇਣਾ ਪਵੇਗਾ। ਕਾਰੋਬਾਰੀਆਂ ਦਾ ਟੈਕਸ ਘਟੇਗਾ ਤੇ ਉਨ੍ਹਾਂ ਦੀ ਆਮਦਨ 4000 ਅਮਰੀਕੀ ਡਾਲਰ ਵਧਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਟੈਕਸ ਕੋਡ, ਭਾਰੀ, ਗੁੰਝਲਦਾਰ ਤੇ ਉੱਚਿਤ ਨਹੀਂ ਹੈ।

## ਸਿੱਖ ਟੈਕਸੀ ਡਰਾਈਵਰ ਉੱਤੇ ਘਾਤਕ ਹਮਲਾ



**ਸਿਆਟਲ/ ਬਿਊਰੋ ਨਿਊਜ਼,** ਇੱਥੇ ਸਿਆਟਲ ਦੇ ਨਾਲ ਲੱਗਦੇ ਸ਼ਹਿਰ ਬੈਲਵਿਊ ਵਿਖੇ ਟੈਕਸੀ ਡਰਾਈਵਰ ਸਵਰਨ ਸਿੰਘ 'ਤੇ ਇਕ ਗੋਰੇ ਨੇ ਜਾਨਲੇਵਾ ਹਮਲਾ ਕਰ ਦਿੱਤਾ, ਜਿਸ ਵਿਚ ਟੈਕਸੀ ਡਰਾਈਵਰ ਫੱਟੜ ਹੋ ਗਿਆ। ਟੈਕਸੀ ਡਰਾਈਵਰ ਸਵਰਨ ਸਿੰਘ (53 ਸਾਲ) ਨੇ ਦੱਸਿਆ ਕਿ ਉਹ ਅੱਜ ਸਵੇਰੇ ਆਪਣੀ ਫੋਰਵੈਸਟ ਕੰਪਨੀ ਦੀ ਟੈਕਸੀ 186 ਨੰਬਰ 'ਤੇ ਡਾਊਨਟਾਨ ਸਿਆਟਲ ਦੇ ਵੀ. ਏ. ਹਸਪਤਾਲ ਤੋਂ ਇਕ ਔਰਤ ਜੋ ਤਕਰੀਬਨ 60 ਸਾਲ ਦੀ ਸੀ ਤੇ ਉਸ ਦਾ ਲੜਕਾ ਜੋ 24-25 ਸਾਲ ਦਾ ਸੀ, ਨੂੰ ਆਪਣੀ ਗੱਡੀ ਵਿਚ ਬਿਠਾ ਕੇ ਬੈਲਵਿਊ ਸ਼ਹਿਰ ਲੈ ਗਿਆ, ਜਦ ਉਨ੍ਹਾਂ ਨੂੰ ਉਹ ਉੱਥੇ ਅਪਾਰਟਮੈਂਟ ਬਿਲਡਿੰਗ ਵਿਚ ਉਤਾਰਨ ਲੱਗਾ ਤਾਂ ਉਸ ਨਾਲ ਅਗਲੀ ਸੀਟ 'ਤੇ ਬੈਠੇ ਗੋਰੇ ਲੜਕੇ ਨੇ ਕਾਰ ਵਿਚ ਪਿਆ ਬੈਗ ਉਸ ਦੇ ਮੂੰਹ 'ਤੇ ਰੱਖ ਕੇ ਸਾਹ ਘੁੱਟ ਦਿੱਤਾ। ਪਿਛਲੀ ਸੀਟ 'ਤੇ ਬੈਠੀ ਉਸ ਦੀ ਮਾਂ ਨੇ ਵੀ ਉਸ ਨੂੰ ਕੁੱਝ ਨਾ ਕਿਹਾ, ਪਰ ਉਸ ਨੇ ਗੋਰੇ ਮੁੰਡੇ ਨੂੰ ਧੱਕਾ ਮਾਰਿਆ ਤੇ ਆਪ ਗੱਡੀ 'ਚੋਂ ਬਾਹਰ ਆ ਗਿਆ। ਉਹ ਪੁਲਿਸ ਨੂੰ ਫੋਨ ਕਰਨ ਲੱਗਾ ਤਾਂ ਗੋਰਾ ਲੜਕਾ ਆਪਣੇ ਬੈਗ 'ਚੋਂ ਹਥੌੜੀ ਲੈ ਕੇ ਉਸ ਨੂੰ ਮਾਰਨ ਲੱਗਾ, ਪਰ ਉਸ ਨੇ ਬੜੇ ਜ਼ੋਰ ਨਾਲ ਉਸ ਨੂੰ ਰੋਕਿਆ ਤੇ ਉਹ ਦੋਵੇਂ ਗੁੱਥਮ-ਗੁੱਥੀ ਹੋ ਗਏ, ਪਰ ਫਿਰ ਉਸ ਦੇ ਸਿਰ 'ਤੇ ਹਥੌੜਾ ਲੱਗ ਗਿਆ ਜਿਸ ਨਾਲ ਉਸ ਦੇ ਸਿਰ 'ਚੋਂ ਖ਼ੂਨ ਵਗਣ ਲੱਗਾ। ਉਸ ਨੇ ਫਿਰ ਉੱਚੀ-ਉੱਚੀ ਰੌਲਾ ਪਾਇਆ ਤਾਂ ਲੋਕਾਂ ਨੇ ਹਮਲਾਵਰ ਨੂੰ ਫੜ ਲਿਆ। ਐਨੇ ਨੂੰ ਪੁਲਿਸ ਵੀ ਆ ਗਈ ਤੇ ਗੋਰੇ ਨੂੰ ਫੜ ਕੇ ਲੈ ਗਈ।

ਸਵਰਨ ਸਿੰਘ ਨੂੰ ਐਂਬੂਲੈਂਸ ਰਾਹੀਂ ਬੈਲਵਿਊ ਦੇ ਹਰਬਰਵਿਊ ਹਸਪਤਾਲ ਦਾਖਲ ਕਰਵਾਇਆ। ਸਵਰਨ ਸਿੰਘ ਦੇ ਸਿਰ 'ਚ 5 ਟਾਂਕੇ ਲੱਗੇ ਤੇ ਬਾਅਦ 'ਚ ਉਸ ਨੂੰ ਛੁੱਟੀ ਦੇ ਦਿੱਤੀ। ਪੁਲਿਸ ਮਾਮਲੇ ਦੀ ਹਰ ਪੱਖੋਂ ਜਾਂਚ ਕਰ ਰਹੀ ਹੈ। ਸਵਰਨ ਸਿੰਘ ਨੂੰ ਅਗਸਤ 2015 'ਚ ਵੀ ਦੋ ਨੌਜਵਾਨਾਂ ਨੇ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ। ਇਸ ਹਮਲੇ ਨਾਲ ਸਿਆਟਲ ਦੇ ਟੈਕਸੀ ਡਰਾਈਵਰਾਂ 'ਚ ਇਕ ਵਾਰ ਫਿਰ ਸਹਿਮ ਦਾ ਮਾਹੌਲ ਬਣ ਗਿਆ।

### ਓਹਾਇਓ ਸੂਬੇ 'ਚ ਲੁਟੇਰਿਆਂ ਵਲੋਂ ਅਮਰੀਕਨ ਭਾਰਤੀ ਦਾ ਕਤਲ

**ਵਾਸ਼ਿੰਗਟਨ/ਬਿਊਰੋ ਨਿਊਜ਼:**

ਅਮਰੀਕਾ ਦੇ ਓਹਾਇਓ ਸੂਬੇ 'ਚ ਦੋ ਨਕਾਬਪੋਸ਼ ਬੰਦੂਕਧਾਰੀ ਲੁਟੇਰਿਆਂ ਨੇ ਲੁੱਟ ਦੀ ਘਟਨਾ ਦੌਰਾਨ ਭਾਰਤੀ ਮੂਲ ਦੇ ਵਿਅਕਤੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਅਮਰੀਕਾ 'ਚ ਗੋਲੀ ਮਾਰ ਕੇ ਕੀਤੀਆਂ ਜਾ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ ਇਹ ਤਾਜ਼ਾ ਘਟਨਾ ਹੈ। ਇਸ ਸਬੰਧੀ ਪੁਲਿਸ ਨੇ ਦੱਸਿਆ ਕਿ ਬੀਤੇ ਸੋਮਵਾਰ ਨੂੰ ਪੀੜਤ ਕਰੁਨਾਕਰ ਕਰੇਂਗਲੇ (53 ਸਾਲ) ਜਦੋਂ ਕੇਮਲੋਟ ਡ੍ਰਾਈਵ 'ਤੇ ਜਿੱਫੀ ਕਨਵਿਨੀਅੰਸ ਮਾਰਟ 'ਚ ਕੰਮ ਕਰ ਰਿਹਾ ਸੀ ਤਾਂ ਉਸ ਵੇਲੇ ਲੁੱਟ ਦੇ ਇਰਾਦੇ ਨਾਲ ਦੋ ਨਕਾਬਪੋਸ਼ ਬੰਦੂਕਧਾਰੀ ਉੱਥੇ ਆਏ ਤੇ ਕਰੇਂਗਲੇ ਦੇ ਗੋਲੀਆਂ ਮਾਰ ਦਿੱਤੀਆਂ। ਫੇਅਰਫੀਲਡ ਫਾਇਰ ਡਿਪਾਰਟਮੈਂਟ ਦੇ ਅਧਿਕਾਰੀ ਸਭ ਤੋਂ ਪਹਿਲਾਂ ਘਟਨਾ ਸਥਾਨ 'ਤੇ ਪੁੱਜੇ ਤੇ ਪੀੜਤ ਕਰੇਂਗਲੇ ਨੂੰ ਯੂ.ਸੀ. ਵੈਸਟ ਕੈਂਸਰ ਹਸਪਤਾਲ ਪਹੁੰਚਾਇਆ।

ਪੁਲਿਸ ਨੇ ਦੱਸਿਆ ਕਿ ਕਰੇਂਗਲੇ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਸ਼ੁੱਕਰਵਾਰ ਨੂੰ ਦਮ ਤੋੜ ਗਿਆ। ਜਰਨਲ ਨਿਊਜ਼ ਦੀ ਰਿਪੋਰਟ ਅਨੁਸਾਰ ਅਜੇ ਤੱਕ ਕਰੇਂਗਲੇ ਦੀ ਪਹਿਚਾਣ ਨਹੀਂ ਹੋ ਸਕੀ ਹੈ ਕਿਉਂਕਿ ਭਾਰਤ 'ਚ ਉਸ ਦੇ ਪਰਿਵਾਰ ਦਾ ਪਤਾ ਨਹੀਂ ਲੱਗ ਸਕਿਆ ਹੈ। ਇਸ ਮਾਮਲੇ 'ਚ ਅਜੇ ਕੋਈ ਵੀ ਗ੍ਰਿਫਤਾਰੀ ਨਹੀਂ ਹੋ ਸਕੀ ਹੈ।





B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533

CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫ਼ਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang
Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੇ ਫੈਸਲੇ ਉੱਤੇ ਰੋਕ

**ਨਵੀਂ ਦਿੱਲੀ/ਬਿਊਰੋ ਨਿਊਜ਼,** ਮਨੁੱਖੀ ਵਸੀਲੇ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਇਥੋਂ ਦੇ ਇਕ ਈਵਨਿੰਗ ਕਾਲਜ ਦਾ ਨਾਂ ਬਦਲਣ ਵਾਲਾ ਫ਼ੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ ਅਤੇ ਇਸ ਨੂੰ ਰੋਕ ਲਿਆ ਹੈ। ਰਾਜ ਸਭਾ ਵਿੱਚ ਸਿਫ਼ਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਕਿ ਬਦਕਿਸਮਤੀ' ਨਾਲ ਦਿਆਲ ਸਿੰਘ ਕਾਲਜ ਦੀ ਪ੍ਰਬੰਧਕੀ ਕਮੇਟੀ ਨੇ ਹਾਲ ਹੀ ਵਿੱਚ ਇਸ ਈਵਨਿੰਗ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾ ਵਿਦਿਆਲਾ ਰੱਖਣ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਕਿਹਾ ਕਿ ਉਹ ਮੰਨਦੇ ਹਨ ਕਿ ਵੰਦੇ ਮਾਤਰਮ ਸ਼ਬਦ ਹਰੇਕ ਭਾਰਤੀ ਵਿੱਚ ਦੇਸ਼ ਭਗਤੀ ਦੀ ਭਾਵਨਾ ਭਰਦਾ ਹੈ ਅਤੇ ਸਰਕਾਰ ਨੂੰ ਮੁਲਕ ਭਰ ਵਿੱਚ ਵੰਦੇ ਮਾਤਰਮ ਯੂਨੀਵਰਸਿਟੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ। ਇਸ ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਤੁਰੰਤ ਬਦਲਣ



ਦੀ ਮੰਗ ਕਰਦਿਆਂ ਸ੍ਰੀ ਗੁਜਰਾਲ ਨੇ ਕਿਹਾ, ਪਰ ਘੱਟ ਗਿਣਤੀ ਭਾਈਚਾਰੇ ਦੀ ਇਸ ਵਿਦਿਅਕ ਸੰਸਥਾ ਦਾ ਨਾਂ ਬਦਲਣਾ ਸਿੱਖਾਂ ਦੀਆਂ ਭਾਵਨਾਵਾਂ ਉਤੇ ਸਿੱਧਾ ਹਮਲਾ ਹੈ। ਮੈਨੂੰ ਲੱਗਦਾ ਹੈ ਕਿ ਇਸ ਦੀ ਵੱਧ ਤੋਂ ਵੱਧ ਨਿੰਦਾ ਕੀਤੀ ਜਾਣੀ ਚਾਹੀਦੀ ਹੈ।' ਇਸ ਦੇ ਜਵਾਬ ਵਿੱਚ ਸ੍ਰੀ ਜਾਵੜੇਕਰ ਨੇ ਕਿਹਾ ਕਿ ਇਸ ਕਾਲਜ ਦਾ ਨਾਂ ਬਦਲਣ ਵਾਲਾ ਫ਼ੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ। ਉਨ੍ਹਾਂ ਕਿਹਾ, ਇਹ ਸਰਕਾਰ ਦਾ ਫ਼ੈਸਲਾ ਨਹੀਂ ਸੀ ਅਤੇ ਸਰਕਾਰ ਇਸ ਨੂੰ ਪਸੰਦ ਨਹੀਂ ਕਰਦੀ। ਇਸੇ ਕਾਰਨ ਅਸੀਂ ਕਿਹਾ ਹੈ ਕਿ ਇਸ ਫ਼ੈਸਲੇ ਨੂੰ ਫੌਰੀ ਤੌਰ 'ਤੇ ਰੋਕਿਆ ਜਾਵੇ ਅਤੇ ਤੁਰੰਤ ਬੈਠਕ ਸੱਦੀ ਜਾਵੇ। ਅਸੀਂ ਇਸ ਨੂੰ ਪਸੰਦ ਨਹੀਂ ਕਰਦੇ ਅਤੇ ਅਜਿਹਾ ਕੁੱਝ ਨਹੀਂ ਹੋਵੇਗਾ।' ਉਨ੍ਹਾਂ ਦੱਸਿਆ ਕਿ ਦਿੱਲੀ ਯੂਨੀਵਰਸਿਟੀ ਨੂੰ ਵੀ ਇਸ ਬਾਰੇ ਜਾਣੂ ਕਰਾ ਦਿੱਤਾ ਹੈ, ਜਿਸ ਅਧੀਨ ਇਹ ਕਾਲਜ ਚੱਲ ਰਿਹਾ ਹੈ। ਸ੍ਰੀ ਜਾਵੜੇਕਰ ਨੇ ਕਿਹਾ, ਭਾਵਨਾਵਾਂ ਨਾਲ ਖਿਲਵਾੜ ਕਰਦਿਆਂ ਬੇਲੋੜੇ ਵਿਵਾਦ ਖੜ੍ਹੇ ਕਰਨੇ ਗਲਤ ਹਨ।' ਸ੍ਰੀ ਗੁਜਰਾਲ ਨੇ ਕਿਹਾ ਕਿ ਪਰਉਪਕਾਰੀ ਸ. ਦਿਆਲ ਸਿੰਘ ਮਜੀਠੀਆ ਨੇ ਆਪਣੀ ਸਾਰੀ ਜਾਇਦਾਦ ਅਤੇ ਜ਼ਿੰਦਗੀ ਸਿੱਖਿਆ ਦੇ ਲੇਖੇ ਲਾਈ ਸੀ ਅਤੇ ਉਨ੍ਹਾਂ ਨੇ ਕਈ ਕਾਲਜ ਅਤੇ ਸਕੂਲ ਖੋਲ੍ਹੇ। ਅਕਾਲੀ ਆਗੂ ਨੇ ਦੱਸਿਆ ਕਿ ਲਾਹੌਰ ਵਿੱਚ ਵੀ ਦਿਆਲ ਸਿੰਘ ਕਾਲਜ ਚੱਲ ਰਿਹਾ ਹੈ।

## ਸਿਰਸਾ ਵੱਲੋਂ ਧੰਨਵਾਦ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਤਰਜਮਾਨ ਮਨਜਿੰਦਰ ਸਿੰਘ ਸਿਰਸਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਦਿਆਲ ਸਿੰਘ ਕਾਲਜ ਦਾ ਨਾਂ ਬਦਲੇ ਜਾਣ ਦਾ ਮਾਮਲਾ ਕੇਂਦਰ ਸਰਕਾਰ ਕੋਲ ਉਠਾਇਆ ਸੀ। ਉਨ੍ਹਾਂ ਨੇ ਕੇਂਦਰ ਸਰਕਾਰ ਦਾ ਵੀ ਧੰਨਵਾਦ ਕੀਤਾ, ਜਿਸ ਨੇ ਦਿੱਲੀ ਯੂਨੀਵਰਸਿਟੀ ਨੂੰ ਹਦਾਇਤ ਕੀਤੀ ਹੈ ਕਿ ਇਸ ਕਾਲਜ ਦੀ ਨਾਂ-ਬਦਲੀ 'ਤੇ ਰੋਕ ਲਾਈ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਨਿਆਂ ਪਸੰਦ ਲੋਕਾਂ ਦਾ ਸਥਾਪਤ ਪ੍ਰਣਾਲੀ ਵਿੱਚ ਵਿਸ਼ਵਾਸ ਬਹਾਲ ਕਰੇਗਾ ਅਤੇ ਇਸ ਨਾਲ ਭਵਿੱਖ ਵਿੱਚ ਅਜਿਹੀਆਂ ਸ਼ਰਾਰਤਾਂ ਤੇ ਸਾਜ਼ਿਸ਼ਾਂ ਨੂੰ ਨੱਥ ਪਵੇਗੀ।

## ਸੁਖਬੀਰ ਨੇ ਤਸੱਲੀ ਪ੍ਰਗਟਾਈ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਵੱਲੋਂ ਦਿਆਲ ਸਿੰਘ ਕਾਲਜ ਦਾ ਨਾਮ ਨਾ ਬਦਲਣ ਦੇ ਦਿੱਤੇ ਭਰੋਸੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਤਸੱਲੀ ਵਾਲੀ ਹੈ ਕਿ ਸ੍ਰੀ ਜਾਵੜੇਕਰ ਨੇ ਪੁਸ਼ਟੀ ਕੀਤੀ ਹੈ ਕਿ ਇਸ ਕਾਲਜ ਦਾ ਨਾਂ ਬਦਲ ਕੇ 'ਵੰਦੇ ਮਾਤਰਮ' ਰੱਖਣ ਦਾ ਫ਼ੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਐਚਆਰਡੀ ਮੰਤਰੀ ਨੇ ਨਾਂ-ਬਦਲੀ ਦਾ ਪ੍ਰਸਤਾਵ ਲਿਆਉਣ ਵਾਲੀ ਦਿਆਲ ਸਿੰਘ ਕਾਲਜ ਦੀ ਗਵਰਨਿੰਗ ਕੌਂਸਲ ਨੂੰ ਝਾੜ ਪਾਈ ਹੈ ਕਿ ਕਿਸੇ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖੇਡ ਕੇ ਬੇਲੋੜੇ ਵਿਵਾਦ ਪੈਦਾ ਕਰਨਾ ਗਲਤ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦਿਆਲ ਸਿੰਘ ਈਵਨਿੰਗ ਕਾਲਜ, ਨਵੀਂ ਦਿੱਲੀ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾਵਿਦਿਆਲਾ ਰੱਖਣ 'ਤੇ ਰੋਕ ਲਾਉਣ ਵਾਲੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਕਾਲਜ ਦੀ ਇਤਿਹਾਸਿਕ ਵਿਰਾਸਤ ਬਰਕਰਾਰ ਰੱਖੀ ਜਾ ਸਕੇਗੀ ਅਤੇ ਸਿੱਖਾਂ ਅੰਦਰ ਪਾਈ ਜਾ ਰਹੀ ਰੋਸ ਦੀ ਭਾਵਨਾ ਵੀ ਖਤਮ ਹੋਵੇਗੀ।

# ਸੁਖਪਾਲ ਸਿੰਘ ਖਹਿਰਾ ਦੀ ਮਾਤਾ ਦਾ ਅਕਾਲ ਚਲਾਣਾ

**ਨਡਾਲਾ/ਬਿਊਰੋ ਨਿਊਜ਼,** ਭੁਲੱਥ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਦੀ ਮਾਤਾ ਮਹਿੰਦਰ ਕੌਰ (ਪਤਨੀ ਸਾਬਕਾ ਸਿੱਖਿਆ ਮੰਤਰੀ ਮਰਹੂਮ ਸੁਖਜਿੰਦਰ ਸਿੰਘ) ਮੰਗਲਵਾਰ ਸ਼ਾਮੀਂ ਚੰਡੀਗੜ੍ਹ ਵਿੱਚ ਅਕਾਲ ਚਲਾਣਾ ਕਰ ਗਏ। ਬੀਬੀ ਮਹਿੰਦਰ ਕੌਰ ਦਾ ਉਨ੍ਹਾਂ ਦੇ ਜੱਦੀ ਪਿੰਡ ਰਾਮਗੜ੍ਹ ਵਿੱਚ ਦੁਪਹਿਰ ਬਾਅਦ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਸੁਖਪਾਲ ਸਿੰਘ ਖਹਿਰਾ ਨੇ ਦਿਖਾਈ। ਹਲਕੇ ਦੇ 'ਆਪ' ਵਰਕਰਾਂ ਨੇ ਪਿੰਡ ਰਾਮਗੜ੍ਹ ਵਿੱਚ ਸ੍ਰੀ ਖਹਿਰਾ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ 'ਆਪ' ਦੇ ਵਿਧਾਇਕਾਂ ਤੇ ਹੋਰ ਆਗੂਆਂ ਨੇ ਮਾਤਾ ਮਹਿੰਦਰ ਕੌਰ ਦੀ ਦੇਹ 'ਤੇ ਦੁਸ਼ਾਲੇ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਖਹਿਰਾ ਪਰਿਵਾਰ ਦਾ ਦੁੱਖ ਵੰਡਾਇਆ।

## ਕੈਪਟਨ ਨੇ ਦੁੱਖ ਪ੍ਰਗਟਾਇਆ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ, ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸ੍ਰੀ ਖਹਿਰਾ ਦੀ ਮਾਤਾ ਮਹਿੰਦਰ ਕੌਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਪਰਿਵਾਰ ਨਾਲ ਹਮਦਰਦੀ ਜ਼ਾਹਰ ਕੀਤੀ ਹੈ।

# ਦਿੱਲੀ ਵਾਲਿਆਂ ਨੇ ਮੁੜ ਸਾਂਭੀ 'ਆਪ' ਦੀ ਕਮਾਂਡ

### *ਸੀਨੀਅਰ ਆਗੂ ਸਿਸੋਦੀਆ ਨੂੰ ਬਣਾਇਆ ਪੰਜਾਬ ਦਾ ਨਿਗਰਾਨ*

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਕਮਾਨ ਕੇਂਦਰੀ ਹਾਈ ਕਮਾਂਡ ਨੇ ਮੁੜ ਆਪਣੇ ਹੱਥ ਲੈ ਲਈ ਹੈ। ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੂੰ 'ਆਪ' ਦੀ ਪੰਜਾਬ ਇਕਾਈ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਫ਼ੈਸਲਾ ਕੌਂਸਲ ਚੋਣਾਂ ਵਿੱਚ ਪਾਰਟੀ ਦੀ ਵੱਡੀ ਹਾਰ ਤੋਂ ਬਾਅਦ ਲਿਆ ਗਿਆ ਹੈ, ਜਿਸ ਨਾਲ ਪੰਜਾਬੀ ਆਗੂਆਂ ਦੀ ਖ਼ੁਦਮੁਖ਼ਤਾਰੀ ਖ਼ਤਮ ਹੋ ਗਈ ਹੈ। ਸਿਆਸੀ ਮਾਮਲਿਆਂ ਬਾਰੇ ਕਮੇਟੀ ਵੱਲੋਂ ਉਨ੍ਹਾਂ ਦੀ ਨਿਯੁਕਤੀ ਕੀਤੀ ਗਈ ਹੈ। ਪੰਜਾਬ ਵਿੱਚ ਕੌਂਸਲ ਚੋਣਾਂ ਵਿੱਚ 'ਆਪ' ਨੂੰ ਕਾਫ਼ੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ 'ਆਪ' ਦਾ ਸਿਰਫ਼ ਇੱਕ ਉਮੀਦਵਾਰ ਹੀ ਜਿੱਤਿਆ ਹੈ। ਇਹ ਸੀਟ ਖਹਿਰਾ ਦੇ ਹਲਕੇ ਭੁਲੱਥ ਨਾਲ ਸਬੰਧਤ ਹੈ। ਇਸ ਮੌਕੇ ਸ੍ਰੀ ਅਰੋੜਾ ਨੇ ਕਿਹਾ ਕਿ ਪਾਰਟੀ ਦੇ ਵੱਡੀ ਗਿਣਤੀ ਉਮੀਦਵਾਰਾਂ ਨੇ ਆਜ਼ਾਦ ਤੌਰ 'ਤੇ ਚੋਣ ਲੜੀ ਸੀ ਅਤੇ ਉਨ੍ਹਾਂ ਪਾਰਟੀ ਚੋਣ ਨਿਸ਼ਾਨ ਨਹੀਂ ਲਿਆ ਸੀ। ਉਨ੍ਹਾਂ ਕਿਹਾ ਕਿ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਲੜਨ ਦੀ ਸੂਰਤ ਵਿੱਚ ਸਰਕਾਰੀ ਅਫ਼ਸਰਾਂ ਨੇ ਇੱਕ ਨਾ ਦੂਜੇ ਬਹਾਨੇ ਪੇਪਰ ਰੱਦ ਕਰ ਦੇਣੇ ਸਨ। ਇਸ ਕਰਕੇ 'ਆਪ' ਹੱਥ ਇੱਕ ਸੀਟ ਲੱਗਣਾ ਕਹਿਣਾ ਗਲਤ ਹੈ।

## ਪਾਰਟੀ ਨਹੀਂ ਕਰੇਗੀ ਸ਼ਹੀਦੀ ਕਾਨਫਰੰਸਾਂ

'ਆਪ' ਨੇ ਚਮਕੌਰ ਸਾਹਿਬ ਅਤੇ ਫ਼ਤਹਿਗੜ੍ਹ ਸਾਹਿਬ ਵਿਖੇ ਇਸ ਵਾਰ ਸ਼ਹੀਦੀ ਕਾਨਫਰੰਸਾਂ ਨਾ ਕਰਨ ਦਾ ਫ਼ੈਸਲਾ ਲਿਆ ਹੈ। ਪਾਰਟੀ ਆਗੂ ਸ਼ਹੀਦੀ ਸਮਾਗਮਾਂ ਵਿੱਚ ਨਿਮਾਣੇ ਸਿੱਖਾਂ ਵਜੋਂ ਸ਼ਰਧਾ ਦੇ ਫੁੱਲ ਭੇਟ ਕਰਨ ਜਾਣਗੇ। ਸੰਸਦ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਅਤੇ ਅਮਨ ਅਰੋੜਾ ਨੇ ਦੋਸ਼ ਲਾਇਆ ਕਿ ਇਹ ਕਾਨਫਰੰਸਾਂ ਨਿੱਗਰ ਉਦੇਸ਼ ਨਾਲ ਸ਼ੁਰੂ ਕੀਤੀਆਂ ਗਈਆਂ ਸਨ, ਪਰ ਇਨ੍ਹਾਂ ਵਿੱਚ ਸਿਆਸਤ ਘੁਸਪੈਠ ਕਰ ਗਈ ਹੈ। ਸ੍ਰੀ ਸਿਸੋਦੀਆ ਦੀ ਨਿਯੁਕਤੀ ਦਾ ਭਗਵੰਤ ਮਾਨ, ਸੁਖਪਾਲ ਖਹਿਰਾ, ਅਮਨ ਅਰੋੜਾ ਅਤੇ ਕੰਵਰ ਸੰਧੂ ਸਮੇਤ ਸਾਰੇ ਵਿਧਾਇਕਾਂ ਨੇ ਸੁਆਗਤ ਕੀਤਾ ਹੈ।

# ਜੱਗੀ ਜੌਹਲ ਦੀ ਐਨਆਈਏ ਅਦਾਲਤ 'ਚ ਪੇਸ਼ੀ ਬਾਅਦ ਪੁਲੀਸ ਰਿਮਾਂਡ ਹੋਰ ਵਧਾਇਆ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਨੈਸ਼ਨਲ ਜਾਂਚ ਏਜੰਸੀ (ਐਨਆਈਏ) ਵੱਲੋਂ ਪੰਜਾਬ ਵਿੱਚ ਪਿੱਛੇ ਜਿਹੇ ਵਾਪਰੀਆਂ ਹਿੰਦੂ ਆਗੂਆਂ ਦੇ ਕਤਲਾਂ ਦੀ ਵਾਰਦਾਤਾਂ ਵਿੱਚ ਨਾਮਜ਼ਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਨੂੰ ਖੰਨਾ ਪੁਲੀਸ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫ਼ਤਾਰ ਕਰਕੇ ਮੰਗਲਵਾਰ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਮੁਹਾਲੀ ਸਥਿਤ ਐਨਆਈਏ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੈਡਮ ਅਂਸਲ ਬੇਰੀ ਨੇ ਮੁਲਜ਼ਮ ਦਾ ਤਿੰਨ ਦਿਨਾਂ ਦਾ ਪੁਲੀਸ ਰਿਮਾਂਡ ਦਿੱਤਾ ਹੈ। ਜੱਗੀ ਜੌਹਲ ਖ਼ਿਲਾਫ਼ ਕਤਲ ਦੀਆਂ ਵਾਰਦਾਤਾਂ ਲਈ ਮੁਲਜ਼ਮਾਂ ਨੂੰ ਫੰਡਿੰਗ ਕਰਨ ਦਾ ਦੋਸ਼ ਹੈ। ਉਸ ਨੂੰ ਖੰਨਾ ਵਿੱਚ ਸ਼ਿਵ ਸੈਨਾ ਪੰਜਾਬ ਦੇ ਆਗੂ ਦੁਰਗਾ ਦਾਸ ਗੁਪਤਾ ਦੇ ਕਤਲ ਦੇ ਮਾਮਲੇ ਵਿੱਚ ਐਨਆਈਏ ਨੇ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਹਿੰਦੂ ਆਗੂਆਂ ਦੇ ਕਤਲ ਮਾਮਲਿਆਂ



ਜੱਗੀ ਜੌਹਲ ਨੂੰ ਮੁਹਾਲੀ ਅਦਾਲਤ ਵਿੱਚ ਪੇਸ਼ ਕਰਨ ਲਈ ਲਿਜਾਂਦੀ ਹੋਈ ਐਨਆਈਏ ਦੀ ਟੀਮ।

ਦੀ ਐਨਆਈਏ ਵੱਖਰੇ ਤੌਰ 'ਤੇ ਜਾਂਚ ਕਰ ਰਹੀ ਹੈ। ਐਨਆਈਏ ਦੇ ਵਕੀਲ ਅਤੇ ਜਾਂਚ ਅਧਿਕਾਰੀਆਂ ਨੇ ਜਗਤਾਰ ਜੱਗੀ ਦੇ 14 ਦਿਨ ਦੇ ਪੁਲੀਸ ਰਿਮਾਂਡ ਦੀ ਮੰਗ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਪੰਜਾਬ ਵਿੱਚ ਕਈ ਹਿੰਦੂ ਆਗੂਆਂ ਦੀਆਂ ਹੱਤਿਆਵਾਂ ਦੇ ਮਾਮਲੇ ਵਿੱਚ ਜੱਗੀ ਜੌਹਲ ਦੀ ਸ਼ੱਕੀ ਭੂਮਿਕਾ ਬਾਰੇ ਜਾਂਚ ਕਰਨੀ ਹੈ।

ਉਧਰ, ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਨੇ ਐਨਆਈਏ ਦੀ ਪੁਲੀਸ ਰਿਮਾਂਡ ਦੀ ਮੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਜਗਤਾਰ ਜੱਗੀ ਵਿਰੁੱਧ ਜਿੰਨੇ ਵੀ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ, ਉਨ੍ਹਾਂ ਵਿੱਚ ਸਿਰਫ਼ ਦੋਸ਼ ਹੀ ਲਗਾਏ ਗਏ ਹਨ। ਹੁਣ ਤੱਕ ਜੱਗੀ ਜੌਹਲ ਖ਼ਿਲਾਫ਼ ਕਿਸੇ ਕੋਲ ਕੋਈ ਵੀ ਸਬੂਤ ਨਹੀਂ ਹੈ ਅਤੇ ਨਾ ਹੀ ਕੋਈ ਵਿਸ਼ੇਸ਼ ਜਾਂਚ ਏਜੰਸੀ ਅਦਾਲਤਾਂ ਵਿੱਚ ਜਾਂ ਜਨਤਕ ਤੌਰ 'ਤੇ ਠੋਸ ਸਬੂਤਾਂ ਬਾਰੇ ਦੱਸ ਸਕੀ ਹੈ। ਉਂਜ ਵੀ ਪਿਛਲੇ 45 ਦਿਨਾਂ ਤੋਂ ਜੱਗੀ ਨੂੰ ਪੁਲੀਸ ਰਿਮਾਂਡ 'ਤੇ ਲੈ ਕੇ ਜਾਂਚ ਏਜੰਸੀਆਂ ਵੱਲੋਂ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮ ਜੱਗੀ ਜੌਹਲ ਨੂੰ 3 ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ।

# ਸ਼ਹੀਦੀ ਸਭਾ ਦੌਰਾਨ ਸਿਆਸੀ ਕਾਨਫ਼ਰੰਸਾਂ ਖ਼ਿਲਾਫ਼ ਸਿੱਖ ਸੰਗਤ ਵਲੋਂ ਲਾਮਬੰਦੀ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਸ਼ਹੀਦੀ ਸਭਾ ਦੌਰਾਨ ਪੰਜਾਬ ਦੀਆਂ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਸ਼ਹੀਦੀ ਕਾਨਫ਼ਰੰਸਾਂ ਖ਼ਿਲਾਫ਼ ਸਿੱਖ ਸੰਗਤ ਲਾਮਬੰਦ ਹੋਣੀ ਸ਼ੁਰੂ ਹੋ ਗਈ ਹੈ। ਸੰਗਤ ਵੱਲੋਂ ਇਹ ਇਕ ਨਵੀਂ ਪਹਿਲ ਦੀ ਸ਼ੁਰੂਆਤ ਹੈ। ਇਸ ਸਬੰਧੀ ਇਲਾਕੇ ਦੀ ਸੰਗਤ ਇਕ ਵਫ਼ਦ ਦੇ ਰੂਪ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਦੀ ਅਗਵਾਈ ਹੇਠ ਭਲਕੇ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਕੰਵਲਪ੍ਰੀਤ ਬਰਾੜ ਨੂੰ ਮਿਲ ਕੇ ਇਕ ਯਾਦ ਪੱਤਰ ਸੌਂਪੇਗੀ।

ਇਸ ਯਾਦ ਪੱਤਰ ਰਾਹੀਂ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੇ ਸ਼ਹੀਦੀ ਅਸਥਾਨ ਫਤਹਿਗੜ੍ਹ ਸਾਹਿਬ ਵਿਖੇ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਅਤੇ ਸ਼ਹੀਦੀ ਸਿੰਘ ਸਭਾ ਦੌਰਾਨ ਵੱਖ ਵੱਖ ਰਾਜਨੀਤਿਕ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਸਿਆਸੀ ਕਾਨਫ਼ਰੰਸਾਂ ਅਤੇ ਜਲਸਿਆਂ 'ਤੇ ਮੁਕੰਮਲ ਪਾਬੰਦੀ ਲਾਉਣ ਦੀ ਮੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹੋਰ ਵੀ ਕਈ ਅਹਿਮ ਮੁੱਦੇ ਇਸ ਯਾਦ ਪੱਤਰ ਵਿੱਚ ਉਠਾਏ ਜਾਣਗੇ। ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਇਸ ਯਾਦ ਪੱਤਰ ਤੋਂ ਤੁਰੰਤ ਬਾਅਦ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਖੁੱਲ੍ਹੀ ਥਾਂ 'ਤੇ ਇਕ ਪ੍ਰੈਸ ਕਾਨਫਰੰਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਕਾਨਫ਼ਰੰਸਾਂ ਖ਼ਿਲਾਫ਼ ਸਿੱਖ ਸੰਗਤ ਵਿੱਚ ਰੋਸ ਦੀ ਲਹਿਰ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਸ਼ਹੀਦੀ ਸਭਾ ਦੌਰਾਨ ਤਣਾਅ ਦਾ ਮਾਹੌਲ ਪੈਦਾ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਸਿਆਸੀ ਕਾਨਫ਼ਰੰਸਾਂ 'ਤੇ ਤੁਰੰਤ ਪ੍ਰਭਾਵ ਤੋਂ ਰੋਕ ਲਗਾਈ ਜਾਵੇ।

# ਡਾ. ਮਨਮੋਹਨ ਸਿੰਘ ਬਾਰੇ ਮੋਦੀ ਦੀ ਭੱਦੀ ਟਿੱਪਣੀ ਤੋਂ ਸੰਸਦ ਦੇ ਦੋਵੇਂ ਸਦਨਾਂ 'ਚ ਹੰਗਾਮਾ ਜਾਰੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੰਸਦ ਦੇ ਸਰਦੀ ਰੁੱਤ ਇਜਲਾਸ ਦੇ ਦੂਜੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਖ਼ਿਲਾਫ਼ ਕੀਤੀ ਟਿੱਪਣੀ ਦੇ ਮੁੱਦੇ ਕਾਰਨ ਹੰਗਾਮਾ ਹੋਣ 'ਤੇ ਵਾਰ-ਵਾਰ ਪਈਆਂ ਰੁਕਾਵਟਾਂ ਕਾਰਨ ਦੋਹਾਂ ਸਦਨਾਂ ਦੀ ਕਾਰਵਾਈ ਦਿਨ ਭਰ ਲਈ ਉਠਾ ਦਿੱਤੀ ਗਈ। ਰੌਲੇ-ਰੱਪੇ ਦੌਰਾਨ ਕਾਂਗਰਸੀ ਮੈਂਬਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਅਤੇ ਡਾ. ਮਨਮੋਹਨ ਸਿੰਘ ਖ਼ਿਲਾਫ਼ ਕੀਤੀਆਂ ਟਿੱਪਣੀਆਂ ਲਈ ਮੁਆਫ਼ੀ ਮੰਗਣ ਦੀ ਮੰਗ ਕੀਤੀ। ਖੱਬੇ ਪੱਖੀ ਮੈਂਬਰਾਂ ਨੇ ਵੀ ਕੁਝ ਮੁੱਦੇ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਉਹ ਰੌਲੇ-ਰੱਪੇ 'ਚ ਸੁਣਾਈ ਹੀ ਨਹੀਂ ਦਿੱਤੇ। ਕੁਝ ਸੰਸਦ ਮੈਂਬਰਾਂ ਨੇ ਓਡੀਸ਼ਾ 'ਚ ਆਏ ਹੜ੍ਹਾਂ ਦਾ ਮੁੱਦਾ ਚੁੱਕਿਆ। ਇਸ ਰੌਲੇ-ਰੱਪੇ 'ਚ ਹੀ ਲੋਕ ਸਭਾ 'ਚ ਸਰਕਾਰ ਨੇ 5 ਬਿੱਲ ਪੇਸ਼ ਕੀਤੇ, ਜਿਨਾਂ 'ਚ ਵਿਦੇਸ਼ਾਂ 'ਚ ਵਸਦੇ ਭਾਰਤੀਆਂ ਨੂੰ ਵੋਟਿੰਗ ਦਾ ਹੱਕ ਦੇਣ ਵਾਲਾ ਬਿੱਲ ਲੋਕਾਂ ਦੀ ਨੁਮਾਇੰਦਗੀ ਬਾਰੇ (ਤਰਮੀਮੀ) ਬਿੱਲ ਸ਼ਾਮਿਲ ਹੈ। ਪੇਸ਼ ਕੀਤੇ ਗਏ ਬਿੱਲਾਂ 'ਚ ਭਾਰਤੀ ਜੰਗਲਾਤ 'ਚ ਬਾਂਸ ਨੂੰ ਰੁੱਖ ਦੀ ਪਰਿਭਾਸ਼ਾ 'ਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ 'ਚ ਕਿਸਾਨਾਂ ਨੂੰ ਵਿਕਲਪਿਕ ਖੇਤੀਬਾੜੀ ਪ੍ਰਤੀ ਉਤਸ਼ਾਹਿਤ ਕਰਦਿਆਂ ਬਾਂਸ ਦੀ ਖੇਤੀ ਕਰਨ ਦਾ ਮਸ਼ਵਰਾ ਦਿੱਤਾ ਸੀ। ਬਾਂਸ ਦੀ ਖੇਤੀ ਨੂੰ ਦਰਪੇਸ਼ ਸ਼ੁਰੂਆਤੀ ਮੁਸ਼ਕਿਲਾਂ 'ਚ ਬਾਂਸ ਨੂੰ ਰੁੱਖ ਦੀ ਪਰਿਭਾਸ਼ਾ 'ਚ ਸ਼ਾਮਿਲ ਹੋਣਾ ਸੀ, ਜਿਸ ਕਾਰਨ ਇਸ ਦੀ ਅੰਤਰ ਰਾਜੀ ਵਿਕਰੀ 'ਚ ਉਨ੍ਹਾਂ ਨੂੰ ਦਿੱਕਤ ਪੇਸ਼ ਆਉਂਦੀ ਸੀ। ਇਸ ਤੋਂ ਇਲਾਵਾ ਲੋਕ ਸਭਾ 'ਚ ਅਧਿਆਪਕ ਸਿੱਖਿਆ ਬਾਰੇ ਕੌਮੀ ਕਾਸਲ (ਸੋਧ) ਬਿੱਲ, ਗਰੈਚਟੀ ਦੇ ਭੁਗਤਾਨ ਬਾਰੇ (ਸੋਧ) ਬਿੱਲ ਅਤੇ ਦੰਦਾਂ ਦੇ ਡਾਕਟਰਾਂ ਬਾਰੇ (ਸੋਧ) ਬਿੱਲ ਪੇਸ਼ ਕੀਤਾ ਗਿਆ। ਲੋਕ ਸਭਾ ਜੁੜਦਿਆਂ ਹੀ ਹੰਗਾਮਾ ਹੋਣ ਕਾਰਨ ਸਪੀਕਰ ਸੁਮਿੱਤਰਾ ਮਹਾਜਨ ਨੇ ਸਭਾ ਦੀ ਕਾਰਵਾਈ 12:00 ਵਜੇ ਤੱਕ ਮੁਲਤਵੀ ਕਰ ਦਿੱਤੀ। ਸਭਾ ਮੁੜ ਜੁੜਨ 'ਤੇ ਰੌਲੇ-ਰੱਪੇ 'ਚ ਬਿੱਲ ਪੇਸ਼ ਕਰਨ ਤੋਂ ਬਾਅਦ ਸਪੀਕਰ ਨੇ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ।

# ਅੰਮ੍ਰਿਤਸਰ ਤੋਂ ਨਾਂਦੇੜ ਲਈ ਹਵਾਈ ਉਡਾਣ 23 ਦਸੰਬਰ ਤੋਂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਹਵਾਈ ਕੰਪਨੀ ਏਅਰ ਇੰਡੀਆ ਵੱਲੋਂ 23 ਦਸੰਬਰ ਤੋਂ ਹਫ਼ਤੇ ਵਿੱਚ ਦੋ ਦਿਨ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਮੁੰਬਈ, ਅੰਮ੍ਰਿਤਸਰ ਤੇ ਨਾਂਦੇੜ ਵਿਚਾਲੇ ਹਵਾਈ ਉਡਾਣ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਉਡਾਣ ਦੀ ਸ਼ੁਰੂਆਤ ਨਾਲ ਸਿੱਖ ਭਾਈਚਾਰੇ ਦੀ ਅਕਾਲ ਤਖ਼ਤ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਲ ਹਵਾਈ ਮਾਰਗ ਨਾਲ ਜੋੜਨ ਦੀ ਮੰਗ ਪੂਰੀ ਹੋ ਜਾਵੇਗੀ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦੱਸਿਆ ਕਿ ਲੰਮੀ ਜੱਦੋ-ਜਹਿਦ ਤੋਂ ਬਾਅਦ ਗੁਰੂ ਰਾਮਦਾਸ ਹਵਾਈ ਅੱਡੇ ਤੋਂ ਨਾਂਦੇੜ ਸਾਹਿਬ ਲਈ ਇਹ ਉਡਾਣ ਸ਼ੁਰੂ ਹੋ ਰਹੀ ਹੈ। ਇਸ ਨਾਲ ਦੋਵਾਂ ਤਖ਼ਤਾਂ ਵਿਚਾਲੇ ਜਿੱਥੇ ਹਵਾਈ ਸੰਪਰਕ ਕਾਇਮ ਹੋਵੇਗਾ, ਉਥੇ ਸੈਰ-ਸਪਾਟੇ ਨੂੰ ਵੀ ਹੁਲਾਰਾ ਮਿਲੇਗਾ।

# ਬਿਹਾਰ ਸਰਕਾਰ ਦਸਵੇਂ ਪਾਤਸ਼ਾਹ ਦੇ ਸਤਿਕਾਰ 'ਚ ਬਣਾਏਗੀ ਯਾਦਗਾਰੀ ਪਾਰਕ

**ਅੰਮ੍ਰਿਤਸਰ/ਬਿਊਰੋ ਨਿਊਜ਼:** ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ 351ਵੇਂ ਪ੍ਰਕਾਸ਼ ਪੁਰਬ ਮੌਕੇ ਪਟਨਾ ਵਿੱਚ ਸਥਾਪਤ ਗੁਰਦੁਆਰਾ ਗੁਰੂ ਕਾ ਬਾਗ ਨੇੜੇ ਦਸਵੇਂ ਪਾਤਸ਼ਾਹ ਦੀ ਯਾਦ ਵਿੱਚ ਯਾਦਗਾਰੀ ਪਾਰਕ ਬਣਾਉਣ ਦਾ ਐਲਾਨ ਕੀਤਾ ਹੈ। ਉਹ ਗੁਰਦੁਆਰਾ ਬਾਲ ਲੀਲਾ ਵਿਖੇ ਸੰਗਤ ਦੀ ਆਮਦ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਪੁੱਜੇ ਸਨ। ਇੱਥੇ ਸੰਗਤ ਦੀ ਰਿਹਾਇਸ਼ ਅਤੇ ਲੰਗਰ ਵਾਸਤੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਪ੍ਰਬੰਧ ਕੀਤੇ ਜਾ ਰਹੇ ਹਨ।

ਸੰਪਰਦਾ ਭੂਰੀ ਵਾਲਿਆਂ ਦੇ ਬੁਲਾਰੇ ਭਾਈ ਰਾਮ ਸਿੰਘ ਨੇ ਦੱਸਿਆ ਕਿ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਗੁਰਦੁਆਰਾ ਬਾਲ ਲੀਲਾ ਵਿਖੇ ਮੱਥਾ ਟੇਕਿਆ ਅਤੇ ਸੰਗਤ ਦੀ ਰਿਹਾਇਸ਼ ਤੇ ਲੰਗਰ ਵਾਸਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ ਅਤੇ ਲੰਗਰ ਵਰਤਾਉਣ ਦੀ ਸੇਵਾ ਵੀ ਕੀਤੀ।


ਲੰਗਰ ਦੀ ਸੇਵਾ ਕਰਦੇ ਹੋਏ ਨਿਤੀਸ਼ ਕੁਮਾਰ।

ਮੁੱਖ ਮੰਤਰੀ ਨੇ ਆਖਿਆ ਕਿ ਬਿਹਾਰ ਸਰਕਾਰ ਸੰਗਤ ਦੀ ਸੇਵਾ ਤੇ ਸਤਿਕਾਰ ਨੂੰ ਸਮਰਪਿਤ ਹੈ। ਉਨ੍ਹਾਂ ਨੇ ਇਤਿਹਾਸਕ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਯਾਦਗਾਰੀ ਪਾਰਕ ਬਣਾਉਣ ਦਾ ਐਲਾਨ ਕੀਤਾ, ਜਿਸ ਲਈ ਲੋੜੀਂਦੇ ਫੰਡ ਵੀ ਜਾਰੀ ਕੀਤੇ ਗਏ। ਗੁਰਦੁਆਰੇ ਨਾਲ ਉਸਾਰੇ ਜਾਣ ਵਾਲੇ ਇਸ ਪਾਰਕ ਵਿੱਚ ਸੁੰਦਰ ਲੈਂਡ ਸਕੇਪਿੰਗ ਅਤੇ ਬੇਸ਼ਕੀਮਤੀ ਪੱਥਰ ਲਾਇਆ ਜਾਵੇਗਾ।

ਮੌਕੇ 'ਤੇ ਹਾਜ਼ਰ ਅਧਿਕਾਰੀਆਂ ਨੂੰ ਉਨ੍ਹਾਂ ਇਸ ਸਬੰਧੀ ਲੋੜੀਂਦੇ ਨਿਰਦੇਸ਼ ਵੀ ਦਿੱਤੇ ਅਤੇ ਹਦਾਇਤ ਕੀਤੀ ਕਿ ਇਸ ਮਾਮਲੇ ਵਿੱਚ ਸਿੱਖ ਸੰਪਰਦਾ ਕੋਲੋਂ ਵੀ ਸਹਿਯੋਗ ਲਿਆ ਜਾਵੇ। ਦੱਸਣਯੋਗ ਹੈ ਬਿਹਾਰ ਸਰਕਾਰ ਵੱਲੋਂ 351ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ 25 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ। ਸੰਪਰਦਾ ਭੂਰੀ ਵਾਲਿਆਂ ਵੱਲੋਂ ਲਗਭਗ 20 ਹਜ਼ਾਰ ਸੰਗਤ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਪ੍ਰਬੰਧ ਗੁਰਦੁਆਰਾ ਬਾਲ ਲੀਲਾ ਨੇੜੇ ਬਣਾਈ ਗਈ ਰਾਜ ਮਾਤਾ ਵਿਸ਼ੰਬਰਾ ਦੇਵੀ ਯਾਤਰੀ ਨਿਵਾਸ ਤੋਂ ਇਲਾਵਾ ਟੈਂਟ ਸਿਟੀ ਅਤੇ ਪਟਨਾ ਦੇ 30 ਹੋਟਲਾਂ ਵਿੱਚ ਕੀਤਾ ਗਿਆ ਹੈ। ਸੰਪਰਦਾ ਵੱਲੋਂ ਮੁੱਖ ਮੰਤਰੀ ਨੂੰ ਗੁਰਦੁਆਰਾ ਗੋਬਿੰਦ ਸਿੰਘ ਮਾਰਗ ਤੋਂ ਬਾਈਪਾਸ ਟੈਂਟ ਸਿਟੀ ਤੱਕ ਰਸਤੇ ਦੇ ਦੋਵੇਂ ਪਾਸੇ ਛਾਂਦਾਰ ਤੇ ਫਲਦਾਰ ਬੂਟੇ ਲਾਉਣ ਦੀ ਸੇਵਾ ਦੀ ਪੇਸ਼ਕਸ਼ ਕੀਤੀ ਗਈ, ਜਿਸ ਨੂੰ ਮੁੱਖ ਮੰਤਰੀ ਨੇ ਪ੍ਰਵਾਨਗੀ ਦਿੱਤੀ। ਇਸ ਮੌਕੇ ਸੰਪਰਦਾ ਮੁਖੀ ਬਾਬਾ ਕਸ਼ਮੀਰ ਸਿੰਘ ਅਤੇ ਬਾਬਾ ਸੁਖਵਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਨੂੰ ਸਿਰੋਪਾ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਵਿੱਕੀ ਗੌਂਡਰ ਗਰੋਹ ਦੇ ਦੋ ਗੈਂਗਸਟਰ ਪੁਲੀਸ ਮੁਕਾਬਲੇ 'ਚ ਹਲਾਕ

**ਬਠਿੰਡਾ/ਚਰਨਜੀਤ ਭੁੱਲਰ:** ਇਸ ਜਿਲ੍ਹੇ ਦੇ ਪਿੰਡ ਗੁਲਾਬਗੜ੍ਹ (ਬਠਿੰਡਾ) ਵਿੱਚ ਪੁਲੀਸ ਨਾਲ ਮੁਕਾਬਲੇ 'ਚ ਵਿੱਕੀ ਗੌਂਡਰ ਗਰੋਹ ਦੇ ਦੋ ਗੈਂਗਸਟਰ ਮਾਰੇ ਗਏ ਅਤੇ ਇੱਕ ਗੈਂਗਸਟਰ ਫੱਟੜ ਹੋ ਗਿਆ। ਬਠਿੰਡਾ ਪੁਲੀਸ ਨੇ ਮੌਕੇ ਤੋਂ ਦੋ ਹੋਰ ਗੈਂਗਸਟਰ ਦਬੋਚੇ ਹਨ। ਪਿੰਡ ਭੁੱਚੋ ਖੁਰਦ ਨੇੜਿਓਂ ਬਠਿੰਡਾ-ਬਰਨਾਲਾ ਸੜਕ 'ਤੇ ਸ਼ੁਕਰਵਾਰ ਸਵੇਰੇ ਕਰੀਬ ਸਵਾ 11 ਵਜੇ ਫਾਰਚੂਨਰ ਗੱਡੀ ਖੋਹ ਕੇ ਪੰਜ ਗੈਂਗਸਟਰ ਵਾਇਆ ਤੁੰਗਵਾਲੀ ਫਰਾਰ ਹੋਏ ਸਨ। ਭੁੱਚੋ ਪੁਲੀਸ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਜ਼ਿਲ੍ਹਾ ਪੁਲੀਸ ਦੀ ਇੱਕ ਮੀਟਿੰਗ ਦੌਰਾਨ ਇਸ ਵਾਰਦਾਤ ਦਾ ਪਤਾ ਲੱਗਾ ਤਾਂ ਸੀਆਈਏ ਵਨ ਅਤੇ ਟੂ ਦੀਆਂ ਟੀਮਾਂ ਨੇ ਪਿੰਡ ਗੁਲਾਬਗੜ੍ਹ ਕੋਲ ਘੇਰਾਬੰਦੀ ਕਰ ਲਈ।ਪੁਲੀਸ ਨਾਲ ਮੁਕਾਬਲੇ 'ਚ ਤਿੰਨ ਗੈਂਗਸਟਰ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ 'ਚੋਂ ਦੋ ਗੈਂਗਸਟਰ ਪ੍ਰਭਦੀਪ ਸਿੰਘ ਉਰਫ਼ ਦੀਪ ਵਾਸੀ ਮਾਮੂਖੇੜਾ (ਫਾਜ਼ਿਲਕਾ) ਅਤੇ ਮਨਪ੍ਰੀਤ ਸਿੰਘ ਉਰਫ਼ ਮੰਨਾ ਵਾਸੀ ਮੈਟਰੋ ਸਿਟੀ ਅਬੋਹਰ ਇਲਾਜ ਦੌਰਾਨ ਦਮ ਤੋੜ ਗਏ। ਗੈਂਗਸਟਰ ਅੰਮ੍ਰਿਤਪਾਲ ਸਿੰਘ ਵਾਸੀ ਅਬੋਹਰ ਦੀ ਹਾਲਤ ਗੰਭੀਰ ਹੋਣ ਕਰਕੇ ਮੈਡੀਕਲ ਕਾਲਜ ਤੇ ਹਸਪਤਾਲ, ਫ਼ਰੀਦਕੋਟ ਭੇਜ ਦਿੱਤਾ ਹੈ। ਪੁਲੀਸ ਨੇ ਮੌਕੇ 'ਤੇ ਗੈਂਗਸਟਰ ਸ਼ੇਰਾ ਖੁੱਬਣ ਦੇ ਚਚੇਰੇ ਭਰਾ ਹਰਵਿੰਦਰ ਸਿੰਘ ਭਿੰਦਾ ਵਾਸੀ ਆਲਮਗੜ੍ਹ (ਅਬੋਹਰ) ਅਤੇ ਗੁਰਬਿੰਦਰ ਸਿੰਘ ਗਿੰਦਾ ਵਾਸੀ ਕਮਾਲਵਾਲਾ ਨੂੰ ਕਾਬੂ ਕੀਤਾ ਹੈ। ਇਹ ਪੰਜ ਗੈਂਗਸਟਰ ਸ਼ੇਰਾ ਖੁੱਬਣ ਦੀ ਮੌਤ ਮਗਰੋਂ ਗੌਂਡਰ ਗੈਂਗ ਵਿੱਚ ਸ਼ਾਮਲ ਹੋਏ ਸਨ। ਬਠਿੰਡਾ ਜ਼ੋਨ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਅਤੇ ਐਸਐਸਪੀ ਨਵੀਨ ਸਿੰਗਲਾ ਨੇ ਸ਼ਾਮ ਵੇਲੇ ਦੱਸਿਆ ਕਿ ਚੋਰੀ ਦੀ ਸਕਾਰਪੀਓ (ਪੀਬੀ 02 ਸੀਐਕਸ 8395) ਵਿੱਚ ਸਵਾਰ ਪੰਜ ਗੈਂਗਸਟਰਾਂ ਨੇ ਪਿੰਡ ਭੁੱਚੋ ਖੁਰਦ ਨੇੜੇ ਫਾਰਚੂਨਰ ਗੱਡੀ (ਪੀਬੀ 13 ਆਰ 2222), ਜੋ ਸੁਨਾਮ ਦੇ ਨਿਸ਼ਾਨ ਸਿੰਘ ਪੁੱਤਰ ਰੂਪ ਸਿੰਘ ਦੀ ਸੀ, ਖੋਹੀ ਸੀ। ਇਸ ਵਾਰਦਾਤ ਬਾਰੇ ਪਤਾ ਲੱਗਣ 'ਤੇ ਪੂਰੇ ਜ਼ਿਲ੍ਹੇ ਵਿੱਚ ਰੈੱਡ ਅਲਰਟ ਜਾਰੀ ਕੀਤਾ ਗਿਆ ਸੀ। ਸੀਆਈਏ ਦੇ ਰਾਜਿੰਦਰ ਕੁਮਾਰ ਤੇ ਤਰਜਿੰਦਰ ਸਿੰਘ ਦੀ ਅਗਵਾਈ ਵਿੱਚ ਦੋ ਟੀਮਾਂ ਨੇ ਪਿੰਡ ਗੁਲਾਬਗੜ੍ਹ ਨੇੜੇ ਗੈਂਗਸਟਰਾਂ ਨੂੰ ਘੇਰਾ ਪਾ ਲਿਆ। ਗੈਂਗਸਟਰਾਂ ਨੇ ਪੁਲੀਸ 'ਤੇ ਗੋਲੀਆਂ ਚਲਾਈਆਂ, ਜੋ ਪੁਲੀਸ ਵਾਹਨ ਨੂੰ ਲੱਗੀਆਂ। ਆਈਜੀ ਛੀਨਾ ਨੇ ਦੱਸਿਆ ਕਿ ਪੁਲੀਸ ਨੇ ਬਚਾਅ 'ਚ ਫਾਇਰਿੰਗ ਕੀਤੀ, ਜਿਸ 'ਚ ਤਿੰਨ ਗੈਂਗਸਟਰ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਦੋ ਗੈਂਗਸਟਰ ਮੈਕਸ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜ ਗਏ। ਪੁਲੀਸ ਨੇ ਥਾਣਾ ਨਥਾਣਾ 'ਚ ਧਾਰਾ 395,25/54/59 ਆਰਮਜ਼ ਐਕਟ, 148, 149 ਤਹਿਤ ਕੇਸ ਦਰਜ ਕਰ ਲਿਆ ਹੈ। ਥਾਣਾ ਕੋਟਫੱਤਾ 'ਚ ਵੀ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਗੈਂਗਸਟਰਾਂ ਕੋਲੋਂ ਇੱਕ 9 ਐਮਐਮ ਪਿਸਤੌਲ, .32 ਬੋਰ ਪਿਸਤੌਲ ਅਤੇ .315 ਬੋਰ ਪਿਸਤੌਲ ਸਮੇਤ ਹੋਰ ਅਸਲਾ ਬਰਾਮਦ ਹੋਇਆ ਹੈ। ਜ਼ਖ਼ਮੀ ਗੈਂਗਸਟਰ ਅੰਮ੍ਰਿਤਪਾਲ ਸਿੰਘ 'ਤੇ ਥਾਣਾ ਅਬੋਹਰ ਅਤੇ ਬਹਾਵ ਵਾਲਾ ਵਿੱਚ ਕਤਲ ਕੇਸ ਸਮੇਤ ਤਿੰਨ ਕੇਸ ਦਰਜ ਹਨ ਅਤੇ ਉਹ 27 ਸਤੰਬਰ ਨੂੰ ਅਬੋਹਰ ਤੋਂ ਅਦਾਲਤੀ ਪੇਸ਼ੀ ਦੌਰਾਨ ਗੈਂਗਸਟਰ ਮੰਨਾ ਤੇ ਦੀਪ ਦੀ ਮਦਦ ਨਾਲ ਫਰਾਰ ਹੋਇਆ ਸੀ। ਕਾਬੂ ਕੀਤੇ ਗੈਂਗਸਟਰ ਹਰਵਿੰਦਰ ਸਿੰਘ ਭਿੰਦਾ 'ਤੇ ਪੰਜ ਕੇਸ ਦਰਜ ਹਨ। ਆਈਜੀ ਛੀਨਾ ਨੇ ਦੱਸਿਆ ਕਿ ਸਿਵਲ ਸਰਜਨ ਨੂੰ ਗੈਂਗਸਟਰਾਂ ਦੇ ਪੋਸਟਮਾਰਟਮ ਦੀ ਵੀਡੀਓਗ੍ਰਾਫੀ ਕਰਾਉਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੀਆਈਏ ਇੰਚਾਰਜ ਰਾਜਿੰਦਰ ਕੁਮਾਰ ਤੇ ਏਐਸਆਈ ਹਰਜੀਵਨ ਸਿੰਘ ਸਮੇਤ ਸੱਤ ਮੁਲਾਜ਼ਮਾਂ ਦੇ ਨਾਂ ਦੀ ਇਨਾਮ ਵਾਸਤੇ ਸਿਫ਼ਾਰਸ਼ ਕੀਤੀ ਜਾਵੇਗੀ।


ਪੁਲੀਸ ਮੁਕਾਬਲੇ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀ

**ਮੈਜਿਸਟਰੇਟੀ ਜਾਂਚ ਦੇ ਹੁਕਮ**

ਡਿਪਟੀ ਕਮਿਸ਼ਨਰ, ਬਠਿੰਡਾ ਦੀਪਰਵਾ ਲਾਕਰਾ ਨੇ ਇਸ ਪੁਲੀਸ ਮੁਕਾਬਲੇ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਤਹਿਸੀਲਦਾਰ ਬਠਿੰਡਾ ਇਸ ਮਾਮਲੇ ਦੀ ਜਾਂਚ ਕਰ ਕੇ ਸੱਤ ਦਿਨਾਂ ਵਿੱਚ ਰਿਪੋਰਟ ਦੇਣਗੇ। ਅੰਤਿਮ ਰਿਪੋਰਟ ਫੋਰੈਂਸਿਕ ਜਾਂਚ ਦੇ ਨਤੀਜੇ ਮਗਰੋਂ ਦਿੱਤੀ ਜਾਵੇਗੀ।

## ਆਧਾਰ ਨਾਲ ਜੋੜਨ ਦੀ ਹੱਦ ਹੁਣ 31 ਮਾਰਚ ਤੱਕ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਰਕਾਰ ਦੀਆਂ ਵੱਖ-ਵੱਖ ਕਲਿਆਣਕਾਰੀ ਯੋਜਨਾਵਾਂ ਨੂੰ ਆਧਾਰ ਨਾਲ ਜੋੜਨ ਨੂੰ ਜ਼ਰੂਰੀ ਬਣਾਉਣ 'ਤੇ ਸੁਪਰੀਮ ਕੋਰਟ ਨੇ ਸਹਿਮਤੀ ਪ੍ਰਗਟ ਕੀਤੀ ਹੈ। ਸਰਕਾਰੀ ਯੋਜਨਾਵਾਂ ਅਤੇ ਕਲਿਆਣਕਾਰੀ ਯੋਜਨਾਵਾਂ ਨਾਲ ਆਧਾਰ ਨੂੰ ਲਾਜ਼ਮੀ ਤੌਰ 'ਤੇ ਜੋੜਨ ਦੇ ਕੇਂਦਰ ਦੇ ਫ਼ੈਸਲੇ 'ਤੇ ਅੰਤਿਮ ਰੋਕ ਲਗਾਉਣ ਦੀ ਮੰਗ ਵਾਲੀਆਂ ਪਟੀਸ਼ਨਾਂ 'ਤੇ ਅੱਜ ਸਵੇਰੇ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ। ਪੰਜ ਜੱਜਾਂ ਦੇ ਬੈਂਚ ਬੈਂਕ ਖਾਤਿਆਂ ਅਤੇ ਮੋਬਾਈਲ ਨੰਬਰ ਨੂੰ ਜੋੜਨ ਦੀ ਆਖ਼ਰੀ ਸਮਾਂ ਸੀਮਾ ਨੂੰ ਵਧਾ ਕੇ 31 ਮਾਰਚ ਤਕ ਕਰ ਦਿੱਤਾ ਹੈ। ਅਦਾਲਤ ਨੇ ਸਾਰੇ ਬੈਂਕ ਖਾਤਿਆਂ ਨੂੰ ਆਧਾਰ ਨਾਲ ਜੋੜਨ ਦੀ ਅੰਤਿਮ ਮਿਤੀ 31 ਮਾਰਚ ਤੱਕ ਵਧਾ ਦਿੱਤੀ ਹੈ ਪਰ ਨਵੇਂ ਬੈਂਕ ਖਾਤਿਆਂ ਦੇ ਲਈ ਆਧਾਰ ਦੇਣਾ ਹੋਵੇਗਾ। ਆਧਾਰ ਨਾ ਹੋਣ ਦੀ ਸੂਰਤ 'ਚ ਗਾਹਕ ਨੂੰ ਆਪਣਾ ਆਧਾਰ ਬਣਾਉਣ ਲਈ ਬਿਨੈ ਕੀਤਾ ਹੋਣਾ ਜ਼ਰੂਰੀ ਹੋਵੇਗਾ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਮੋਬਾਈਲ ਸੇਵਾਵਾਂ ਨੂੰ ਆਧਾਰ ਨਾਲ ਜੋੜਨ ਦੀ 6 ਫਰਵਰੀ ਦੀ ਸਮਾਂ ਸੀਮਾ ਨੂੰ ਵੀ 31 ਮਾਰਚ ਤੱਕ ਵਧਾ ਦਿੱਤਾ ਗਿਆ ਹੈ ।


JESSIE TAX SERVICES

We Provide Comprehensive Tax Services


JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com


# ਪਰਵਜ਼ ਮੁਸ਼ੱਰਫ਼ ਦੇ ਮਨ ਜਾਗਿਆ 'ਦੇਸ਼ ਭਗਤ' ਲਸ਼ਕਰੀਆਂ ਦਾ ਮੋਹ

**ਕਰਾਚੀ/ਬਿਊਰੋ ਨਿਊਜ਼**, ਪਾਕਿਸਤਾਨ ਦੇ ਸਾਬਕਾ ਸਦਰ ਤੇ ਮੁਲਕ ਦੀ ਫ਼ੌਜ ਦੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਨੇ ਲਸ਼ਕਰੇ ਤੋਇਬਾ ਤੇ ਜਮਾਤ ਉਦ ਦਾਵਾ ਵਰਗੀਆਂ ਦਹਿਸ਼ਤੀ ਜਥੇਬੰਦੀਆਂ ਨੂੰ 'ਦੇਸ਼ ਭਗਤ' ਗ਼ਰਦਾਨਦਿਆਂ ਕਿਹਾ ਹੈ ਕਿ ਉਹ ਮੁਲਕ ਦੀ 'ਰੱਖਿਆ ਤੇ ਸੁਰੱਖਿਆ' ਲਈ ਉਨ੍ਹਾਂ ਨਾਲ ਭਾਈਵਾਲੀ ਪਾਉਣ ਨੂੰ ਤਿਆਰ ਹੈ। ਇਹ ਦਾਅਵਾ ਇਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ।



74 ਸਾਲਾਂ ਨੂੰ ਢੁੱਕੇ ਸਾਬਕਾ ਫ਼ੌਜੀ ਜਰਨੈਲ ਤੇ ਦੁਬਈ ਵਿੱਚ ਸਵੈ-ਜਲਾਵਤਨੀ ਕੱਟਣ ਵਾਲੇ ਮੁਸ਼ੱਰਫ਼ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਲਸ਼ਕਰੇ ਤੋਇਬਾ ਤੇ ਇਸ ਦੇ ਬਾਨੀ ਹਾਫ਼ੀਜ਼ ਸਈਦ, ਜੋ ਕਿ ਮੁੰਬਈ ਹਮਲੇ ਦਾ ਮੁੱਖ ਸਾਜ਼ਿਸ਼ਘਾੜਾ ਤੇ ਪਾਬੰਦੀਸ਼ੁਦਾ ਜਮਾਤ ਉਦ ਦਾਵਾ ਜਥੇਬੰਦੀ ਦਾ ਮੁਖੀ ਵੀ ਹੈ, ਦਾ ਸਭ ਤੋਂ ਵੱਡਾ ਪ੍ਰਸ਼ੰਸਕ ਹੈ। ਏਆਰਵਾਈ ਨਿਊਜ਼ ਚੈਨਲ ਨੇ ਮੁਸ਼ੱਰਫ਼ ਦੇ ਹਵਾਲੇ ਨਾਲ ਕਿਹਾ, 'ਉਹ (ਲਸ਼ਕਰੇ ਤੋਇਬਾ ਤੇ ਜਮਾਤ ਉਦ ਦਾਵਾ) ਦੇਸ਼ ਭਗਤ ਲੋਕ ਹਨ। ਸਭ ਤੋਂ ਵੱਡੇ ਦੇਸ਼ ਭਗਤ। ਉਨ੍ਹਾਂ ਕਸ਼ਮੀਰ ਵਿੱਚ ਪਾਕਿਸਤਾਨ ਲਈ ਆਪਣੀਆਂ ਜਾਨਾਂ ਤਕ ਵਾਰ ਦਿੱਤੀਆਂ।' ਮੁਸ਼ੱਰਫ਼ ਨੇ ਕਿਹਾ ਕਿ ਇਨ੍ਹਾਂ ਦੋਵਾਂ ਜਥੇਬੰਦੀਆਂ ਨੂੰ ਵੱਡੀ ਗਿਣਤੀ ਲੋਕਾਂ ਦੀ ਹਮਾਇਤ ਹਾਸਲ ਹੈ ਅਤੇ ਜੇਕਰ ਉਹ ਸਿਆਸੀ ਪਾਰਟੀ ਦਾ ਗਠਨ ਕਰਦੇ ਹਨ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਕਾਬਿਲੇਗੌਰ ਹੈ ਕਿ 2008 ਵਿੱਚ ਮੁੰਬਈ ਹਮਲਿਆਂ, ਜਿਸ ਵਿੱਚ 166 ਲੋਕ ਮਾਰੇ ਗਏ ਸਨ, ਮਗਰੋਂ ਲਸ਼ਕਰੇ ਤੋਇਬਾ 'ਤੇ ਪਾਬੰਦੀ ਆਇਦ ਕਰ ਦਿੱਤੀ ਗਈ ਸੀ ਜਦਕਿ ਜਮਾਤ ਉਦ ਦਾਵਾ ਨੂੰ ਅਮਰੀਕਾ ਨੇ ਜੂਨ 2014 ਵਿੱਚ ਵਿਦੇਸ਼ੀ ਅਤਿਵਾਦੀ ਜਥੇਬੰਦੀ ਐਲਾਨ ਦਿੱਤਾ ਸੀ। ਜਮਾਤ ਉਦ ਦਾਵਾ ਮੁਖੀ ਸਈਦ ਨੇ ਅਜੇ ਪਿਛਲੇ ਮਹੀਨੇ ਆਪਣੀ ਸਿਆਸੀ ਇੱਛਾਵਾਂ ਦਾ ਖੁਲਾਸਾ ਕਰਦਿਆਂ ਰਸਮੀ ਐਲਾਨ ਕੀਤਾ ਸੀ ਕਿ ਉਸ ਦੀ ਜਥੇਬੰਦੀ ਮਿਲੀ ਮੁਸਲਿਮ ਲੀਗ ਦੇ ਬੈਨਰ ਹੇਠ 2018 ਦੀਆਂ ਆਮ ਚੋਣਾਂ ਲੜੇਗੀ।


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰੇਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## ਭਾਈ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਨਸ਼ਿਆਂ ਅਤੇ ਪਤਿਤਪੁਣੇ ਨੂੰ ਰੋਕਣ ਲਈ ਮੁਹਿੰਮ ਦੀ ਮਜਬੂਤੀ ਉੱਤੇ ਜ਼ੋਰ

**ਜਲੰਧਰ/ਜਸਪਾਲ ਸਿੰਘ:** ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਨੌਜਵਾਨਾਂ 'ਚ ਵਧ ਰਹੇ ਨਸ਼ਿਆਂ ਅਤੇ ਪਤਿਤਪੁਣੇ ਦੇ ਰੁਝਾਣ ਨੂੰ ਰੋਕਣ ਲਈ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰੇਗੀ । ਇਸ ਲਹਿਰ ਤਹਿਤ ਪਿੰਡ-ਪਿੰਡ ਗੁਰਮਤਿ ਸਮਾਗਮ ਕਰਵਾਏ ਜਾਣਗੇ ਤੇ ਨੌਜਵਾਨਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਜਾਵੇਗਾ ।ਸੋਸ਼ਲ ਮੀਡੀਆ ਦੇ ਵਧ ਰਹੇ ਪ੍ਰਭਾਵ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਵਲੋਂ ਇਕ ਸੋਸ਼ਲ ਮੀਡੀਆ ਵਿੰਗ ਵੀ ਸਥਾਪਿਤ ਕੀਤਾ ਜਾ ਰਿਹਾ ਹੈ, ਜੋ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ ਦੇ ਉੱਚੇ-ਸੁੱਚੇ ਸਿਧਾਂਤਾਂ ਅਤੇ ਫਲਸਫੇ ਨਾਲ ਜੋੜਨ ਦਾ ਯਤਨ ਕਰੇਗਾ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼ੁਕਰਵਾਰ ਨੂੰ ਇੱਥੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕੀਤਾ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਜਿੱਥੇ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ, ਉੱਥੇ ਸਮਾਜ 'ਚ ਫੈਲੀਆਂ ਅਨੇਕਾਂ ਤਰ੍ਹਾਂ ਦੀਆਂ ਕੁਰੀਤੀਆਂ ਪ੍ਰਤੀ ਵੀ ਸਿੱਖ ਸਮਾਜ ਨੂੰ ਜਾਗਰੂਕ ਕੀਤਾ ਜਾਵੇਗਾ । ਇਸ ਦੇ ਨਾਲ ਹੀ ਉਨ੍ਹਾਂ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਚੁਣੌਤੀਆਂ ਤਾਂ ਹਰ ਕੰਮ 'ਚ ਹੁੰਦੀਆਂ ਹਨ ਪਰ ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਅਜਿਹੇ ਸਾਰੇ ਮਸਲਿਆਂ ਦਾ ਹੱਲ ਆਪਸ 'ਚ ਮਿਲ ਬੈਠ ਕੇ ਕੱਢਿਆ ਜਾਵੇ । ਗੁੰਝਲਦਾਰ ਮਸਲਿਆਂ ਦੇ ਹੱਲ ਲਈ ਸਿੱਖ ਇਤਿਹਾਸਕਾਰਾਂ, ਬੁੱਧੀਜੀਵੀਆਂ, ਸੰਤ ਸਮਾਜ ਅਤੇ ਹੋਰਨਾਂ ਪ੍ਰਮੁੱਖ ਸਿੱਖ ਸੰਸਥਾਵਾਂ ਦੇ ਆਗੂਆਂ ਦੀ ਰਾਏ ਨਾਲ ਆਮ ਸਹਿਮਤੀ ਬਣਾਉਣ ਦੇ ਯਤਨ ਕੀਤੇ ਜਾਣਗੇ ।



### ਸਾਰੀਆਂ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ

ਭਾਈ ਲੌਂਗੋਵਾਲ ਨੇ ਸਿੱਖ ਕੌਮ ਦੀ ਚੜ੍ਹਦੀ ਲਈ ਸਾਰੀਆਂ ਧਿਰਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਅੱਜ ਸਿੱਖ ਪੰਥ ਦੇ ਸਾਹਮਣੇ ਅਨੇਕਾਂ ਤਰ੍ਹਾਂ ਦੀਆਂ ਚੁਣੌਤੀਆਂ ਹਨ ਤੇ ਇਨ੍ਹਾਂ ਦਾ ਟਾਕਰਾ ਇਕੱਠੇ ਹੋ ਕੇ ਹੀ ਕੀਤਾ ਜਾ ਸਕਦਾ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਪਨਾਉਣ ਦੀ ਲੋੜ

ਪਿਛਲੇ ਸਮੇਂ ਦੌਰਾਨ ਖੁੰਭਾਂ ਦੀ ਤਰ੍ਹਾਂ ਵੱਧ ਰਹੇ ਡੇਰਾਵਾਦ ਬਾਰੇ ਗੱਲ ਕਰਦਿਆਂ ਭਾਈ ਲੌਂਗੋਵਾਲ ਨੇ ਕਿਹਾ ਕਿ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨਾ ਚਾਹੀਦਾ ਹੈ ਤੇ ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ 'ਤੇ ਚੱਲ ਕੇ ਆਪਣੀ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ ਸਿੱਖ ਧਰਮ 'ਚ ਮੜੀਆਂ-ਮਸਾਣਾਂ ਨੂੰ ਪੂਜਣ ਦੀ ਕੋਈ ਥਾਂ ਨਹੀਂ ਹੈ ਤੇ ਹਰ ਵਿਅਕਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਤੇ ਅਮਲ ਕਰਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ ।

**ਨਿਯੁਕਤੀਆਂ ਤੋਂ ਵਿਵਾਦ ਬਾਰੇ ਜਾਂਚ ਕਮੇਟੀ**

ਸ਼੍ਰੋਮਣੀ ਕਮੇਟੀ 'ਚ ਹੋਈਆਂ ਨਿਯੁਕਤੀਆਂ ਅਤੇ ਤਰੱਕੀਆਂ 'ਤੇ ਉੱਠੇ ਸਵਾਲ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਜਾਂਚ ਲਈ ਬਣਾਈ ਗਈ ਕਮੇਟੀ ਨੂੰ 15 ਦਿਨਾਂ 'ਚ ਰਿਪੋਰਟ ਦੇਣ ਲਈ ਕਿਹਾ ਗਿਆ ਹੈ ਤੇ ਇਸ ਪਿੱਛੋਂ ਹੀ ਕਾਰਵਾਈ ਕੀਤੀ ਜਾਵੇਗੀ ।

### ਸਿਆਸੀ ਦਖ਼ਲ-ਅੰਦਾਜ਼ੀ ਹੋਵੇਗੀ ਬੰਦ

ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਕੰਮ-ਕਾਜ 'ਚ ਸਿਆਸੀ ਦਖਲ-ਅੰਦਾਜ਼ੀ ਸਬੰਧੀ ਲੱਗਦੇ ਰਹੇ ਦੋਸ਼ਾਂ 'ਤੇ ਟਿੱਪਣੀ ਕਰਦਿਆਂ ਭਾਈ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਕ ਨਿਰੋਲ ਧਾਰਮਿਕ ਸੰਸਥਾ ਹੈ ਤੇ ਇਸ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ । ਇਸ ਦੇ ਕੰਮ-ਕਾਜ 'ਚ ਕਿਸੇ ਵੀ ਤਰ੍ਹਾਂ ਦੀ ਸਿਆਸੀ ਦਖਲ-ਅੰਦਾਜ਼ੀ ਨਹੀਂ ਹੋਣੀ ਚਾਹੀਦੀ ਤੇ ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਭਵਿੱਖ 'ਚ ਸ਼੍ਰੋਮਣੀ ਕਮੇਟੀ ਦੇ ਕੰਮ-ਕਾਜ 'ਚ ਕਿਸੇ ਵੀ ਤਰ੍ਹਾਂ ਦੀ ਕੋਈ ਸਿਆਸੀ ਦਖਲ-ਅੰਦਾਜ਼ੀ ਨਾ ਹੋਵੇ । ਸ਼੍ਰੋਮਣੀ ਕਮੇਟੀ ਵਲੋਂ ਕੋਈ ਵੀ ਫੈਸਲਾ ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਦੀ ਸਲਾਹ ਨਾਲ ਹੀ ਲਿਆ ਜਾਵੇਗਾ । ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ 'ਚ ਵੀ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ ਤੇ ਅੱਗੇ ਤੋਂ ਵੀ ਸੰਸਥਾ ਵਲੋਂ ਅਜਿਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਹੋਰ ਵੀ ਜੋਸ਼ ਤੇ ਉਤਸ਼ਾਹ ਨਾਲ ਕੀਤਾ ਜਾਵੇਗਾ ।

### ਨਾਨਕਸ਼ਾਹੀ ਕੈਲੰਡਰ

ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਬਾਰੇ ਭਾਈ ਲੌਂਗੋਵਾਲ ਨੇ ਕਿਹਾ ਕਿ ਹਾਲਾਂਕਿ ਇਹ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜਿਆ ਹੋਇਆ ਹੈ ਪਰ ਫਿਰ ਵੀ ਉਨ੍ਹਾਂ ਇਸ ਸਬੰਧੀ ਸਿੱਖ ਬੁੱਧੀਜੀਵੀਆਂ, ਸਿੱਖ ਇਤਿਹਾਸਕਾਰਾਂ ਤੇ ਚਿੰਤਕਾਂ ਨਾਲ ਗੱਲ ਕਰਕੇ ਕੋਈ ਆਮ ਸਹਿਮਤੀ ਬਣਾਉਣ ਦਾ ਯਤਨ ਕਰਨਗੇ ।

### ਅਦਾਲਤ ਦੇ ਫੈਸਲੇ ਦੀ ਉਡੀਕ

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਅਦਾਲਤ 'ਚ ਚੱਲ ਰਹੇ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਅਦਾਲਤ ਚੋਣਾਂ ਕਰਵਾਉਣ ਦਾ ਆਦੇਸ਼ ਵੀ ਦਿੰਦੀ ਹੈ ਤਾਂ ਉਹ ਸੰਗਤ ਦੀ ਕਚਹਿਰੀ 'ਚ ਜਾਣ ਲਈ ਵੀ ਤਿਆਰ ਹਨ । ਉਨ੍ਹਾਂ ਕਿਹਾ ਕਿ ਸੰਗਤ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਕੇ ਕਿਸੇ ਨੂੰ ਵੀ ਸੇਵਾ ਸਾਪ ਸਕਦੀ ਹੈ ।

### ਸਿੱਖ ਇਤਿਹਾਸ ਦੀ ਪ੍ਰਮਾਣਿਕਤਾ ਬਾਰੇ ਬਣੇਗੀ ਕਮੇਟੀ

ਸਿੱਖ ਇਤਿਹਾਸ ਸਬੰਧੀ ਵਾਰ-ਵਾਰ ਉੱਠਦੇ ਵਿਵਾਦਾਂ ਦੇ ਹੱਲ ਲਈ ਸਿੱਖ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਦੀ ਇਕ ਕਮੇਟੀ ਬਣਾਈ ਜਾਵੇਗੀ, ਜੋ ਅਜਿਹੇ ਵਿਵਾਦਾਂ ਦਾ ਹੱਲ ਕਰੇਗੀ ।

### ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਵੱਡੀ ਪੱਧਰ 'ਤੇ ਮਨਾਏ ਜਾਣਗੇ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਵੱਡੀ ਪੱਧਰ 'ਤੇ ਮਨਾਏ ਜਾ ਰਹੇ ਹਨ ਤੇ ਇਸ ਸਬੰਧੀ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ । ਇਨ੍ਹਾਂ ਸਮਾਗਮਾਂ ਲਈ ਇਕ ਕੇਂਦਰੀ ਕਮੇਟੀ ਦਾ ਗਠਨ ਕੀਤਾ ਜਾ ਰਿਹਾ ਹੈ । ਸੁਲਤਾਨਪੁਰ ਲੋਧੀ ਵਿਖੇ ਕਰਵਾਏ ਜਾਣ ਵਾਲੇ ਸਮਾਗਮਾਂ ਦੇ ਮੱਦੇਨਜ਼ਰ ਵਿਸ਼ੇਸ਼ ਇਮਾਰਤਾਂ ਅਤੇ ਗੇਟਾਂ ਦੀ ਉਸਾਰੀ ਕੀਤੀ ਜਾ ਰਹੀ ਹੈ । ਇਸ ਦੇ ਨਾਲ ਹੀ ਕੌਮਾਂਤਰੀ ਪੱਧਰ 'ਤੇ ਸਿੱਖ ਭਾਈਚਾਰੇ ਨੂੰ ਨਾਲ ਜੋੜਨ ਲਈ ਵੀ ਸ਼੍ਰੋਮਣੀ ਕਮੇਟੀ ਵਲੋਂ ਹਰ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ । ਖਾਸ ਕਰਕੇ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਜਾਣ ਵਾਲੀ ਸੰਗਤ ਦੀ ਸਹੂਲਤ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ ਤੇ ਇਸ ਸਬੰਧੀ ਭਾਰਤ ਅਤੇ ਪਾਕਿਸਤਾਨ ਦੀ ਸਰਕਾਰ ਨਾਲ ਗੱਲ ਕੀਤੀ ਜਾ ਰਹੀ ਹੈ ।

# ਪੰਜਾਬ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਬਣਾਈ ਕਮੇਟੀ

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਉਲੀਕੇ ਜਾਣ ਵਾਲੇ ਵੱਖ-ਵੱਖ ਪ੍ਰੋਗਰਾਮਾਂ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ । ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਕਰਵਾਏ ਜਾਣ ਵਾਲੇ ਸਮਾਗਮਾਂ ਦੇ ਹਿੱਸੇ ਵਜੋਂ ਸੰਮੇਲਨ ਤੇ ਪ੍ਰਦਰਸ਼ਨੀਆਂ ਦਾ ਕਾਰਜ ਇਸ ਕਮੇਟੀ ਨੂੰ ਸਾਪਿਆ ਗਿਆ ਹੈ ਤਾਂ ਜੋ ਗੁਰੂ ਸਾਹਿਬਾਨ ਜੀ ਦੇ ਮਹਾਨ ਜੀਵਨ, ਕਾਰਜ ਅਤੇ ਸਿੱਖਿਆਵਾਂ ਦਾ ਸੰਦੇਸ਼ ਸਮੁੱਚੀ ਮਾਨਵਤਾ ਤੱਕ ਪਹੁੰਚਾਇਆ ਜਾ ਸਕੇ ।

ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਸੰਮੇਲਨ ਤੇ ਪ੍ਰਦਰਸ਼ਨੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕ੍ਰਮਵਾਰ 21, 22 ਅਤੇ 23 ਦਸੰਬਰ ਨੂੰ ਹੋਣਗੀਆਂ । ਇਹ ਕਮੇਟੀ ਵਧੀਕ ਮੁੱਖ ਸਕੱਤਰ (ਵਿਕਾਸ), ਵਧੀਕ ਮੁੱਖ ਸਕੱਤਰ (ਉਚੇਰੀ ਸਿੱਖਿਆ), ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀਆਂ 'ਤੇ ਆਧਾਰਿਤ ਹੋਵੇਗੀ ।

# ਲੌਂਗੋਵਾਲ ਨੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ

**ਸੰਗਰੂਰ/ਬਿਊਰੋ ਨਿਊਜ਼:**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਇੱਥੇ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਹੋਈ। ਇਸ ਦੌਰਾਨ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਅਤੇ ਇਹਿਤਾਸ ਨਾਲ ਛੇੜਛਾੜ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦਾ ਫ਼ੈਸਲਾ ਕੀਤਾ ਗਿਆ ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸਮੇਂ ਸਮੇਂ 'ਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਅਤੇ ਆਪਣੀਆਂ ਲਿਖਤਾਂ ਰਾਹੀਂ ਇਤਿਹਾਸ ਨਾਲ ਛੇੜਛਾੜ ਕਰਨ ਦੇ ਸਾਹਮਣੇ ਆ ਰਹੇ ਮਾਮਲਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਕੀਤਾ ਗਿਆ ਹੈ ਕਿ ਅਜਿਹੇ ਕੇਸਾਂ ਵਿੱਚ ਸਬੰਧਤ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਸਿੱਖੀ ਪ੍ਰਚਾਰ ਅਤੇ ਆਪਣੀਆਂ ਲਿਖਤਾਂ ਰਾਹੀਂ ਪੰਥ ਦੀ ਚੜ੍ਹਦੀ ਕਲਾ ਵਿੱਚ ਹਿੱਸਾ ਪਾਉਣ ਵਾਲੇ ਸਿੱਖ ਵਿਦਵਾਨਾਂ, ਸਿੱਖ ਕਥਾਕਾਰਾਂ ਤੇ ਪ੍ਰਚਾਰਕਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਆ ਜਾਵੇਗਾ। ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਪੁਸਤਕਾਂ ਮੁਫ਼ਤ ਵੰਡੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵਿੱਚ ਕਾਰਜਸ਼ੀਲ ਪ੍ਰਚਾਰਕਾਂ, ਕਵੀਸ਼ਰਾਂ, ਢਾਡੀਆਂ, ਧਾਰਮਿਕ ਅਧਿਆਪਕਾਂ ਅਤੇ ਵੱਖ-ਵੱਖ ਸੂਬਿਆਂ ਦੇ ਮਿਸ਼ਨਾਂ ਦੇ ਇੰਚਾਰਜਾਂ ਨਾਲ 10 ਜਨਵਰੀ ਨੂੰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਮੀਟਿੰਗ ਕਰ ਕੇ ਧਰਮ ਪ੍ਰਚਾਰ ਲਹਿਰ ਬਾਰੇ ਨਿਰਦੇਸ਼ ਦਿੱਤੇ ਜਾਣਗੇ। ਇਕੱਤਰਤਾ ਦੌਰਾਨ ਰਾਜਵਿੰਦਰ ਸਿੰਘ ਜੋਗਾ ਦੁਆਰਾ ਲਿਖਿਆ ਟ੍ਰੈਕਟ 'ਸ਼ੇਖ ਫੱਤੇ ਦੀ ਯਾਤਰਾ ਕਿਉਂ?' ਵੀ ਜਾਰੀ ਕੀਤਾ ਗਿਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਵਣਵਾਲਾ, ਭਾਈ ਅਜਾਇਬ ਸਿੰਘ ਅਭਿਆਸੀ, ਰਾਮਪਾਲ ਸਿੰਘ ਬਹਿਣੀਵਾਲ, ਮਨਜੀਤ ਸਿੰਘ ਬੱਪੀਆਣਾ ਵੀ ਹਾਜ਼ਰ ਸਨ।


AutoNation Acura
ACURA
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com





When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568





GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਰਾਹੁਲ ਨੇ ਕਾਂਗਰਸ ਪ੍ਰਧਾਨ ਵਜੋਂ ਪਾਰਟੀ ਦੀ ਕਮਾਨ ਸੰਭਾਲੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕਾਂਗਰਸ ਪਾਰਟੀ ਦੀ ਕਮਾਨ ਸੰਭਾਲਣ ਦੇ ਤੁਰੰਤ ਮਗਰੋਂ ਰਾਹੁਲ ਗਾਂਧੀ ਨੇ ਭਾਜਪਾ 'ਤੇ ਵਰ੍ਹਦਿਆਂ ਦੋਸ਼ ਲਾਇਆ ਕਿ ਉਹ ਮੁਲਕ 'ਚ ਨਫ਼ਰਤ ਅਤੇ ਹਿੰਸਾ ਦਾ ਮਾਹੌਲ ਫੈਲਾ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸ਼ਬਦੀ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ (ਮੋਦੀ) ਭਾਰਤ ਨੂੰ ਮੱਧਕਾਲੀ ਯੁੱਗ ਵੱਲ ਲਿਜਾ ਰਹੇ ਹਨ। ਕਾਂਗਰਸ ਪ੍ਰਧਾਨ ਵਜੋਂ ਇੱਥੇ ਰਸਮੀ ਤੌਰ 'ਤੇ ਅਹੁਦਾ ਸੰਭਾਲਣ ਮਗਰੋਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਪਾਰਟੀ ਦੀ ਭਵਿੱਖੀ ਰਣਨੀਤੀ ਦੀ ਸੁਰ ਤੈਅ ਕਰ ਦਿੱਤੀ ਕਿ ਉਹ ਆਪਣੇ ਧੁਰ ਵਿਰੋਧੀ ਭਾਜਪਾ ਦਾ ਕਿਵੇਂ ਟਾਕਰਾ ਕਰਨਗੇ। ਉਨ੍ਹਾਂ ਕਿਹਾ,"ਕਾਂਗਰਸ ਸਾਰੇ ਭਾਰਤੀਆਂ ਦਾ ਸਤਿਕਾਰ ਕਰਦੀ ਹੈ ਅਤੇ ਭਾਜਪਾ ਨੂੰ ਵੀ ਇਹੋ ਮਾਣ ਦਿੰਦੀ ਹੈ। ਅਸੀਂ ਨਫ਼ਰਤ ਨੂੰ ਨਫ਼ਰਤ ਨਾਲ ਨਹੀਂ ਮਾਰਦੇ। ਉਹ ਸੰਘੀ ਘੁਟਦੇ ਹਨ, ਅਸੀਂ ਕਮਜ਼ੋਰਾਂ ਨੂੰ ਆਵਾਜ਼ ਬੁਲੰਦ ਕਰਨ ਦਾ ਹੌਸਲਾ ਦਿੰਦੇ ਹਾਂ। ਉਹ ਨਿੰਦਾ ਕਰਦੇ ਹਨ, ਅਸੀਂ ਸਤਿਕਾਰ ਦਿੰਦੇ ਹਾਂ ਅਤੇ ਬਚਾਅ ਕਰਦੇ ਹਾਂ।" ਹਲੀਮੀ ਦਾ ਪ੍ਰਗਟਾਵਾ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਪਾਰਟੀ ਦੀ ਕਮਾਨ ਇਹ ਜਾਣਦਿਆਂ ਸੰਭਾਲ ਰਹੇ ਹਨ ਕਿ ਉਨ੍ਹਾਂ ਨੂੰ 'ਦਿੱਗਜਾਂ' ਦਾ ਸਾਥ ਮਿਲਦਾ ਰਹੇਗਾ। ਪਾਰਟੀ ਵਰਕਰਾਂ ਨੂੰ ਆਪਣੇ 'ਪਰਿਵਾਰ' ਦਾ ਹਿੱਸਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਉਨ੍ਹਾਂ ਨਾਲ ਖੜ੍ਹੇ ਰਹਿਣਗੇ। ਭਾਜਪਾ ਬਾਰੇ ਉਨ੍ਹਾਂ ਕਿਹਾ ਕਿ ਉਹ ਅੱਗ ਭੜਕਾਉਂਦੇ ਹਨ ਪਰ ਇਕ ਵਾਰ ਅੱਗ ਲੱਗਣ ਮਗਰੋਂ ਉਸ ਨੂੰ ਬੁਝਾਉਣਾ ਮੁਸ਼ਕਲ ਹੁੰਦਾ ਹੈ। ਸ੍ਰੀ ਮੋਦੀ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਭਾਰਤ ਨੂੰ 21ਵੀਂ ਸਦੀ 'ਚ ਲੈ ਕੇ ਗਈ ਜਦਕਿ ਪ੍ਰਧਾਨ ਮੰਤਰੀ ਅੱਜ ਮੁਲਕ ਨੂੰ ਮੱਧਕਾਲੀ ਯੁੱਗ 'ਚ ਪਿਛਾਂਹ ਲੈ ਕੇ ਜਾ ਰਹੇ ਹਨ ਜਿਥੇ ਲੋਕਾਂ ਦੀ ਹਸਤੀ ਅਤੇ ਖਾਣ-ਪੀਣ ਦੇ ਢੰਗ ਲਈ ਕਤਲੇਆਮ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਸੋਚ ਲਈ ਕੁੱਟਮਾਰ ਕੀਤੀ ਜਾਂਦੀ ਹੈ। 'ਮੁਲਕ 'ਚ ਇਸ ਹਿੰਸਕ ਵਰਤਾਰੇ ਨੇ ਦੁਨੀਆ ਭਰ 'ਚ ਸਾਨੂੰ ਸ਼ਰਮਿੰਦਾ ਕਰ ਦਿੱਤਾ ਹੈ



ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਰਾਹੁਲ ਗਾਂਧੀ ਆਪਣੀ ਮਾਂ ਸੋਨੀਆ ਗਾਂਧੀ ਦਾ ਮੱਥਾ ਚੁੰਮ ਕੇ ਉਨ੍ਹਾਂ ਦਾ ਸਤਿਕਾਰ ਕਰਦੇ ਹੋਏ।

ਕਿਉਂਕਿ ਭਾਰਤ ਦਾ ਦਰਸ਼ਨ ਅਤੇ ਇਤਿਹਾਸ ਪਿਆਰ ਅਤੇ ਦਿਆਲਤਾ 'ਚੋਂ ਨਿਕਲਿਆ ਹੈ ਜਿਸ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਕਿੰਨੀਆਂ ਵੀ ਗੱਲਵਕੜੀਆਂ ਮੁਲਕ ਨੂੰ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੀਆਂ।' ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਸਿਰਫ਼ ਨਿੱਜੀ ਸ਼ੋਹਰਤ ਲਈ ਤਜਰਬੇ, ਮਾਹਿਰਾਂ ਅਤੇ ਗਿਆਨ ਨੂੰ ਦਰਕਿਨਾਰ ਕਰ ਰਹੇ ਹਨ। 'ਉਹ (ਭਾਜਪਾ) ਕਾਂਗਰਸ ਮੁਕਤ ਭਾਰਤ ਚਾਹੁੰਦੀ ਹੈ, ਉਹ ਸਾਨੂੰ ਖ਼ਤਮ ਕਰਨਾ ਚਾਹੁੰਦੇ ਹਨ ਪਰ ਕਾਂਗਰਸ ਵੱਲੋਂ ਸਾਰੇ ਭਾਰਤੀਆਂ ਨੂੰ ਦਿੱਤਾ ਜਾਂਦਾ ਸਤਿਕਾਰ ਭਾਜਪਾ ਨੂੰ ਵੀ ਦਿੱਤਾ ਜਾਵੇਗਾ।' ਕਾਂਗਰਸ ਵਰਕਰਾਂ ਨੂੰ ਲੋਕਾਂ ਨਾਲ ਜੁੜਨ ਦਾ ਸੱਦਾ ਦਿੰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਪਾਰਟੀ ਹਰ ਤਰ੍ਹਾਂ ਦੇ ਲੋਕਾਂ ਦਰਮਿਆਨ ਰਾਬਤਾ ਦਾ ਸਾਧਨ ਬਣੇ ਅਤੇ ਹਮੇਸ਼ਾ ਪਿਆਰ ਤੇ ਸਨੇਹ ਦਾ ਸੁਨੇਹਾ ਦਿੱਤਾ ਜਾਵੇ। ਉਨ੍ਹਾਂ 'ਸਭ ਤੋਂ ਪੁਰਾਣੀ ਪਾਰਟੀ' ਨੂੰ 'ਸਭ ਤੋਂ ਪੁਰਾਣੀ ਅਤੇ ਨੌਜਵਾਨ ਪਾਰਟੀ' ਬਣਾਉਣ ਦਾ ਸੱਦਾ ਦਿੰਦਿਆਂ ਨੌਜਵਾਨਾਂ ਨੂੰ ਇਸ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪਿਛਾਂਹ ਹਟਾਂਗੇ ਤਾਂ ਭਾਜਪਾ ਹਰਾ ਸਕਦੀ ਹੈ ਪਰ ਜੇਕਰ ਸਾਹਮਣੇ ਡੱਟ ਗਏ ਤਾਂ ਉਨ੍ਹਾਂ ਦਾ ਗੁੱਸਾ ਅਤੇ ਨਫ਼ਰਤ ਸਾਨੂੰ ਸਾਰਿਆਂ ਨੂੰ ਮਜ਼ਬੂਤ ਬਣਾਏਗਾ।

## ਮੇਰੀ ਮਾਂ ਹੀ 2019 'ਚ ਰਾਏ ਬਰੇਲੀ ਤੋਂ ਲੜੇਗੀ ਚੋਣ: ਪ੍ਰਿਅੰਕਾ

ਨਵੀਂ ਦਿੱਲੀ: ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਹਾ ਹੈ ਕਿ 2019 'ਚ ਰਾਏ ਬਰੇਲੀ ਤੋਂ ਲੋਕ ਸਭਾ ਚੋਣ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਹੀ ਲੜੇਗੀ। ਇਸ ਬਿਆਨ ਨਾਲ ਪ੍ਰਿਅੰਕਾ ਨੇ ਉਨ੍ਹਾਂ ਕਿਆਸਅਰਾਈਆਂ 'ਤੇ ਅੱਜ ਵਿਰਾਮ ਲਗਾ ਦਿੱਤਾ ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਉਹ ਰਾਏ ਬਰੇਲੀ ਤੋਂ ਚੋਣ ਲੜ ਸਕਦੀ ਹੈ। ਸ਼ੁੱਕਰਵਾਰ ਨੂੰ ਸੋਨੀਆ ਗਾਂਧੀ ਵੱਲੋਂ ਆਪਣੀ 'ਸੇਵਾਮੁਕਤੀ' ਦਾ ਇਸ਼ਾਰਾ ਕਰਨ ਮਗਰੋਂ ਪ੍ਰਿਅੰਕਾ ਦੇ ਸਰਗਰਮ ਸਿਆਸਤ 'ਚ ਆਉਣ ਦੀਆਂ ਕਿਆਸਾਂ ਲੱਗ ਰਹੀਆਂ ਸਨ। ਭਰਾ ਰਾਹੁਲ ਗਾਂਧੀ ਦੇ ਪਾਰਟੀ ਪ੍ਰਧਾਨ ਬਣਨ ਮੌਕੇ ਪ੍ਰਿਅੰਕਾ ਨੇ ਮਾਂ ਦੀਆਂ ਤਾਰੀਫ਼ਾਂ ਦੇ ਪੁੱਲ ਬੰਨ੍ਹਦਿਆਂ ਉਸ ਨੂੰ ਬਹਾਦਰ ਮਹਿਲਾ ਕਰਾਰ ਦਿੱਤਾ।



## ਵਿਰੋਧੀਆਂ ਦੇ ਹਮਲਿਆਂ ਨਾਲ ਰਾਹੁਲ ਹੋਇਆ ਨਿਡਰ : ਸੋਨੀਆ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨਗੀ ਦਾ ਅਹੁਦਾ ਆਪਣੇ ਪੁੱਤਰ ਰਾਹੁਲ ਗਾਂਧੀ ਨੂੰ ਸੌਂਪਦਿਆਂ ਸੋਨੀਆ ਗਾਂਧੀ (71) ਨੇ ਕਿਹਾ ਕਿ ਪਾਰਟੀ ਨੂੰ ਫਿਰਕੂ ਤਾਕਤਾਂ ਨੂੰ ਰੋਕਣ ਲਈ ਕੋਈ ਵੀ ਕੁਰਬਾਨੀ ਦੇਣ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ। ਪਾਰਟੀ 'ਚ ਤਰੱਕੀ ਲਈ ਰਾਹੁਲ ਗਾਂਧੀ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਨਿੱਜੀ ਹਮਲਿਆਂ ਨੇ ਉਸ ਦੇ ਪੁੱਤਰ ਨੂੰ ਨਿਡਰ ਬਣਾ ਦਿੱਤਾ ਹੈ ਅਤੇ ਭਰੋਸਾ ਜਤਾਇਆ ਕਿ ਪਾਰਟੀ 'ਚ ਨੌਜਵਾਨ ਲੀਡਰਸ਼ਿਪ ਨਵੀਂ ਰੂਹ ਫੂਕੇਗੀ। ਉਨ੍ਹਾਂ ਕਿਹਾ,"ਕਾਂਗਰਸ ਨੂੰ ਅੰਤਰ ਝਾਤ ਮਾਰ ਕੇ ਅਗਾਂਹ ਵਧਣ ਦੇ ਨਾਲ ਕਦਰਾਂ ਕੀਮਤਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ। ਰਾਹੁਲ ਪੂਰੇ ਹੌਸਲੇ ਅਤੇ ਸਮਰਪਣ ਨਾਲ ਪਾਰਟੀ ਦੀ ਅਗਵਾਈ ਕਰਨਗੇ।" ਆਪਣੇ ਭਾਸ਼ਨ ਦੌਰਾਨ ਉਨ੍ਹਾਂ ਸੱਸ ਇੰਦਰਾ ਗਾਂਧੀ ਅਤੇ ਪਤੀ ਰਾਜੀਵ ਗਾਂਧੀ ਦੀਆਂ ਹੱਤਿਆਵਾਂ ਦਾ ਜ਼ਿਕਰ ਵੀ ਕੀਤਾ।

## ਡਾ. ਮਨਮੋਹਨ ਸਿੰਘ ਨੂੰ ਰਾਹੁਲ ਤੋਂ ਵੱਡੀਆਂ ਆਸਾਂ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ 'ਉਮੀਦ ਦੀ ਸਿਆਸਤ' ਦੇ ਮੁਦਈ ਬਣਨਗੇ ਜਿਸ ਦੀ ਮੁਲਕ ਨੂੰ ਲੋੜ ਹੈ ਅਤੇ ਉਹ 'ਡਰ ਦੀ ਸਿਆਸਤ' ਨੂੰ ਹਾਵੀ ਨਹੀਂ ਹੋਣ ਦੇਣਗੇ। ਆਪਣੇ ਸੰਖੇਪ ਭਾਸ਼ਨ 'ਚ ਸ੍ਰੀ ਮਨਮੋਹਨ ਸਿੰਘ ਨੇ ਕਿਹਾ ਕਿ ਮੁਲਕ ਦੀ ਸਿਆਸਤ 'ਚ ਕੁਝ 'ਗੜਬੜੀ ਵਾਲੇ ਰੁਝਾਨ' ਦੇਖਣ ਨੂੰ ਮਿਲੇ ਹਨ ਅਤੇ ਉਸ 'ਚ ਤਬਦੀਲੀ ਲਈ ਲੋਕ ਰਾਹੁਲ ਗਾਂਧੀ ਵੱਲ ਆਸਾਂ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਕਾਂਗਰਸ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਹੋਈ ਸੋਨੀਆ ਗਾਂਧੀ ਦੇ ਉਨ੍ਹਾਂ ਸੋਹਲੇ ਗਾਏ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਕਾਂਗਰਸ ਪਾਰਟੀ ਦੀ ਕੀਤੀ ਗਈ ਅਗਵਾਈ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੋਵੇਗੀ।

# 'ਆਪ' ਵਲੋਂ ਸਿੰਗਾਪੁਰੀ ਵਿਦਿਆਰਥੀਆਂ ਦੇ ਮਿਸ਼ਨ ਲਈ ਸਹਿਯੋਗ ਦਾ ਵਾਅਦਾ

**ਸੰਗਰੂਰ/ਬਿਊਰੋ ਨਿਊਜ਼,** ਸੰਗਰੂਰ ਜ਼ਿਲ੍ਹੇ ਦੇ ਪਿੰਡ ਰੱਤੋਕੇ ਦੇ ਸਰਕਾਰੀ ਸਕੂਲ ਦੀ ਨੁਹਾਰ ਬਦਲ ਰਹੀ ਸਿੰਗਾਪੁਰ ਦੀ ਸੰਸਥਾ ਯੰਗ ਸਿੱਖ ਐਸੋਸੀਏਸ਼ਨ ਨਾਲ ਸਬੰਧਤ ਵਿਦਿਆਰਥੀਆਂ ਅਤੇ ਰੱਤੋਕੇ ਸਕੂਲ ਦੇ ਪ੍ਰਿੰਸੀਪਲ ਸਮੇਤ ਸਕੂਲ ਸਟਾਫ ਦਾ ਆਮ ਆਦਮੀ ਪਾਰਟੀ ('ਆਪ') ਦੇ ਮੀਤ ਪ੍ਰਧਾਨ ਅਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਉਨ੍ਹਾਂ ਸਿੰਗਾਪੁਰ ਦੇ ਵਿਦਿਆਰਥੀਆਂ ਲਈ ਅੰਮ੍ਰਿਤਸਰ ਅਤੇ ਵਾਹਗਾ ਬਾਰਡਰ ਦੀ ਯਾਤਰਾ ਅਤੇ ਰਿਹਾਇਸ਼ ਲਈ ਖ਼ੁਦ ਪ੍ਰਬੰਧ ਕਰਨ ਦਾ ਐਲਾਨ ਕੀਤਾ।

ਇਸ ਮੌਕੇ ਅਮਨ ਅਰੋੜਾ ਨੇ ਕਿਹਾ ਕਿ ਸਿੰਗਾਪੁਰ ਦੀ ਸੰਸਥਾ ਵੱਲੋਂ ਸਕੂਲ ਦਾ ਕਾਰਜ ਮੁਕੰਮਲ ਕਰਨ ਤੋਂ ਬਾਅਦ ਜੋ ਵੀ ਘਾਟ ਰਹਿ ਜਾਵੇਗੀ, ਉਸਨੂੰ ਸੰਸਦ ਮੈਂਬਰ ਭਗਵੰਤ ਮਾਨ ਦੇ ਅਖ਼ਤਿਆਰੀ ਫੰਡਾਂ ਨਾਲ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 22 ਦਸੰਬਰ ਨੂੰ ਭਗਵੰਤ ਮਾਨ ਸਕੂਲ ਵਿੱਚ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਲਈ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਉੱਚ ਮਿਆਰਾਂ ਵਾਲੀ ਸਕੂਲੀ ਸਿੱਖਿਆ ਨਾਲ ਹੀ ਦੇਸ਼ ਦੀ ਕਿਸਮਤ ਬਦਲੀ ਜਾ ਸਕਦੀ ਹੈ ਕਿਉਂਕਿ ਅਨਪੜ੍ਹਤਾ ਹੀ ਗਰੀਬੀ ਅਤੇ ਅਮੀਰ-ਗਰੀਬ ਵਿਚ ਵੱਧ ਰਹੇ ਪਾੜੇ ਸਮੇਤ ਅਨੇਕ ਸਮਾਜਿਕ ਤੇ ਆਰਥਿਕ ਬਿਮਾਰੀਆਂ ਦੀ ਜੜ੍ਹ ਹੈ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਉੱਚ ਮਿਆਰੀ ਸਕੂਲ ਸਿੱਖਿਆ ਸਰਕਾਰਾਂ ਦੀ ਪ੍ਰਾਥਮਿਕਤਾ ਨਹੀਂ ਰਹੀ। ਇਸ ਮਾਮਲੇ ਵਿੱਚ ਯੰਗ ਸਿੱਖ ਐਸੋਸੀਏਸ਼ਨ ਦੇ ਇਹ ਵਿਦਿਆਰਥੀ ਦੇਸ਼-ਵਿਦੇਸ਼ ਦੇ ਸਮਾਜ ਸੇਵਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਲਈ ਚਾਨਣ-ਮੁਨਾਰਾ ਹਨ।



ਪਿੰਡ ਰੱਤੋਕੇ ਸਕੂਲ ਵਿੱਚ ਹਲਕਾ ਵਿਧਾਇਕ ਅਮਨ ਅਰੋੜਾ 'ਆਪ' ਵੱਲੋਂ ਸਿੰਗਾਪੁਰ ਦੀ ਟੀਮ ਅਤੇ ਅਧਿਆਪਕ ਸੁਰਿੰਦਰ ਸਿੰਘ ਦਾ ਸਨਮਾਨ ਕਰਦੇ ਹੋਏ।

# ਆਮ ਆਦਮੀ ਪਾਰਟੀ ਵਲੋਂ ਰਾਜ ਸਭਾ ਸੀਟਾਂ ਬਾਰੇ ਉਮੀਦਵਾਰਾਂ ਦਾ ਫੈਸਲਾ ਅਗਲੇ ਮਹੀਨੇ

**ਨਵੀਂ ਦਿੱਲੀ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਆਪਣੇ ਹਿੱਸੇ ਦੀਆਂ ਰਾਜ ਸਭਾ ਸੀਟਾਂ ਲਈ ਉਮੀਦਵਾਰਾਂ ਬਾਰੇ ਫ਼ੈਸਲਾ ਅਗਲੇ ਸਾਲ ਜਨਵਰੀ ਦੇ ਪਹਿਲੇ ਹਫ਼ਤੇ ਕਰੇਗੀ। ਪਾਰਟੀ ਆਗੂ ਨੇ ਕਿਹਾ ਕਿ ਉਹ ਜਥੇਬੰਦੀ ਤੋਂ ਬਾਹਰਲੇ ਚਿਹਰਿਆਂ ਦੀ ਭਾਲ ਵਿੱਚ ਹਨ। ਜਨਵਰੀ ਦੇ ਅੱਧ ਵਿੱਚ ਸੰਸਦ ਦੇ ਉਪਰਲੇ ਸਦਨ ਲਈ ਹੋਣ ਵਾਲੀ ਇਸ ਚੋਣ ਲਈ 'ਆਪ' ਅੰਦਰਲੇ ਕਈ ਮੈਂਬਰ ਇੱਛਾਵਾਂ ਰੱਖੀ ਬੈਠੇ ਹਨ। ਚੋਣ ਕਰਕੇ ਪਾਰਟੀ ਅੰਦਰ ਤਲਖੀ ਵਾਲਾ ਮਾਹੌਲ ਹੈ ਤੇ ਉਮੀਦਵਾਰਾਂ ਦੇ ਐਲਾਨ ਵਿੱਚ ਦੇਰੀ ਦਾ ਇਹ ਇਕ ਵੱਡਾ ਕਾਰਨ ਹੈ।

ਸੀਨੀਅਰ ਪਾਰਟੀ ਆਗੂ ਕੁਮਾਰ ਵਿਸ਼ਵਾਸ, ਜਿਨ੍ਹਾਂ ਦਾ ਪਿਛਲੇ ਕੁਝ ਸਮੇਂ ਤੋਂ ਪਾਰਟੀ ਆਗੂਆਂ ਨਾਲ ਛੱਤੀ ਦਾ ਅੰਕੜਾ ਹੈ, ਨੂੰ ਤਿੰਨ ਸੀਟਾਂ 'ਚੋਂ ਇਕ ਲਈ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਹਾਲਾਂਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੌਜੂਦਾ ਸਮੀਕਰਨਾਂ ਦੇ ਚਲਦਿਆਂ ਪਾਰਟੀ ਵੱਲੋਂ ਵਿਸ਼ਵਾਸ ਨੂੰ ਰਾਜ ਸਭਾ ਵਿੱਚ ਭੇਜਣ ਦੇ ਆਸਾਰ ਮੱਧਮ ਪੈ ਸਕਦੇ ਹਨ। ਕੁਮਾਰ ਤੋਂ ਇਲਾਵਾ ਜਿਨ੍ਹਾਂ ਦੋ ਉਮੀਦਵਾਰਾਂ 'ਤੇ ਪਾਰਟੀ ਦਾਅ ਖੇਡ ਸਕਦੀ ਹੈ, ਉਨ੍ਹਾਂ ਵਿੱਚ ਆਸ਼ੂਤੋਸ਼ ਤੇ ਸੰਜੇ ਸਿੰਘ ਸ਼ਾਮਲ ਹਨ। ਪਾਰਟੀ ਆਗੂ ਨੇ ਹਾਲਾਂਕਿ ਕਿਹਾ ਕਿ ਉਨ੍ਹਾਂ ਨੂੰ ਰਾਜ ਸਭਾ ਲਈ ਜਥੇਬੰਦੀ ਤੋਂ ਬਾਹਰਲੇ ਉਮੀਦਵਾਰਾਂ ਦੀ ਤਲਾਸ਼ ਹੈ, ਜੋ ਕਿ ਕਾਨੂੰਨ, ਅਰਥਸ਼ਾਸਤਰ ਤੇ ਸਮਾਜਿਕ ਖੇਤਰ ਨਾਲ ਸਬੰਧਤ ਹੋਣ। ਪਾਰਟੀ ਨੇ ਅਕਤੂਬਰ ਵਿੱਚ ਆਰਬੀਆਈ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੂੰ ਵੀ ਪੇਸ਼ਕਸ਼ ਕੀਤੀ, ਪਰ ਉਨ੍ਹਾਂ ਨਾਂਹ ਕਰ ਦਿੱਤੀ।

ਕਿਸੇ ਪਾਰਟੀ ਆਗੂ ਨੂੰ ਰਾਜ ਸਭਾ ਵਿੱਚ ਨਾ ਭੇਜਣ ਦੀ ਪੇਸ਼ਕਦਮੀ ਦਾ ਮੁੱਖ ਮੰਤਵ ਪਾਰਟੀ ਅੰਦਰ ਉੱਠ ਰਹੀਆਂ ਵਿਰੋਧੀ ਸੁਰਾਂ ਦਾ ਭੋਗ ਪਾਉਣਾ ਹੈ। ਮੌਜੂਦਾ ਸਮੇਂ ਰਾਜ ਸਭਾ ਵਿੱਚ ਦਿੱਲੀ ਦੀ ਨੁਮਾਇੰਦਗੀ ਕਰਨ ਵਾਲਿਆਂ 'ਚ ਜਨਾਰਧਨ ਦਿਵੇਦੀ, ਪਰਵੇਜ਼ ਹਾਸ਼ਮੀ ਤੇ ਕਰਨ ਸਿੰਘ ਸ਼ਾਮਲ ਹਨ। ਇਨ੍ਹਾਂ ਤਿੰਨਾਂ ਦਾ ਕਾਰਜਕਾਲ ਅਗਲੇ ਸਾਲ ਮੱਧ ਜਨਵਰੀ ਵਿੱਚ ਪੂਰਾ ਹੋ ਜਾਵੇਗਾ।

# ਹੰਗਾਮੇ ਨਾਲ ਸ਼ੁਰੂ ਹੋਇਆ ਭਾਰਤੀ ਸੰਸਦ ਦਾ ਸਰਦ ਰੁੱਤ ਇਜਲਾਸ

## ਕਾਂਗਰਸ ਨੇ ਮੋਦੀ ਨੂੰ ਘੇਰਦਿਆਂ ਮਨਮੋਹਨ ਸਿੰਘ ਸਬੰਧੀ ਟਿਪਣੀ ਬਾਰੇ ਮਾਫ਼ੀ ਮੰਗਣ ਦੀ ਕੀਤੀ ਮੰਗ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤੀ ਸੰਸਦ ਦੇ ਸਰਦ ਰੁੱਤ ਇਜਲਾਸ ਦੀ ਸ਼ੁਕਰਵਾਰ ਨੂੰ ਸ਼ੁਰੂਆਤ ਮੌਕੇ ਰਾਜ ਸਭਾ 'ਚ ਖੂਬ ਹੰਗਾਮਾ ਹੋਇਆ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਖ਼ਿਲਾਫ਼ ਪਾਕਿਸਤਾਨ ਨਾਲ ਮਿਲ ਕੇ ਸਾਜ਼ਿਸ਼ ਰਚਣ' ਵਾਲੀਆਂ ਟਿੱਪਣੀਆਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੁਆਫ਼ੀ ਦੀ ਮੰਗ ਕਰਦਿਆਂ ਕਾਂਗਰਸ ਨੇ ਪ੍ਰਦਰਸ਼ਨ ਕੀਤਾ, ਜਿਸ ਕਾਰਨ ਸਦਨ ਦੀ ਕਾਰਵਾਈ 'ਚ ਵਾਰ ਵਾਰ ਵਿਘਨ ਪਿਆ। ਸੱਤਾਧਾਰੀ ਐਨਡੀਏ ਨੇ ਸੰਸਦ 'ਚ ਵਿਰੋਧੀ ਧਿਰਾਂ ਖ਼ਿਲਾਫ਼ ਸਖ਼ਤ ਸਟੈਂਡ ਲੈਣ ਦਾ ਫ਼ੈਸਲਾ ਕੀਤਾ ਹੈ। ਕਾਂਗਰਸ ਦੀ ਅਗਵਾਈ 'ਚ ਵਿਰੋਧੀ ਧਿਰ ਵੱਲੋਂ ਨਿਯਮ 267 ਤਹਿਤ ਸਦਨ ਦੀ ਕਾਰਵਾਈ ਰੋਕ ਕੇ ਸ੍ਰੀ ਮੋਦੀ ਦੀਆਂ ਟਿੱਪਣੀਆਂ 'ਤੇ ਚਰਚਾ ਲਈ ਦਿੱਤੇ ਨੋਟਿਸ ਨੂੰ ਰਾਜ ਸਭਾ ਦੇ ਸਭਾਪਤੀ ਐਮ ਵੈਂਕਈਆ ਨਾਇਡੂ ਨੇ ਨਾਮਨਜ਼ੂਰ ਕਰ ਦਿੱਤਾ। ਸਭਾਪਤੀ ਵੱਲੋਂ ਜੇਡੀ(ਯੂ) ਮੁਖੀ ਸ਼ਰਦ ਯਾਦਵ ਅਤੇ ਅਲੀ ਅਨਵਰ ਨੂੰ ਅਯੋਗ ਕਰਾਰ ਦਿੱਤੇ ਜਾਣ ਖ਼ਿਲਾਫ਼ ਵੀ ਵਿਰੋਧੀ ਧਿਰ ਨੇ ਪ੍ਰਦਰਸ਼ਨ ਕੀਤਾ। ਇਸ ਦੌਰਾਨ ਲੋਕ ਸਭਾ 'ਚ ਅੱਜ ਸੈਸ਼ਨ ਦੇ ਪਹਿਲੇ ਦਿਨ ਤਿੰਨ ਮੌਜੂਦਾ ਤੇ ਸੱਤ ਸਾਬਕਾ ਮੈਂਬਰਾਂ ਦੇ ਦੇਹਾਂਤ ਉਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਬਾਅਦ ਸਦਨ ਸੋਮਵਾਰ ਤਕ ਉਠਾ ਦਿੱਤਾ ਗਿਆ। ਅੱਜ ਸਦਨ ਜੁੜਨ 'ਤੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਸੁਨੀਲ ਕੁਮਾਰ ਜਾਖੜ ਨੂੰ ਸਹੁੰ ਚੁਕਾਈ ਗਈ। ਉਨ੍ਹਾਂ ਨੇ ਪੰਜਾਬੀ ਵਿੱਚ ਸਹੁੰ ਚੁੱਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਸ ਜਤਾਈ ਕਿ ਸੰਸਦ ਦਾ ਸਰਦ ਰੁੱਤ ਇਜਲਾਸ ਉਸਾਰੂ ਰਹੇਗਾ

# 'ਪਰਾਊਡ ਟੂ ਬੀ ਸਿੱਖ-2' ਫ਼ਿਲਮ 29 ਦਸੰਬਰ ਨੂੰ ਹੋਵੇਗੀ ਰਿਲੀਜ਼: ਫ਼ਿਲਮ 'ਚ ਬੇਅਦਬੀ ਦੀਆਂ ਘਟਨਾਵਾਂ ਦਾ ਸੱਚ ਪੇਸ਼ ਕਰਨ ਦਾ ਦਾਅਵਾ

**ਲੁਧਿਆਣਾ/ਬਿਊਰੋ ਨਿਊਜ਼:** ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਦਾ ਸੱਚ ਪੇਸ਼ ਕਰਨ ਲਈ ਸ਼ਾਨ-ਏ-ਖ਼ਾਲਸਾ ਪ੍ਰੋਡਕਸ਼ਨ ਵੱਲੋਂ ਤਿਆਰ ਫ਼ਿਲਮ 'ਪਰਾਊਡ ਟੂ ਬੀ ਸਿੱਖ-2' 29 ਦਸੰਬਰ ਨੂੰ ਦੇਸ਼ ਭਰ ਵਿੱਚ ਰਿਲੀਜ਼ ਹੋ ਰਹੀ ਹੈ। ਇੱਥੇ ਫ਼ਿਲਮ ਦੇ ਪ੍ਰੀਮੀਅਰ ਸ਼ੋਅ ਤੋਂ ਪਹਿਲਾਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ਼ਾਨ-ਏ-ਖ਼ਾਲਸਾ ਪ੍ਰੋਡਕਸ਼ਨ ਦੇ ਪ੍ਰਧਾਨ ਡਾ. ਰੁਪਿੰਦਰ ਸਿੰਘ ਅਤੇ ਮੀਡੀਆ ਸਲਾਹਕਾਰ ਮਨਿੰਦਰ ਸਿੰਘ ਆਹੂਜਾ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ 200 ਤੋਂ ਵੱਧ ਘਟਨਾਵਾਂ ਵਾਪਰੀਆਂ ਹਨ, ਪਰ ਇਹ ਭੇਤ ਹਾਲੇ ਤੱਕ ਬਾਹਰ ਨਹੀਂ ਆਇਆ ਕਿ ਇਹ ਕੰਮ ਕਿਸਨੇ ਕੀਤਾ ਹੈ ? ਡਾਇਰੈਕਟਰ ਸਤਦੀਪ



ਸਿੰਘ ਨੇ ਕਿਹਾ ਕਿ ਸਿੱਖ ਕੌਮ ਦੁਨੀਆਂ ਦੀ ਬਹਾਦਰ ਕੌਮ ਹੈ, ਪਰ ਇਸ ਨੂੰ ਅੱਜ ਤੱਕ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ। ਫ਼ਿਲਮ ਦੇ ਸਾਬਤ ਸੂਰਤ ਕਿਰਦਾਰ ਅੰਮ੍ਰਿਤਪਾਲ ਸਿੰਘ ਬਿੱਲਾ ਨੇ ਦੱਸਿਆ ਕਿ ਗੁਰਮਤਿ ਦੇ ਪ੍ਰਚਾਰ ਅਤੇ ਸਿੱਖੀ ਦੇ ਪ੍ਰਸਾਰ ਲਈ ਸਿੱਖ ਫ਼ਿਲਮ ਇੰਡਸਟਰੀ ਨੇ 'ਪਰਾਊਡ ਟੂ ਬੀ ਸਿੱਖ-2' ਤੋਂ ਸ਼ੁਰੂਆਤ ਕੀਤੀ ਹੈ, ਜਿਸਦੇ ਸਾਰਥਕ ਨਤੀਜੇ ਨਿਕਲਣਗੇ। ਫ਼ਿਲਮ ਦੇ ਕੋ-ਪ੍ਰੋਡਿਊਸਰ ਜਸਵਿੰਦਰ ਸਿੰਘ ਅਤੇ ਪ੍ਰੋਡਕਸ਼ਨ ਮੈਨੇਜਰ ਡਾ. ਰੁਬੀਨਾ ਸਿੰਘ ਨੇ ਦੱਸਿਆ ਕਿ ਇਹ ਫ਼ਿਲਮ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਇਸ ਮੌਕੇ ਫ਼ਿਲਮ ਦੇ ਕਲਾਕਾਰ ਅਤਵਿੰਦਰ ਸਿੰਘ, ਸੰਨੀ ਗਿੱਲ, ਹਰਵਿੰਦਰ ਸਿੰਘ, ਤੇਗਬੀਰ ਸਿੰਘ, ਰਚਨਾ ਕੌਰ, ਗੁਰਸਿਮਰਨ ਕੌਰ, ਫ਼ਤਿਹ ਸਿੰਘ ਅਤੇ ਗਗਨਦੀਪ ਕੌਰ ਹਾਜ਼ਰ ਸਨ।

# ਭਾਜਪਾ ਦੀ ਜਿੱਤ ਨਾਲ ਪੰਜਾਬੀ ਕਿਸਾਨਾਂ ਦੇ ਉਜਾੜੇ ਦਾ ਡਰ ਵਧਿਆ

### *ਗੁਜਰਾਤ 'ਚ ਪੰਜਾਬੀ ਕਿਸਾਨਾਂ ਵਾਲੀ ਸੀਟ ਆਈ ਕਾਂਗਰਸ ਦੇ 'ਹੱਥ'*

**ਬਠਿੰਡਾ/ਬਿਊਰੋ ਨਿਊਜ਼**, ਗੁਜਰਾਤ 'ਚ ਮੁੜ 'ਕਮਲ' ਖਿੜਨ ਬਾਅਦ ਪੰਜਾਬੀ ਕਿਸਾਨ ਦਹਿਲ ਗਏ ਹਨ। ਪੰਜਾਬੀ ਕਿਸਾਨ ਸਿਆਸੀ ਤਬਦੀਲੀ ਦੀ ਆਸ ਵਿੱਚ ਬੈਠੇ ਸਨ। ਭਾਵੇਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਵਿਧਾਨ ਸਭਾ ਸੀਟ ਅਬਡਾਸਾ ਤੋਂ ਕਾਂਗਰਸੀ ਉਮੀਦਵਾਰ ਪੀ.ਜਡੇਜਾ ਨੂੰ ਜਿਤਾ ਦਿੱਤਾ ਹੈ ਪਰ ਸੱਤਾ ਭਾਜਪਾ ਦੇ ਹੱਥ ਆਉਣ ਕਾਰਨ ਉਹ ਫਿਕਰਮੰਦ ਹਨ। ਦੱਸਣਯੋਗ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਸਾਲ 1964 ਵਿੱਚ ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਪੰਜਾਬੀ ਕਿਸਾਨਾਂ ਨੂੰ ਗੁਜਰਾਤ 'ਚ ਜ਼ਮੀਨ ਅਲਾਟ ਕੀਤੀ ਸੀ। ਪਿਛਲੇ ਸਮੇਂ ਤੋਂ ਇਨ੍ਹਾਂ ਕਿਸਾਨਾਂ 'ਤੇ ਹਮਲੇ ਹੋ ਰਹੇ ਹਨ। ਬਹੁਤੇ ਕਿਸਾਨ ਗੁਜਰਾਤ ਛੱਡ ਕੇ ਆ ਗਏ ਹਨ।

ਭੁੱਜ 'ਚ ਰਹਿੰਦੇ ਕਿਸਾਨ ਜਸਵੀਰ ਸਿੰਘ ਬਰਾੜ ਨੇ ਕਿਹਾ ਕਿ ਭਾਜਪਾ ਦੇ ਮੁੜ ਸੱਤਾ 'ਚ ਆਉਣ ਬਾਅਦ ਪੰਜਾਬੀ ਕਿਸਾਨਾਂ ਨੂੰ ਹੁਣ ਨਿਆਂ ਦੀ ਕੋਈ ਉਮੀਦ ਨਹੀਂ ਰਹੀ ਬਲਕਿ ਕਿਸਾਨਾਂ 'ਚ ਭੈਅ ਵਧ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਣ ਪ੍ਰਚਾਰ ਦੌਰਾਨ ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਭੁੱਜ ਇਲਾਕੇ 'ਚ ਆਏ ਸਨ ਅਤੇ ਪੰਜਾਬੀ ਕਿਸਾਨਾਂ ਨੂੰ ਮਿਲੇ ਸਨ। ਮਨਪ੍ਰੀਤ ਨੇ ਭਰੋਸਾ ਦਿੱਤਾ ਸੀ ਕਿ ਕਾਂਗਰਸ ਸੱਤਾ ਵਿੱਚ ਆਈ ਤਾਂ ਪੰਜਾਬੀ ਕਿਸਾਨਾਂ ਨੂੰ ਤੱਤੀ ਵਾਅ ਨਹੀਂ ਲੱਗਣ ਦਿਆਂਗੇ। ਦੱਸਣਯੋਗ ਹੈ ਕਿ ਜ਼ਿਲ੍ਹਾ ਕੱਛ ਦੀ ਇਕੱਲੀ ਅਬਡਾਸਾ ਸੀਟ ਹੈ ਜਿਥੇ ਕਾਂਗਰਸ ਜਿੱਤੀ ਹੈ ਅਤੇ ਇਸ ਹਲਕੇ ਵਿੱਚ ਬਹੁਗਿਣਤੀ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀ ਹੈ।



ਇਸ ਸਮੇਂ ਪੰਜਾਬੀ ਕਿਸਾਨਾਂ ਦੇ 28 ਕੇਸ ਸੁਪਰੀਮ ਕੋਰਟ ਵਿੱਚ ਚੱਲ ਰਹੇ ਹਨ। ਗੁਜਰਾਤ ਦੇ ਭੂ-ਮਾਫੀਆ ਦੀ ਮਾਰ ਝੱਲ ਰਹੇ ਰਵਿੰਦਰ ਸਿੰਘ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਕੋਈ ਆਸ ਨਹੀਂ ਹੈ ਬਲਕਿ ਭੂ-ਮਾਫੀਆ ਦੇ ਹੌਸਲੇ ਵਧ ਜਾਣੇ ਹਨ। ਕੱਛ ਦੇ ਪਿੰਡ ਕੁਨਾਰਾ ਦੇ ਪ੍ਰਿਥੀ ਸਿੰਘ ਅਤੇ ਮੋਹਨ ਸਿੰਘ ਨੇ ਕਿਹਾ ਕਿ ਹੁਣ ਤਾਂ ਸੁਪਰੀਮ ਕੋਰਟ 'ਤੇ ਹੀ ਟੇਕ ਰਹਿ ਗਈ ਹੈ। ਲੋਰੀਆ ਦੇ ਵਸਨੀਕ ਹਰਵਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਦੇ ਮੁੜ ਸੱਤਾ 'ਚ ਆਉਣ ਕਰਕੇ ਪੰਜਾਬੀ ਕਿਸਾਨਾਂ 'ਚ ਦਹਿਸ਼ਤ ਹੈ ਕਿਉਂਕਿ ਭਾਜਪਾ ਦੇ ਸਥਾਨਕ ਨੇਤਾ ਹੀ ਭੂ-ਮਾਫੀਆ ਦੀ ਪਿੱਠ ਥਾਪੜ ਰਹੇ ਹਨ। ਦੱਸਣਯੋਗ ਹੈ ਕਿ ਪਿਛਲੀਆਂ ਚੋਣਾਂ ਵਿੱਚ ਵੀ ਅਬਡਾਸਾ ਸੀਟ ਤੋਂ ਕਿਸਾਨਾਂ ਨੇ ਕਾਂਗਰਸੀ ਉਮੀਦਵਾਰ ਜਿਤਾ ਦਿੱਤਾ ਸੀ, ਜੋ ਮਗਰੋਂ ਭਾਜਪਾ 'ਚ ਸ਼ਾਮਲ ਹੋ ਗਿਆ ਸੀ।

ਕਿਸਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਐਤਕੀਂ ਕਿਸਾਨਾਂ ਵਿੱਚ ਗੁੱਸਾ ਜ਼ਿਆਦਾ ਸੀ, ਜਿਸ ਕਰਕੇ ਅਬਡਾਸਾ ਸੀਟ ਤੋਂ ਮੁੜ ਕਾਂਗਰਸ ਨੂੰ ਜਿਤਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਜ਼ਮੀਨ ਨੂੰ ਉਨ੍ਹਾਂ ਨੇ ਖੂਨ ਪਸੀਨਾ ਡੋਲ੍ਹ ਕੇ ਆਬਾਦ ਕੀਤਾ ਹੈ ਪਰ ਹੁਣ ਭੂ-ਮਾਫੀਆ ਇਸ ਜ਼ਮੀਨ ਨੂੰ ਹੜੱਪਣਾ ਚਾਹੁੰਦਾ ਹੈ।

## ਹਿਮਾਚਲ ਦੇ ਦੂਨ ਹਲਕੇ ਤੋਂ ਸਿੱਖ ਉਮੀਦਵਾਰ ਜੇਤੂ

**ਸ੍ਰੀ ਅਨੰਦਪੁਰ ਸਾਹਿਬ/ਬਿਊਰੋ ਨਿਊਜ਼:**

ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ 'ਚ ਦੂਨ ਵਿਧਾਨ ਸਭਾ ਹਲਕੇ ਤੋਂ ਇਕੋ-ਇਕ ਭਾਜਪਾ ਦੇ ਸਿੱਖ ਉਮੀਦਵਾਰ 52 ਸਾਲਾ ਪਰਮਜੀਤ ਸਿੰਘ ਪੰਮੀ ਨੇ 4300 ਵੋਟਾਂ ਨਾਲ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ ਤੇ ਉਹ ਹਿਮਾਚਲ ਪ੍ਰਦੇਸ਼ ਦੇ ਇਕੋ-ਇਕ ਸਿੱਖ ਵਿਧਾਇਕ ਬਣ ਗਏ ਹਨ । ਦੱਸਣਯੋਗ ਹੈ ਕਿ ਟਰਾਂਸਪੋਰਟ ਕਿੱਤੇ ਨਾਲ ਜੁੜੇ ਹੋਏ ਗੁੱਜਰ ਬਰਾਦਰੀ ਨਾਲ ਸਬੰਧਿਤ ਪਰਮਜੀਤ ਸਿੰਘ ਪੰਮੀ ਪਹਿਲਾਂ ਕਾਂਗਰਸ ਨਾਲ ਜੁੜੇ ਹੋਏ ਸਨ, ਤੇ ਉਹ ਜ਼ਿਲ੍ਹਾ ਕਾਂਗਰਸ ਤੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵੀ ਰਹੇ ਹਨ, ਤੇ ਉਨ੍ਹਾਂ ਦੇ ਪਿਤਾ ਗਿਆਨ ਸਿੰਘ 24 ਸਾਲ ਨਾਲਾਗੜ੍ਹ ਟਰੱਕ ਯੂਨੀਅਨ ਦੇ ਪ੍ਰਧਾਨ ਰਹੇ । ਲਹੀਕੜਿਆਣਾ ਪਿੰਡ ਦੇ ਜੰਮਪਲ ਪੰਮੀ ਵਲੋਂ 2012 ਦੀ ਵਿਧਾਨ ਸਭਾ ਚੋਣ 'ਚ ਬਤੌਰ ਆਜ਼ਾਦ ਉਮੀਦਵਾਰ ਕਿਸਮਤ ਅਜ਼ਮਾਈ ਸੀ ਤੇ 10,500 ਵੋਟਾਂ ਹਾਸਲ ਕੀਤੀਆਂ ਸਨ। ਇਸ ਤੋਂ ਬਾਅਦ ਉਹ 2016 'ਚ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ ਹੋ ਗਏ । ਪੰਮੀ ਨੇ ਕਾਂਗਰਸੀ ਉਮੀਦਵਾਰ ਤੇ ਮੌਜੂਦਾ ਵਿਧਾਇਕ ਚੌਧਰੀ ਰਾਮ ਕੁਮਾਰ ਨੂੰ 4300 ਵੋਟਾਂ ਨਾਲ ਹਰਾਇਆ । ਉਨ੍ਹਾਂ ਨੂੰ 25,198 ਵੋਟਾਂ ਮਿਲੀਆਂ, ਜਦੋਂਕਿ ਪੰਮੀ ਨੂੰ 29,498 ਵੋਟਾਂ ਪਈਆਂ।



ਪਰਮਜੀਤ ਸਿੰਘ ਪੰਮੀ

## ਪੰਜਾਬ 'ਚ ਮੁਫ਼ਤ ਬਿਜਲੀ ਦਾ ਬਹੁਤਾ ਫਾਇਦਾ ਵੱਡੇ ਕਿਸਾਨਾਂ ਨੂੰ



**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ 'ਚ ਕਿਸਾਨਾਂ ਨੂੰ ਦਿੱਤੀ ਜਾਂਦੀ ਬਿਜਲੀ ਦੀ ਮੁਫ਼ਤ ਸਹੂਲਤ ਉਨ੍ਹਾਂ ਕਿਸਾਨਾਂ ਦਾ ਬੇੜਾ ਪਾਰ ਨਹੀਂ ਲਗਾ ਸਕੀ ਜਿਹੜੇ ਛੋਟੇ ਅਤੇ ਸੀਮਾਂਤ (ਪੰਜ ਏਕੜ ਤੋਂ ਘੱਟ ਜ਼ਮੀਨ) ਕਿਸਾਨ ਹਨ। ਇਸ ਸਹੂਲਤ ਦਾ ਸਭ ਤੋਂ ਵੱਧ ਲਾਭ ਦਰਮਿਆਨੇ ਅਤੇ ਵੱਡੇ ਕਿਸਾਨਾਂ ਵੱਲੋਂ ਲਿਆ ਜਾ ਰਿਹਾ ਹੈ। ਪੇਂਡੂ ਅਤੇ ਸਨਅਤੀ ਵਿਕਾਸ ਖੋਜ ਬਾਰੇ ਕੇਂਦਰ (ਕਰਿਡ) ਦੇ ਪ੍ਰੋਫੈਸਰ ਅਤੇ ਉੱਘੇ ਆਰਥਿਕ ਮਾਹਿਰ ਆਰ ਐਸ ਘੁੰਮਣ ਵੱਲੋਂ ਕੀਤੇ ਗਏ ਅਧਿਐਨ ਦੌਰਾਨ ਇਹ ਖ਼ੁਲਾਸਾ ਹੋਇਆ ਹੈ ਕਿ ਸਿਰਫ਼ 18.48 ਫ਼ੀਸਦੀ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਹੀ ਬਿਜਲੀ ਦਾ ਲਾਹਾ ਮਿਲ ਰਿਹਾ ਹੈ। ਅਧਿਐਨ 'ਚ ਖ਼ੁਲਾਸਾ ਹੋਇਆ ਹੈ ਕਿ 13.51 ਲੱਖ ਟਿਊਬਵੈੱਲਾਂ 'ਚੋਂ 89212 ਟਿਊਬਵੈੱਲ (6.60 ਫ਼ੀਸਦੀ) ਹੀ ਸੀਮਾਂਤ (ਢਾਈ ਏਕੜ ਤੋਂ ਘੱਟ ਜ਼ਮੀਨ) ਅਤੇ 160581 (11. 88 ਫ਼ੀਸਦੀ) ਟਿਊਬਵੈੱਲ ਛੋਟੇ ਕਿਸਾਨਾਂ ਕੋਲ ਹਨ। ਕਰੀਬ 95 ਫ਼ੀਸਦੀ ਖੁਦਕੁਸ਼ੀਆਂ ਕਰਨ ਵਾਲੇ ਕਿਸਾਨ ਇਸੇ ਵਰਗ 'ਚੋਂ ਹਨ। ਸ੍ਰੀ ਘੁੰਮਣ ਨੇ ਕਿਹਾ,"ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵੱਡੇ ਕਿਸਾਨ ਮੁਫ਼ਤ ਬਿਜਲੀ ਸਬਸਿਡੀ ਦਾ ਆਨੰਦ ਮਾਣ ਰਹੇ ਹਨ। ਇਸ ਸਾਲ 80 ਫ਼ੀਸਦੀ ਤੋਂ ਵੱਧ ਲਾਭਪਾਤਰੀਆਂ, ਜਿਨ੍ਹਾਂ ਨੂੰ ਮੁਫ਼ਤ ਬਿਜਲੀ ਦੀ ਲੋੜ ਨਹੀਂ ਹੈ, ਨੂੰ 7700 ਕਰੋੜ ਰੁਪਏ ਬਿਜਲੀ ਸਬਸਿਡੀ ਵਜੋਂ ਦਿੱਤੇ ਜਾਣਗੇ। ਮੁੱਖ ਮੰਤਰੀ ਵੱਲੋਂ ਵੱਡੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਨਾ ਲੈਣ ਲਈ ਆਖਣਾ ਹੀ ਮਾਇਨੇ ਰਖਦਾ ਹੈ।" ਜੇਕਰ ਦਰਮਿਆਨੇ ਅਤੇ ਵੱਡੇ ਕਿਸਾਨਾਂ ਤੋਂ ਮੁਫ਼ਤ ਬਿਜਲੀ ਦੀ ਸਹੂਲਤ ਵਾਪਸ ਲੈ ਲਈ ਜਾਂਦੀ ਹੈ ਤਾਂ ਇਸ ਨਾਲ 2017-18 ਦੌਰਾਨ ਸਰਕਾਰੀ ਖ਼ਜ਼ਾਨੇ ਦੇ 4 ਹਜ਼ਾਰ ਕਰੋੜ ਰੁਪਏ ਬਚਣਗੇ ਅਤੇ ਇਹ ਪੈਸਾ ਫ਼ਸਲੀ ਕਰਜ਼ਾ ਮੁਆਫ਼ ਕਰਨ ਸਮੇਤ ਪੇਂਡੂ ਸਿੱਖਿਆ, ਸਿਹਤ, ਸੈਨੀਟੇਸ਼ਨ ਅਤੇ ਹੋਰ ਬੁਨਿਆਦੀ ਸੁਧਾਰਾਂ ਲਈ ਖ਼ਰਚਿਆ ਜਾ ਸਕਦਾ ਹੈ।

# ਕਰਜ਼ਾ ਮੁਆਫ਼ੀ ਦੇ ਬੈਂਕ ਸਰਟੀਫਿਕੇਟ ਜਨਵਰੀ ਦੇ ਪਹਿਲੇ ਹਫ਼ਤੇ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਸਰਕਾਰ ਨੇ ਢਾਈ ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਵਾਲੇ ਸੀਮਾਂਤ ਕਿਸਾਨਾਂ ਨੂੰ ਕਰਜ਼ੇ ਦੀ ਪਹਿਲੀ ਕਿਸ਼ਤ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ। ਜਨਵਰੀ ਦੇ ਪਹਿਲੇ ਹਫ਼ਤੇ ਬਠਿੰਡਾ ਵਿੱਚ ਵੱਡਾ ਇਕੱਠ ਸੱਦ ਕੇ ਬੈਂਕ ਦੇ ਕਰਜ਼ਾ ਮੁਆਫ਼ੀ ਸਰਟੀਫਿਕੇਟ ਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਿਖੀ ਇੱਕ ਚਿੱਠੀ ਵੀ ਵੰਡੀ ਜਾਵੇਗੀ। ਪਹਿਲੇ ਪੜਾਅ ਵਿੱਚ ਕੇਵਲ ਸਹਿਕਾਰੀ ਸੰਸਥਾਵਾਂ ਦੇ ਕਰਜ਼ੇ ਹੀ ਮੁਆਫ਼ ਕੀਤੇ ਜਾਣਗੇ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਸੰਭਾਵੀ ਤੌਰ 'ਤੇ 4 ਜਨਵਰੀ ਨੂੰ ਬਠਿੰਡਾ ਵਿੱਚ ਵੱਡੀ ਰੈਲੀ ਕਰਕੇ ਕਰਜ਼ਾ ਮੁਆਫ਼ੀ ਦਾ ਰਸਮੀ ਆਗਾਜ਼ ਕਰਨ ਦੀ ਯੋਜਨਾ ਬਣਾਈ ਹੈ। ਸੂਤਰਾਂ ਅਨੁਸਾਰ 5,71,292 ਖਾਤਾਧਾਰਕ ਸੀਮਾਂਤ ਕਿਸਾਨਾਂ ਸਿਰ ਕੁੱਲ ਫ਼ਸਲੀ ਕਰਜ਼ਾ 9845 ਕਰੋੜ ਰੁਪਏ ਦੇ ਕਰੀਬ ਹੈ। ਸਰਕਾਰ ਨੇ ਸਾਰੇ ਸੀਮਾਂਤ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਹੋਇਆ ਹੈ, ਪਰ ਨਵੇਂ ਪ੍ਰੋਗਰਾਮ ਤਹਿਤ ਸਹਿਕਾਰੀ ਸੰਸਥਾਵਾਂ ਦਾ ਪੈਸਾ ਹੀ ਮੁਆਫ਼ ਕੀਤਾ ਜਾਵੇਗਾ। ਇੱਕ ਅਨੁਮਾਨ ਅਨੁਸਾਰ ਸਹਿਕਾਰੀ ਸੰਸਥਾਵਾਂ ਦਾ ਸਾਰੇ ਕਿਸਾਨਾਂ ਸਿਰ ਔਸਤਨ 68000 ਰੁਪਏ ਕਰਜ਼ਾ ਹੈ। ਇਸ ਆਧਾਰ ਉੱਤੇ ਹੀ ਸਹਿਕਾਰੀ ਸੰਸਥਾਵਾਂ ਦਾ ਅਨੁਮਾਨ 3600 ਕਰੋੜ ਰੁਪਏ ਬਣਦਾ ਸੀ, ਪਰ ਸਹਿਕਾਰੀ ਸੰਸਥਾਵਾਂ ਲਈ ਵੀ ਇਹ ਪੂਰਾ ਕਰਜ਼ਾ ਸਾਬਤ ਕਰਨ ਦੀ ਮੁਸ਼ਕਲ ਆ ਰਹੀ ਹੈ। ਉਂਜ ਕਰਜ਼ਾ ਮੁਆਫ਼ੀ ਦੇ ਅਮਲ ਨਾਲ ਹਿਸਾਬ ਕਿਤਾਬ ਜ਼ਰੂਰ ਸਪਸ਼ਟ ਹੋ ਜਾਣ ਦੀ ਉਮੀਦ ਹੈ। ਸਰਕਾਰ ਨੇ ਪੰਜ ਏਕੜ ਤੋਂ ਘੱਟ ਮਾਲਕੀ ਵਾਲੇ ਕੇਵਲ ਦੋ ਲੱਖ ਰੁਪਏ ਤੱਕ ਦੇ ਕਰਜ਼ੇ ਹੀ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ, ਇਸ ਲਈ ਵੱਧ ਕਰਜ਼ੇ ਵਾਲਿਆਂ ਦਾ ਕੋਈ ਪੈਸਾ ਮੁਆਫ਼ ਨਹੀਂ ਹੋਵੇਗਾ। ਇਸ ਦਾ ਅਰਥ ਹੈ ਕਿ ਸਹਿਕਾਰੀ ਸੰਸਥਾਵਾਂ ਦਾ ਪਹਿਲੀ ਕਿਸ਼ਤ ਵਿੱਚ ਮੁਕੰਮਲ ਨਹੀਂ, ਇੱਕ ਹਿੱਸਾ ਹੀ ਮੁਆਫ਼ ਹੋਵੇਗਾ।



ਸਟੇਟ ਲੈਵਲ ਬੈਂਕਰਜ਼ ਕਮੇਟੀ ਦੇ ਅਨੁਮਾਨ ਅਨੁਸਾਰ ਕਿਸਾਨਾਂ ਦੇ ਕੁੱਲ ਬੈਂਕ ਖਾਤਿਆਂ ਵਿੱਚੋਂ ਦੋ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਵਾਲੇ ਸੀਮਾਂਤ ਕਿਸਾਨਾਂ (ਢਾਈ ਏਕੜ ਤੱਕ) ਦੇ 4,25,284 ਖਾਤੇ ਹਨ ਅਤੇ ਇਨ੍ਹਾਂ ਸਿਰ ਕਰਜ਼ਾ ਲਗਪਗ 2747 ਕਰੋੜ ਰੁਪਏ ਬਣਦਾ ਹੈ। ਦੋ ਲੱਖ ਤੋਂ ਪੰਜ ਲੱਖ ਰੁਪਏ ਤੱਕ ਦੇ ਕਰਜ਼ੇ ਵਾਲੇ ਸੀਮਾਂਤ ਕਿਸਾਨਾਂ ਦੇ 1,10,131 ਅਤੇ ਪੰਜ ਲੱਖ ਰੁਪਏ ਤੋਂ ਵੱਧ ਫਸਲੀ ਕਰਜ਼ੇ ਵਾਲੇ 35877 ਖਾਤੇ ਹਨ। ਇਨ੍ਹਾਂ 1.46 ਲੱਖ ਖਾਤਾ ਧਾਰਕ ਸੀਮਾਂਤ ਕਿਸਾਨਾਂ ਨੂੰ ਵੀ ਦੋ ਲੱਖ ਰੁਪਏ ਤੱਕ ਦੀ ਮੁਆਫ਼ੀ ਦਾ ਲਾਭ ਮਿਲੇਗਾ। ਦੋ ਲੱਖ ਰੁਪਏ ਤੱਕ ਫਸਲੀ ਕਰਜ਼ੇ ਵਾਲੇ ਛੋਟੇ ਕਿਸਾਨਾਂ (ਭਾਵ ਪੰਜ ਏਕੜ ਤੱਕ) ਵਾਲਿਆਂ ਦੇ 4,50,585 ਬੈਂਕ ਖਾਤੇ ਹਨ। ਇਨ੍ਹਾਂ ਸਿਰ ਕਰਜ਼ਾ ਕਰੀਬ 3353 ਕਰੋੜ ਰੁਪਏ ਦੇ ਲਗਪਗ ਹੈ। ਇਹ ਕੁੱਲ ਜੋੜ ਕਰੀਬ ਨੌਂ ਹਜ਼ਾਰ ਕਰੋੜ ਰੁਪਏ ਬਣਦਾ ਹੈ।

## ਡਬਲਿਊਟੀਓ ਮੀਟਿੰਗ ਬੇਸਿੱਟਾ ਰਹਿਣ ਨਾਲ ਕਿਸਾਨਾਂ ਦੀ ਫ਼ਸਲ ਖ਼ਰੀਦ 'ਤੇ ਲਟਕੀ ਤਲਵਾਰ

**ਚੰਡੀਗੜ੍ਹ/ਹਮੀਰ ਸਿੰਘ :**

ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਦੀ ਅਰਜਨਟੀਨਾ ਦੇ ਸ਼ਹਿਰ ਬਿਊਨਸ ਏਅਰਸ ਵਿੱਚ ਹੋਈ ਗਿਆਰ੍ਹਵੀਂ ਮੰਤਰੀ ਪੱਧਰੀ ਚਾਰ ਰੋਜ਼ਾ ਕਾਨਫਰੰਸ ਬੇਸਿੱਟਾ ਰਹਿਣ ਨਾਲ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਦੇ ਕਿਸਾਨਾਂ ਦੀਆਂ ਫ਼ਸਲਾਂ ਦੀ ਸਰਕਾਰੀ ਭਾਅ ਮੁਤਾਬਕ ਖ਼ਰੀਦ 'ਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਸਾਲ 2013 ਵਿੱਚ ਬਾਲੀ ਵਿੱਚ ਹੋਈ ਕਾਨਫਰੰਸ ਦੌਰਾਨ ਨਿਯਮਾਂ ਮੁਤਾਬਿਕ ਮਿਲੀ ਛੋਟ ਦਾ ਸਮਾਂ 31 ਦਸੰਬਰ ਨੂੰ ਖਤਮ ਹੋਣ ਜਾ ਰਿਹਾ ਹੈ। ਹੁਣ ਕੌਮਾਂਤਰੀ ਮੰਚ 'ਤੇ ਡਬਲਿਊਟੀਓ ਨਿਯਮਾਂ ਦੀ ਉਲੰਘਣਾ ਹੋਣ ਦੇ ਮੁੱਦੇ 'ਤੇ ਨਵੀਂ ਮੁਕੱਦਮੇਬਾਜ਼ੀ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਭਾਰਤ ਦੇ ਵਣਜ ਮੰਤਰੀ ਸੁਰੇਸ਼ ਪ੍ਰਭੂ ਨੇ ਕਿਸੇ ਦੇਸ਼ ਦਾ ਨਾਮ ਲਏ ਬਿਨਾਂ ਕਿਹਾ ਕਿ ਇੱਕ ਵਿਕਸਤ ਦੇਸ਼ ਦੀ ਜ਼ਿੱਦ ਕਾਰਨ ਕਾਨਫਰੰਸ ਦੌਰਾਨ ਸਹਿਮਤੀ ਨਹੀਂ ਬਣ ਸਕੀ। ਅਸਲ ਵਿੱਚ 164 ਦੇਸ਼ਾਂ ਦੇ ਨੁਮਾਇੰਦਿਆਂ ਦੀ ਇਸ ਕਾਨਫਰੰਸ ਵਿੱਚ ਅਮਰੀਕਾ ਨੇ ਖ਼ੁਰਾਕ ਸੁਰੱਖਿਆ ਸਬੰਧੀ ਭਾਰਤ, ਚੀਨ ਤੇ ਹੋਰ ਸੌ ਦੇ ਕਰੀਬ ਵਿਕਾਸਸ਼ੀਲ ਦੇਸ਼ਾਂ ਵੱਲੋਂ ਉਠਾਏ ਮੁੱਦੇ ਵਿਚਾਰਨ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ। ਇਹ ਦੇਸ਼ ਚਾਹੁੰਦੇ ਸਨ ਕਿ ਬਾਲੀ ਕਾਨਫਰੰਸ ਵਿੱਚ ਘਰੇਲੂ ਲੋੜਾਂ ਲਈ ਖ਼ੁਰਾਕ ਸੁਰੱਖਿਆ ਲਈ ਕੀਤੀ ਜਾਣ ਵਾਲੀ ਫ਼ਸਲਾਂ ਦੀ ਖ਼ਰੀਦ ਦਾ ਸਥਾਈ ਹੱਲ ਲੱਭਿਆ ਜਾਵੇ। ਇਸ ਤੋਂ ਪਹਿਲਾਂ ਪੰਜ ਸਾਲਾਂ ਤੋਂ ਅਸਥਾਈ ਪ੍ਰਬੰਧ ਚੱਲ ਰਿਹਾ ਹੈ। ਇਸ ਵਾਸਤੇ ਅਸਥਾਈ ਪੀਸ ਕਲਾਜ਼ 'ਤੇ ਸਹਿਮਤੀ ਬਣੀ ਸੀ। ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਮੁਤਾਬਿਕ ਕੋਈ ਦੇਸ਼ ਆਪਣੀ ਕੁੱਲ ਪੈਦਾਵਾਰ ਦੀ ਦਸ ਫ਼ੀਸਦ ਕੀਮਤ ਦੇ ਬਰਾਬਰ ਹੀ ਖ਼ੁਰਾਕ ਸੁਰੱਖਿਆ ਲਈ ਅਨਾਜ ਖ਼ਰੀਦ ਸਕਦਾ ਹੈ, ਬਾਕੀ ਅਨਾਜ ਖੁੱਲ੍ਹੀ ਮੰਡੀ ਵਿੱਚ ਵੇਚਣਾ ਪਵੇਗਾ। ਇਸ ਲਈ ਆਧਾਰ ਵੀ 1986-88 ਦੇ ਸਾਲਾਂ ਦੀਆਂ ਕੀਮਤਾਂ ਨੂੰ ਬਣਾਇਆ ਗਿਆ ਹੈ ਭਾਰਤ ਦੇ ਡਬਲਿਊਟੀਓ ਵਿੱਚ ਅੰਬੈਸਡਰ ਦੀਪਕ ਦਾ ਕਹਿਣਾ ਹੈ ਕਿ ਭਾਰਤ ਦੀ ਫ਼ਸਲ ਖ਼ਰੀਦ 'ਤੇ ਅਸਰ ਨਹੀਂ ਪਵੇਗਾ, ਕਿਉਂਕਿ ਪੀਸ ਕਲਾਜ਼ ਵਿੱਚ ਵੀ ਦਰਜ ਹੈ ਕਿ ਸਥਾਈ ਹੱਲ ਹੋਣ ਤੱਕ ਇਹ ਅਸਥਾਈ ਸਹਿਮਤੀ ਜਾਰੀ ਰਹੇਗੀ, ਪਰ ਬਹੁਤ ਸਾਰੇ ਮਾਹਿਰ ਇਸ ਦਲੀਲ ਨੂੰ ਮੰਨਣ ਲਈ ਤਿਆਰ ਨਹੀਂ ਹਨ। ਖੇਤੀਬਾੜੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਪੀਸ ਕਲਾਜ਼ ਦੇ ਨਾਲ ਪਾਰਦਰਸ਼ੀ ਨੁਕਤੇ ਬਹੁਤ ਜ਼ਿਆਦਾ ਹਨ। ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਕਿੰਨੀ ਪੈਦਾਵਾਰ ਹੋਈ, ਕਿਸ ਕੀਮਤ 'ਤੇ ਖ਼ਰੀਦੀ ਗਈ, ਕਿੰਨੀ ਮਾਤਰਾ ਵਿੱਚ ਖ਼ਰੀਦੀ ਗਈ ਸਮੇਤ ਸਭ ਤਰ੍ਹਾਂ ਦੀ ਸੂਚਨਾ ਡਬਲਿਊਟੀਓ ਨੂੰ ਦੇਣੀ ਹੁੰਦੀ ਹੈ। ਇਨ੍ਹਾਂ ਨੁਕਤਿਆਂ 'ਤੇ ਕਈ ਵਾਰ ਵਿਕਾਸਸ਼ੀਲ ਦੇਸ਼ ਤਕਨੀਕੀ ਘੁੰਡੀ ਵਿੱਚ ਫਸ ਜਾਂਦੇ ਹਨ। ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਜੇਕਰ ਤੈਅ ਤਰੀਕ 31 ਦਸੰਬਰ 2017 ਹੈ ਤਾਂ ਬਿਨਾਂ ਕਿਸੇ ਸਹਿਮਤੀ ਤੋਂ ਇਸ ਨੂੰ ਜਾਰੀ ਰੱਖਣ ਦਾ ਮਾਮਲਾ ਵਿਕਸਤ ਦੇਸ਼ ਵਿਸ਼ਵ ਵਪਾਰ ਸੰਗਠਨ ਦੀ ਸ਼ਿਕਾਇਤ ਨਿਪਟਾਊ ਫੋਰਮ ਕੋਲ ਲਿਜਾ ਸਕਦੇ ਹਨ।

ਉਹ ਮੁਕੱਦਮੇਬਾਜ਼ੀ ਬਹੁਤ ਮਹਿੰਗੀ ਵੀ ਹੁੰਦੀ ਹੈ ਤੇ ਵਿਕਾਸਸ਼ੀਲ ਦੇਸ਼ਾਂ ਕੋਲ ਉਸ ਪੱਧਰ ਦੀ ਮੁਹਾਰਤ ਦੀ ਵੀ ਕਮੀ ਹੁੰਦੀ ਹੈ। ਜੇਕਰ ਕਿਸੇ ਤਰੀਕੇ ਭਾਰਤ ਮਜਬੂਰ ਹੋ ਜਾਂਦਾ ਹੈ ਤਾਂ ਇਹ ਇੱਕ ਤਰ੍ਹਾਂ ਨਾਲ 50 ਮਿਲੀਅਨ ਟਨ ਤੋਂ ਵੱਧ ਕਣਕ ਅਤੇ ਝੋਨੇ ਦੀ ਖ਼ਰੀਦ ਨਹੀਂ ਕਰ ਸਕਦਾ। ਇਹ ਮਾਮਲਾ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਅਸਿੱਧੇ ਤਰੀਕੇ ਨਾਲ ਅਮਲ ਵਿੱਚ ਲਿਆਉਣ ਦਾ ਜ਼ਰੀਆ ਬਣ ਸਕਦਾ ਹੈ। ਖ਼ੁਰਾਕ ਸੁਰੱਖਿਆ ਗਾਰੰਟੀ ਕਾਨੂੰਨ ਤਹਿਤ ਦੇਸ਼ ਨੂੰ ਲਗਪਗ 50 ਤੋਂ 55 ਮਿਲੀਅਨ ਟਨ ਅਨਾਜ ਭੰਡਾਰ ਦੀ ਲੋੜ ਹੈ। 20 ਮਿਲੀਅਨ ਟਨ ਤੋਂ ਵੱਧ ਅਨਾਜ ਤਾਂ ਇੱਕਲਾ ਪੰਜਾਬ ਹੀ ਹਰ ਸਾਲ ਪੈਦਾ ਕਰਕੇ ਦੇ ਰਿਹਾ ਹੈ। ਜੇਕਰ ਕੁੱਲ ਪੈਦਾਵਾਰ ਦੇ ਦਸ ਫ਼ੀਸਦ ਦੀ ਹੱਦ ਨਿਰਧਾਰਿਤ ਹੋ ਗਈ ਤਾਂ ਕਿਸਾਨਾਂ ਦੀਆਂ ਫ਼ਸਲਾਂ ਕੌਣ ਖ਼ਰੀਦੇਗਾ? ਉਨ੍ਹਾਂ ਨੂੰ ਖੁੱਲ੍ਹੀ ਮੰਡੀ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਜਾਵੇਗਾ। ਵਿਸ਼ਵ ਵਪਾਰ ਸੰਗਠਨ ਦੀਆਂ ਸ਼ਰਤਾਂ ਵਿਕਾਸਸ਼ੀਲ ਜਾਂ ਘੱਟ ਵਿਕਸ਼ਤ ਦੇਸ਼ਾਂ ਲਈ ਹੀ ਹਨ, ਪਰ ਇਹ ਸ਼ਰਤਾਂ ਅਮਰੀਕਾ, ਯੂਰੋਪ ਜਾਂ ਹੋਰ ਵਿਕਸਤ ਦੇਸ਼ਾਂ 'ਤੇ ਲਾਗੂ ਨਹੀਂ ਹੁੰਦੀਆਂ ਜੋ ਆਪਣੇ ਕਿਸਾਨਾਂ ਨੂੰ ਗ੍ਰੀਨ ਬਾਕਸ ਦੇ ਨਾਮ ਹੇਠ 200 ਅਰਬ ਡਾਲਰ ਸਬਸਿਡੀ ਦੇ ਰਹੇ ਹਨ। ਇਹ ਸਬਸਿਡੀਆਂ ਭਾਵੇਂ ਅੰਤਰਰਾਸ਼ਟਰੀ ਵਪਾਰ ਦੇ ਸੰਤੁਲਨ ਨੂੰ ਵਿਗਾੜ ਵੀ ਰਹੀਆਂ ਹਨ।

# ਪੰਜਾਬ ਵਜ਼ਾਰਤ 'ਚ ਵਾਧੇ ਲਈ ਮੁਢਲੀ ਕਾਰਵਾਈ ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਪਟਨ ਵਜ਼ਾਰਤ ਵਿੱਚ ਵਾਧੇ ਦੀ ਕਵਾਇਦ ਸ਼ੁਰੂ ਹੋ ਚੁੱਕੀ ਹੈ ਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਧਾਇਕਾਂ ਨੇ ਵਸੋਂ ਦੇ ਅਨੁਪਾਤ ਅਨੁਸਾਰ ਵਜ਼ਾਰਤ ਵਿੱਚ ਬਣਦਾ ਹਿੱਸਾ ਲੈਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਕਿਹਾ ਸੀ ਕਿ 18 ਦਸੰਬਰ ਤੋਂ ਬਾਅਦ ਵਜ਼ਾਰਤ ਵਿੱਚ ਵਾਧਾ ਕੀਤਾ ਜਾਵੇਗਾ। ਉਸ ਤੋਂ ਬਾਅਦ ਹੀ ਵਜ਼ੀਰ ਬਣਨ ਲਈ ਜੋੜ-ਤੋੜ ਸ਼ੁਰੂ ਹੋ ਗਏ ਹਨ। ਅਜੇ ਵਜ਼ਾਰਤੀ ਵਾਧੇ ਦੀ ਕੋਈ ਤਰੀਕ ਨਿਸ਼ਚਤ ਨਹੀਂ ਕੀਤੀ ਹੈ, ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਵਜ਼ਾਰਤ ਵਿੱਚ ਵਾਧਾ ਲੁਧਿਆਣਾ ਨਿਗਮ ਚੋਣ ਤੋਂ ਬਾਅਦ ਹੀ ਹੋਵੇਗਾ ਤੇ ਇਹ ਚੋਣ ਜਨਵਰੀ ਵਿੱਚ ਹੋਣ ਦੀ ਸੰਭਾਵਨਾ ਹੈ। ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਧਾਇਕਾਂ ਦਾ ਕਹਿਣਾ ਹੈ ਕਿ ਵਸੋਂ ਦੇ ਅਨੁਪਾਤ ਅਨੁਸਾਰ ਉਨ੍ਹਾਂ ਨੂੰ ਵਜ਼ਾਰਤ ਵਿੱਚ 33 ਫ਼ੀਸਦੀ ਹਿੱਸਾ ਮਿਲਣਾ ਚਾਹੀਦਾ ਹੈ। ਇਸ ਵੇਲੇ ਪੰਜਾਬ ਵਜ਼ਾਰਤ ਵਿੱਚ ਮੁੱਖ ਮੰਤਰੀ ਸਣੇ ਦਸ ਮੰਤਰੀ ਹਨ ਤੇ ਅੱਠ ਮੰਤਰੀ ਹੋਰ ਬਣਾਉਣ ਦੀ ਗੁੰਜਾਇਸ਼ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਅਨੁਸੂਚਿਤ ਜਾਤੀਆਂ ਦੇ 18 ਵਿਧਾਇਕ ਜਿੱਤੇ ਸਨ ਤੇ ਇਨ੍ਹਾਂ ਵਿੱਚੋਂ ਤਿੰਨ ਪਹਿਲਾਂ ਹੀ ਵਜ਼ਾਰਤ ਵਿੱਚ ਹਨ। ਇਨ੍ਹਾਂ ਵਿੱਚ ਸਾਧੂ ਸਿੰਘ ਧਰਮਸੋਤ, ਚਰਨਜੀਤ ਸਿੰਘ ਚੰਨੀ ਤੇ ਅਰੁਣਾ ਚੌਧਰੀ ਸ਼ਾਮਲ ਹਨ। ਮਲੋਟ ਤੋਂ ਵਿਧਾਇਕ ਅਜੈਬ ਸਿੰਘ ਭੱਟੀ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਬਣਾਏ ਗਏ ਹਨ ਤੇ ਇਸ ਤਰ੍ਹਾਂ ਚਾਰ ਵਿਧਾਇਕ ਐਡਜਸਟ ਹੋ ਚੁੱਕੇ ਹਨ। ਕੈਪਟਨ ਵਜ਼ਾਰਤ ਵਿੱਚ ਵਾਧੇ ਸਮੇਂ ਅਨੁਸੂਚਿਤ ਜਾਤੀਆਂ ਦੇ ਉਹ ਵਿਧਾਇਕ ਹੀ ਸ਼ਾਮਲ ਹੋ ਸਕਣਗੇ, ਜਿਹੜੇ ਤਿੰਨ ਜਾਂ ਤਿੰਨ ਤੋਂ ਵੱਧ ਵਾਰ ਵਿਧਾਇਕ ਬਣੇ ਹਨ। ਇਸ ਕਤਾਰ ਵਿੱਚ ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਡਾ. ਰਾਜ ਕੁਮਾਰ ਵੇਰਕਾ ਤੇ ਪਟਿਆਲਾ ਦੇ ਸ਼ਤਰਾਣਾ ਹਲਕੇ ਤੋਂ ਨਿਰਮਲ ਸਿੰਘ ਹੀ ਆਉਂਦੇ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES
20 ਦਸੰਬਰ 2017 ਤੋਂ 26 ਦਸੰਬਰ 2017

# ਮੋਦੀ ਦੇ ਰੱਥ ਨੂੰ ਰਾਹੁਲ ਨੇ ਪਾਇਆ 'ਹੱਥ'

## ਭਾਰਤ 'ਚ ਲੋਕ ਪੱਖੀਆਂ ਦੇ 'ਅੱਛੇ ਦਿਨਾਂ' ਦੇ ਸੰਕੇਤ

ਭਾਰਤ ਦੇ ਦੋ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਉੱਥੋਂ ਦੀਆਂ ਸੱਤਾਧਾਰੀ ਰਾਜਸੀ ਪਾਰਟੀਆਂ ਦੀਆਂ ਆਸਾਂ ਤੋਂ ਉਲਟ ਆਉਣ ਨੇ ਪਿਛਲੇ ਤਿੰਨ ਵਰ੍ਹਿਆਂ ਤੋਂ ਖਤਰਨਾਕ ਰੁਝਾਣ ਵਲ ਵੱਧ ਰਹੀ ਭਾਰਤੀ ਰਾਜਨੀਤੀ ਵਿੱਚ ਹਾਂ-ਪੱਖੀ ਸੰਕੇਤ ਦਿੱਤੇ ਹਨ। ਦੇਸ਼ ਦੇ ਰਾਜਸੀ ਵਿਸ਼ਲੇਸ਼ਕਾਂ, ਧਰਮ ਨਿਰਪੇਖ ਤੇ ਅਗਾਂਵਧੂ ਸੋਚ ਵਾਲੇ ਚਿੰਤਕਾਂ ਅਤੇ ਫਿਰਕੂ ਸ਼ਕਤੀਆਂ ਹੱਥੋਂ ਸਤਾਏ ਘੱਟ ਗਿਣਤੀ ਭਾਈਚਾਰਿਆਂ ਦੀਆਂ ਨਿਗਾਹਾਂ ਤੱਟੀ ਸੂਬੇ ਗੁਜਰਾਤ ਅਤੇ ਪਹਾੜੀ ਰਾਜ ਹਿਮਾਚਲ ਪ੍ਰਦੇਸ਼ ਦੇ ਵੋਟਰਾਂ ਦੇ ਫਤਵੇ ਵਲ ਲੱਗੀਆਂ ਹੋਈਆਂ ਸਨ। ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਸ਼ੁਰੂ ਹੋਈ ਚੋਣ ਪ੍ਰਕਿਰਿਆ ਦੇ ਸੋਮਵਾਰ ਨੂੰ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਬਾਅਦ ਨਿਰਵਿਘਣ ਨੇਪਰੇ ਚੜ੍ਹ ਜਾਣ ਨਾਲ ਜਿਹੜੇ ਲੋਕ ਰੁਝਾਣ ਸਾਹਮਣੇ ਆਏ ਹਨ, ਉਹ ਕਈ ਅਹਿਮ ਪੱਖਾਂ ਨੂੰ ਉਭਾਰਦੇ ਹਨ। ਸਭ ਤੋਂ ਅਹਿਮ ਪੱਖ ਇਹ ਕਿ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੇ ਵੀਰਭੱਦਰ ਸਿੰਘ ਦੀ ਅਗਵਾਈ ਹੇਠਲੀ ਨਿਕੰਮੀ ਕਾਂਗਰਸ ਸਰਕਾਰ ਨੂੰ ਚਲਦੀ ਕਰਕੇ ਕਾਂਗਰਸ ਪਾਰਟੀ ਦੇ ਮੋਹਰੀਆਂ ਨੂੰ ਅਪਣੇ ਪੁਰਾਣੇ ਜਾਗੀਰਦਾਰੀ ਢੰਗ ਤਰੀਕੇ ਬਦਲਣ ਦਾ ਸੁਨੇਹਾ ਦਿੱਤਾ ਹੈ। ਹਿਮਾਚਲੀ ਵੋਟਰਾਂ ਵਲੋਂ ਕਿਸੇ ਵੀ ਰਾਜਸੀ ਪਾਰਟੀ ਨੂੰ ਹਰ ਪੰਜ ਸਾਲ ਬਾਅਦ ਸੱਤਾ ਤੋਂ ਲਾਂਭੇ ਕਰਨ ਦਾ ਅਮਲ ਬਰਕਰਾਰ ਰਖਦਿਆਂ ਅਪਣੇ ਮਸਲਿਆਂ ਤੇ ਮੁਸ਼ਕਲਾਂ ਦੇ ਹੱਲ ਲਈ ਇਸ ਵਾਰ ਬਦਲਵੀਂ ਪਾਰਟੀ ਭਾਜਪਾ ਉੱਤੇ ਟੇਕ ਰਖਣਾ ਭਾਰਤੀ ਵੋਟਰ ਦੀ ਬੇਵਸੀ ਦਾ ਪ੍ਰਗਟਾਵਾ ਹੈ। ਗੁਜਰਾਤ ਮਾਡਲ, ਜਿਸਨੂੰ ਬਾਣੀਆ ਮਾਨਸਿਕਤਾ ਵਾਲੀ ਹਿੰਦੂਤਵੀ ਭਾਰਤੀ ਜਨਤਾ ਪਾਰਟੀ ਨੇ ਬਾਖੂਬੀ ਵੇਚਦਿਆਂ ਸਾਲ 2014 ਵਿੱਚ ਦੇਸ਼ ਵਿੱਚ ਲੋਕ ਰਾਜੀ ਢੰਗ ਨਾਲ ਰਾਜਸੀ ਰਾਜ ਪਲਟਾ ਕੀਤਾ ਸੀ, ਨੂੰ ਤਾਜ਼ਾ ਚੋਣਾਂ ਵਿੱਚ ਮਿਲਿਆ ਹੁੰਗਾਰਾ ਬੇਹੱਦ ਮੱਠਾ ਹੋਣਾ ਨਵੀਂ ਦਿੱਲੀ ਵਿੱਚ ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਲਈ ਸ਼ੁਭ ਸੰਕੇਤ ਨਹੀਂ। ਨਿਰਸੰਦੇਹ ਸਾਲ 2019 ਵਿੱਚ ਆਉਣ ਵਾਲੀਆਂ ਆਮ ਚੋਣਾਂ 'ਚ ਕਾਂਗਰਸ ਸਮੇਤ ਦੂਜੀਆਂ ਵਿਰੋਧੀ ਪਾਰਟੀਆਂ ਨੂੰ ਹੂੰਝਾ ਫੇਰ ਦੇਣ ਦੇ ਸੁਪਨੇ ਇੰਨੇ ਸੁਖਾਲੇ ਪੂਰੇ ਹੋਣੇ ਸ਼ਾਇਦ ਸੰਭਵ ਨਾ ਹੋਣ। ਪਿਛਲੇ ਵੀਹ ਸਾਲਾਂ ਤੋਂ ਰਾਜ ਉੱਤੇ ਕਾਬਜ਼ ਚਲੀ ਆ ਰਹੀ ਭਾਰਤੀ ਜਨਤਾ ਪਾਰਟੀ ਦੇ ਰਾਜਸੀ ਜੁਮਲਿਆਂ ਦਾ ਢੁਕਵਾਂ ਜਵਾਬ ਹੈ ਗੁਜਰਾਤ ਦੇ ਵੋਟਰਾਂ ਦਾ ਫਤਵਾ। ਵੈਸੇ ਇਨ੍ਹਾਂ ਚੋਣਾਂ ਦੇ ਪ੍ਰਚਾਰ ਦੌਰਾਨ ਰਾਜਸੀ ਆਗੂਆਂ ਵਲੋਂ ਜਿਹੜੀ ਕੜ੍ਹੀ ਘੋਲੀ ਗਈ ਉਹ ਰਾਜਸੀ ਮਿਆਰ ਅਤੇ ਨੈਤਿਕਤਾ ਦੇ ਅਸੂਲਾਂ ਦੀਆਂ ਧੱਜੀਆਂ ਉਡਾਉਂਦੀ ਸੀ। ਭਾਵੇਂ ਵੱਖ ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਵਲੋਂ ਇੱਕ ਦੂਜੇ ਵਿਰੁਧ ਦੂਸ਼ਨਬਾਜ਼ੀ ਨੂੰ ਰਾਜਸੀ ਆਗੂਆਂ ਦਾ ਮੁੱਖ ਹਥਿਆਰ ਸਮਝਿਆ ਤੇ ਵਰਤਿਆ ਜਾਂਦਾ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਰਮਭੂਮੀ ਵਾਲੇ ਗੁਜਰਾਤ ਵਿੱਚ ਜਿਹੜੇ ਦੂਸ਼ਨਬਾਜ਼ੀ ਦੇ ਹਥਿਆਰ ਚਲਾਏ ਗਏ ਉਹ ਸੱਤਾ ਲਈ ਹਾਬੜੇ ਹੋਏ ਆਗੂਆਂ ਦੀ ਮਨੋਸਥਿੱਤੀ ਦਾ ਪ੍ਰਗਟਾਵਾ ਕਹੇ ਜਾ ਸਕਦੇ ਹਨ। ਬੀਮਾਰ ਰਾਜਸੀ ਸੋਚ ਵਾਲੇ ਅਜਿਹੇ ਰੁਝਾਣ ਦਾ ਭਾਰਤੀ ਰਾਜਨੀਤੀ ਉੱਤੇ ਦਿਨੋਂ ਦਿਨ ਭਾਰੂ ਹੋਣਾ ਸਭਨਾਂ ਲਈ ਗੰਭੀਰ ਚਿੰਤਾ ਦਾ ਮਸਲਾ ਤੇ ਮੁਲਕ ਲਈ ਹੋਰ ਵੱਧ ਖਤਰਨਾਕ ਸਮਿਆਂ ਦਾ ਸੂਚਕ ਹੈ।

'ਵਿਕਾਸ ਪੁੱਤਰ' ਦੇ ਨਾਂਅ ਉੱਤੇ ਚੋਣਾਂ ਲੜਣ ਅਤੇ ਵੋਟਰਾਂ ਕੋਲ ਜਾਣ ਦੇ ਭਾਜਪਾ ਆਗੂਆਂ ਦੇ ਦਮਗਜ਼ੇ ਤਾਂ ਕਿਤੇ ਰਾਹ ਵਿੱਚ ਹੀ ਰੁਲ ਖੁਲ ਗਏ ਜਦੋਂ ਸੂਬਾਈ ਜਾਂ ਛੋਟੇ ਮੋਟੇ ਆਗੂਆਂ ਨੇ ਨਹੀਂ ਬਲਕਿ ਖ਼ੁਦ ਨਰਿੰਦਰ ਮੋਦੀ ਨੇ ਦੇਸ਼ ਨੂੰ ਗਵਾਂਢੀ ਮੁਲਕ ਤੋਂ ਖ਼ਤਰੇ, ਉਸ ਵਿਰੁਧ ਦੁਸ਼ਮਣ ਦੇਸ਼ ਦੀ ਸਹਿ ਉੱਤੇ ਸਾਜ਼ਿਸ਼ਾਂ, ਉਸਨੂੰ ਖ਼ਤਮ ਕਰ ਦੇਣ ਦੀਆਂ ਗੋਂਦਾਂ ਗੁੰਦਣ ਅਤੇ ਵਿਰੋਧੀ ਪਾਰਟੀ ਦੇ ਅੱਤਵਾਦੀਆਂ ਨਾਲ ਰਲ ਕੇ ਦੇਸ਼ ਤੇ ਗੁਜਰਾਤ ਨੂੰ ਨੁਕਸਾਨ ਪਹੁੰਚਾਉਣ ਦੀ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ। ਵੋਟਰਾਂ ਦੀ ਚੁੱਪ ਅਤੇ ਉਨ੍ਹਾਂ ਦੇ ਰੌਂਅ 'ਚ ਤਬਦੀਲੀ ਦੀ ਭਿਣਕ ਪੈਣ ਤੋਂ ਬੁਖ਼ਲਾਏ ਮੋਦੀ ਨੇ ਪ੍ਰਧਾਨ ਮੰਤਰੀ ਦੇ ਅਪਣੇ ਅਹੁਦੇ ਦੀ ਮਰਿਯਾਦਾ ਦੀ ਵੀ ਪ੍ਰਵਾਹ ਨਹੀਂ ਕੀਤੀ। ਵਿਰੋਧੀ ਪਾਰਟੀ ਦੇ ਸੀਨੀਅਰ ਆਗੂ ਅਤੇ ਰਾਹੁਲ ਗਾਂਧੀ ਵਿਰੁਧ ਰਾਜਸੀ ਗਾਲੀ ਗਲੋਚ ਤਾਂ ਚੋਣਾਂ ਮੌਕੇ ਚਿੱਕੜਉਛਾਲੀ ਦੀ ਛੋਟ ਹੇਠ ਅੱਖੋਂ ਪ੍ਰੋਖੇ ਕੀਤਾ ਜਾ ਸਕਦਾ ਹੈ, ਪਰ ਮੋਦੀ ਦੇ ਮੂੰਹੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਰਗੇ ਨਿਹਾਇਤ ਸਰੀਫ਼ ਅਤੇ ਇਮਾਨਦਾਰ ਸਖ਼ਸ਼ ਉੱਤੇ ਦੇਸ਼ ਦੇ ਦੁਸ਼ਮਣਾਂ ਨਾਲ ਸਾਂਢ-ਗਾਂਢ ਵਰਗੇ ਗੱਦਾਰੀ ਵਾਲੇ ਦੋਸ਼ ਲਾਉਣ ਨੇ ਅਪਣੇ ਸਿਰ ਉੱਤੇ ਸਜਾਏ ਗੁਜਰਾਤ ਦੇ ਮਾਣਮੱਤੇ ਪੁਤਰ ਦੇ ਤਾਜ ਦੀ ਸ਼ਾਨ ਨੂੰ ਮਿੱਟੀ ਘੱਟੇ ਰੋਲਣ ਵਰਗਾ ਕਰਮ ਕੀਤਾ ਹੈ।

ਇਸਦੇ ਮੁਕਾਬਲੇ ਕਾਂਗਰਸ ਪਾਰਟੀ ਵਲੋਂ ਬੜੇ ਸੂਖ਼ਮ ਢੰਗ ਨਾਲ ਹਿੰਦੂ ਪੱਤਾ ਖੇਡਣ ਦੀ ਪਹਿਲ ਦੇ ਬਾਵਜੂਦ ਰਾਹੁਲ ਗਾਂਧੀ ਨੇ ਹਿੰਦੂਤਵੀ ਬ੍ਰਿਗੇਡ ਦੇ ਕੂੜ ਪ੍ਰਚਾਰ ਨਾਲ ਲਿਬੜੇ ਸ਼ਬਦੀ ਬੰਬਾਂ ਦਾ ਮੁਕਾਬਲਾ ਕਾਫ਼ੀ ਹੱਦ ਤੱਕ ਠਰੰਮੇ ਤੇ ਸਿਆਣਪ ਨਾਲ ਦੇ ਕੇ ਸਿਰਫ਼ ਗੁਜਰਾਤ ਦੇ ਵੋਟਰਾਂ ਦਾ ਭਰੋਸਾ ਹੀ ਨਹੀਂ ਜਿੱਤਿਆ ਬਲਕਿ ਅਪਣੇ ਰਾਜਸੀ ਭਵਿੱਖ ਲਈ ਰਾਹ ਸੁਖ਼ਾਲਾ ਬਣਾਉਣ ਵਲ ਕਦਮ ਪੁਟਿਆ ਹੈ। ਕਾਂਗਰਸ ਪਾਰਟੀ ਦੇ ਪ੍ਰਧਾਨ ਦੀ ਜ਼ੁੰਮੇਵਾਰੀ ਸੰਭਾਲੇ ਜਾਣ ਬਾਅਦ ਉਸਨੂੰ ਹੁਣ ਅਪਣੀ ਪਾਰਟੀ ਲਈ ਹੀ ਨਹੀਂ, ਸਗੋਂ ਸਮੁੱਚੀ ਵਿਰੋਧੀ ਧਿਰ ਨੂੰ ਇੱਕ ਮੰਚ ਉੱਤੇ ਇਕੱਠੇ ਕਰਨ ਲਈ ਯਤਨ ਕਰਨੇ ਹੋਣਗੇ। ਮੋਦੀ ਸਰਕਾਰ ਦੀ ਸ਼ਹਿ ਹੇਠ ਚਾਂਭਲੇ ਹੋਏ ਫਿਰਕੂ ਹਿੰਦੂਤਵੀ ਲਾਣੇ ਵਲੋਂ ਭਾਈਚਾਰਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਨ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੇ ਟਾਕਰੇ ਲਈ ਕੌਮੀ ਪੱਧਰ ਦੀਆਂ ਧਰਮ ਨਿਰਪੇਖ, ਖੱਬੇਪੱਖੀ ਧਿਰਾਂ ਤੇ ਸੂਬਾਈ ਪਾਰਟੀਆਂ ਵਿਚਾਲੇ ਆਪਸੀ ਸਹਿਯੋਗ ਵਧਾਉਣਾ ਸਮੇਂ ਦੀ ਲੋੜ ਹੈ। ਰਾਜਸੀ ਆਗੂ ਇਨ੍ਹਾਂ ਚੋਣ ਨਤੀਜਿਆਂ ਨੂੰ ਆਪੋ ਅਪਣੇ ਹੱਕ ਵਿੱਚ ਵਿਖਾਉਣ/ਸਿੱਧ ਕਰਨ ਲਈ ਜੋ ਮਰਜ਼ੀ ਦਾਅਵੇ ਕਰਦੇ ਰਹਿਣ ਵੋਟਰਾਂ ਨੇ ਅਪਣੀਆਂ ਪਹਿਲਤਾਵਾਂ ਸਪੱਸ਼ਟ ਕਰ ਦਿੱਤੀਆਂ ਹਨ। ਚੋਣ ਵਿਸ਼ਲੇਸ਼ਕਾਂ ਵਲੋਂ ਇਨ੍ਹਾਂ ਚੋਣ ਨਤੀਜਿਆਂ ਪਿਛਲੇ ਹਾਂ ਪੱਖੀ ਰੁਝਾਣ ਨੂੰ ਭਾਰਤ 'ਚ ਲੋਕ ਪੱਖੀਆਂ ਦੇ ਅੱਛੇ ਦਿਨਾਂ ਦੇ ਸੰਕੇਤ ਸਮਝਣ ਦੀਆਂ ਦਲੀਲਾਂ ਵਿੱਚ ਦਮ ਹੈ। ਆਰ ਐਸ ਐਸ ਵਲੋਂ ਭਾਰਤ ਨੂੰ ਮੁਕੰਮਲ ਹਿੰਦੂ ਰਾਜ ਐਲਾਨਣ ਲਈ ਸਾਲ 2019 ਦੀਆਂ ਚੋਣਾਂ ਵਾਸਤੇ ਸ਼ਿੰਗਾਰੇ ਅਪਣੇ ਜਰਨੈਲ ਨਰਿੰਦਰ ਮੋਦੀ ਦੇ ਰਾਜਸੀ ਰੱਥ ਦੇ ਪਹੀਏ ਨੂੰ ਰਾਹੁਲ ਗਾਂਧੀ ਦੀ ਪਾਰਟੀ ਨੇ ਵੋਟਰਾਂ ਦੇ ਹਾਂ ਪੱਖੀ ਹੁੰਗਾਰੇ ਨਾਲ ਜਿਹੜਾ ਹੱਥ ਪਾਇਆ ਹੈ, ਉਸਦੇ ਹੋਰ ਮਜਬੂਤੀ ਨਾਲ ਸਮੁੱਚੇ ਰੱਥ ਦੁਆਲੇ ਕਸੇ ਜਾਣ ਦੀਆਂ ਆਸਾਂ ਨਾਲ ਹੀ ਭਾਰਤ ਦੇ ਲੋਕਾਂ ਖ਼ਾਸ ਘੱਟ ਗਿਣਤੀਆਂ ਦਾ ਭਵਿੱਖ ਜੁੜਿਆ ਹੋਇਆ ਹੈ।

# ਗੁਜਰਾਤ ਦੇ ਵੋਟਰਾਂ ਵੱਲੋਂ ਕੌਮੀ ਤਵਾਜ਼ਨ ਬਹਾਲ

**ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਜਰਾਤ ਵਿਚ ਵੋਟਰਾਂ ਵੱਲੋਂ ਦਿੱਤਾ ਗਿਆ ਸੰਕੇਤ ਗਾਂਧੀਨਗਰ ਤੋਂ ਦੂਰ, ਘਰੇਲੂ ਅਤੇ ਵਿਦੇਸ਼ ਪੱਧਰ ਉਪਰ ਵੀ ਵੇਖਿਆ, ਪਰਖਿਆ ਜਾਵੇਗਾ। ਵਿਰੋਧੀ ਤਾਕਤਾਂ ਅਤੇ ਸਮੂਹਾਂ ਨੂੰ ਇਸ ਹਕੀਕਤ ਨਾਲ ਰਾਹਤ ਮਿਲਣ ਦੀ ਸੰਭਾਵਨਾ ਹੈ ਕਿ ਭਾਜਪਾ ਵਿਰੋਧੀ ਧਿਰ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਵਿਚ ਨਾਕਾਮ ਰਹੀ ਹੈ। ਇਹ ਸੰਕੇਤ ਪ੍ਰਧਾਨ ਮੰਤਰੀ ਦੇ ਆਪਣੇ ਰਾਜ ਅੰਦਰੋਂ ਹੀ ਮਿਲੇ ਹਨ। ਖਾਸ ਕਰਕੇ ਕਾਂਗਰਸ ਦੀ ਆਵਾਜ਼ ਨੂੰ ਤਾਕਤ ਮਿਲੇਗੀ ਕਿ ਉਹ ਉਨ੍ਹਾਂ ਸੰਸਥਾਗਤ ਕਮਜ਼ੋਰੀਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰੇ ਜਿਹੜੀਆਂ ਸਾਡੇ ਲੋਕਤੰਤਰ ਲਈ ਜ਼ਖ਼ਮ ਦੇ ਬਰਾਬਰ ਹਨ। ਲੋਕਤੰਤਰੀ ਸੰਸਥਾਵਾਂ ਨਾਲ ਜੁੜੇ ਲੋਕ, ਖਾਸ ਕਰਕੇ ਨਿਆਂਪਾਲਿਕਾ ਅਤੇ ਹੋਰ ਸੰਵਿਧਾਨਕ ਸੰਸਥਾਵਾਂ ਤੇ ਮੰਚਾਂ ਲਈ ਜ਼ਰੂਰੀ ਨਹੀਂ ਕਿ ਉਹ ਸੱਤਾਧਾਰੀ ਦਲ ਦੇ ਅਨੁਸਾਰ ਆਪਣਾ ਰੁਖ਼ ਬਦਲਣ। ਚੋਣ ਕਮਿਸ਼ਨ ਨੂੰ ਕੁਝ ਆਤਮ ਮੰਥਨ ਕਰਨ ਅਤੇ ਆਪਣੇ ਸੰਸਥਾਗਤ ਕਰਮਾਂ ਉਪਰ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ।**

**ਹਰੀਸ਼ ਖਰੇ**

ਜਿੱਤ ਹਰ ਹਾਲ ਵਿਚ ਜਿੱਤ ਹੈ ਅਤੇ ਹਾਰ ਹਰ ਸਥਿਤੀ ਵਿਚ ਹਾਰ। ਪ੍ਰੰਤੂ ਕਦੇ-ਕਦੇ ਜਿੱਤ, ਫਤਹਿ ਤੋਂ ਛੋਟੀ ਹੁੰਦੀ ਹੈ ਅਤੇ ਹਾਰ ਵਾਸਤਵ



ਵਿਚ ਨਮੋਸ਼ੀ ਭਰਿਆ ਨੁਕਸਾਨ ਨਹੀਂ ਹੁੰਦੀ। ਭਾਰਤੀ ਜਨਤਾ ਪਾਰਟੀ (ਭਾਜਪਾ) ਗੁਜਰਾਤ ਵਿਧਾਨ ਸਭਾ ਵਿਚ ਤਕਨੀਕੀ ਪੱਖੋਂ ਬਹੁਮਤ ਹਾਸਲ ਕਰਨ ਵਿਚ ਸਫਲ ਰਹੀ ਹੈ, ਪ੍ਰੰਤੂ ਅੰਤਿਮ ਅੰਕੜਿਆਂ ਵਿੱਚ ਇਸ ਨੂੰ ਰਾਜਨੀਤਕ ਪੱਖੋਂ ਬਾਦਸ਼ਾਹਤ, ਜਿਵੇਂ ਇਹ ਦਾਅਵਾ ਕਰਦੀ ਹੈ, ਮੁੜ ਹਾਸਿਲ ਨਹੀਂ ਹੋਈ। ਭਾਜਪਾ ਦੀ ਲੀਡਰਸ਼ਿਪ ਦੇ ਇਸ ਦਾਅਵੇ ਨੂੰ ਗੁਜਰਾਤ ਦੇ ਵੋਟਰਾਂ ਨੇ ਖਾਰਿਜ ਕਰ ਦਿੱਤਾ ਹੈ। ਜੇ ਵੋਟਰਾਂ ਦੇ ਨਿਰਣੇ ਵਿਚੋਂ ਕੁਝ ਖ਼ਾਸ ਦਿਖਾਈ ਦਿੰਦਾ ਹੈ ਤਾਂ ਉਹ ਇਹ ਤੱਥ ਹੈ ਕਿ ਰਾਸ਼ਟਰੀ ਰਾਜਨੀਤੀ ਵਿਚ ਸੰਤੁਲਨ ਬਹਾਲ ਹੋਣਾ ਚਾਹੀਦਾ ਹੈ।

ਬਿਨਾਂ ਸ਼ੱਕ ਦੇਸ਼ ਭਰ ਵਿਚ ਭਾਜਪਾ ਦੇ ਖੇਮੇ 'ਚ ਜਸ਼ਨ ਦਾ ਮਾਹੌਲ ਹੈ। ਕੇਂਦਰੀ ਕੈਬਨਿਟ ਮੰਤਰੀਆਂ ਅਤੇ ਪਾਰਟੀ ਦੇ ਮੁੱਖ ਮੰਤਰੀਆਂ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਦੇ ਕ੍ਰਿਸ਼ਮੇ ਅਤੇ ਪਾਰਟੀ ਲੀਡਰਸ਼ਿਪ ਦੀ ਪ੍ਰਬੰਧਕੀ ਮੁਹਾਰਤ ਦੇ ਸੋਹਲੇ ਗਾਉਣੇ ਸ਼ੁਰੂ ਕੀਤੇ ਹੋਏ ਸਨ। ਇਸ ਨਾਲ ਪਾਰਟੀ ਦੇ ਕੇਡਰ' ਅਤੇ ਕਾਰਕੁਨਾਂ ਦੇ ਮਨੋਬਲ ਵਿਚ ਕਮੀ ਨਹੀਂ ਆਏਗੀ ਸਗੋਂ ਉਨ੍ਹਾਂ ਦੀ ਹੰਕਾਰੀ ਸੋਚ ਨੂੰ ਨਵਾਂ ਬਲ ਮਿਲੇਗਾ।

ਉਂਜ, ਗੁਜਰਾਤ ਵਿਧਾਨ ਸਭਾ ਚੋਣਾਂ ਲਈ ਪਈਆਂ ਵੋਟਾਂ ਗਿਣੇ ਜਾਣ ਬਾਅਦ ਭਾਰਤੀ ਰਾਜਨੀਤੀ ਬਦਲੀ ਹੋਈ ਅਤੇ ਮੁੜ ਪਰਿਭਾਸ਼ਿਤ ਨਜ਼ਰ ਆ ਰਹੀ ਹੈ। ਇਸ ਦੀ ਸ਼ੁਰੂਆਤ ਇਸ ਤੋਂ ਕੀਤੀ ਜਾ ਸਕਦੀ ਹੈ ਕਿ ਪ੍ਰਧਾਨ ਮੰਤਰੀ ਨੇ ਗੁਜਰਾਤ ਵਿਚ ਹੋਏ ਇਸ ਮਤਦਾਨ ਨੂੰ, ਆਪਣੇ ਲਈ ਫਤਵੇ, ਰਾਸ਼ਟਰੀ ਪੱਧਰ 'ਤੇ ਆਪਣੀ ਅਗਵਾਈ ਅਤੇ ਗੁਜਰਾਤ ਉਪਰ ਆਪਣੀ ਪੂਰੀ ਸਰਦਾਰੀ ਦੇ ਰੂਪ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। ਵਿਸ਼ਲੇਸ਼ਕਾਂ ਨੇ ਪਹਿਲਾਂ ਹੀ ਬਹੁਤ ਨਿਰਾਸ਼ਤਾ ਨਾਲ ਕਿਹਾ ਹੋਇਆ ਹੈ ਕਿ ਗੁਜਰਾਤ ਵਿਚ ਲੰਬਾ ਸਮਾਂ ਚੱਲਿਆ ਪ੍ਰਧਾਨ ਮੰਤਰੀ ਦਾ ਤਿੱਖਾ ਤੇ ਨੀਵੇਂ ਪੱਧਰ ਦਾ ਚੋਣ ਪ੍ਰਚਾਰ, ਉਨ੍ਹਾਂ ਦੀ ਸੰਸਥਾਗਤ ਗਰਿਮਾ ਦੇ ਅਨੁਸਾਰ ਨਹੀਂ ਸੀ। ਜਦੋਂ ਮਣੀ ਸ਼ੰਕਰ ਅਈਅਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਅਪਸ਼ਬਦ ਨੀਚ' ਵਰਤਿਆ ਤਾਂ ਉਸ ਨੂੰ, ਉਸੇ ਵੇਲੇ ਚੋਣਾਂ ਵਿਚ ਲਾਹਾ ਲੈਣ ਲਈ ਵਰਤਣਾ ਸ਼ੁਰੂ ਕਰ ਦਿੱਤਾ ਗਿਆ। ਸ੍ਰੀ ਮੋਦੀ ਨੇ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਈਅਰ ਵੱਲੋਂ ਵਰਤੇ ਗਏ ਅਪਸ਼ਬਦਾਂ ਨੂੰ 6. 2 ਕਰੋੜ ਗੁਜਰਾਤੀਆਂ ਦਾ ਅਪਮਾਨ ਕਰਾਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਗੁਜਰਾਤੀ ਵੋਟਰ ਇਸ ਅਪਮਾਨ ਦਾ ਬਦਲਾ ਕਾਂਗਰਸ ਖ਼ਿਲਾਫ਼ ਵੋਟਾਂ ਪਾ ਕੇ ਲੈਣਗੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਅਪਮਾਨ ਦਾ ਬਦਲਾ ਪੂਰੀ ਤਰ੍ਹਾਂ ਲੈ ਕੇ ਬਦਨਾਮੀ ਨੂੰ ਧੋ ਦਿੱਤਾ ਗਿਆ ਹੈ ? ਕੀ ਚੋਣ ਨਤੀਜਿਆਂ ਦੇ ਅੰਤਿਮ ਅੰਕੜੇ ਇਹ ਦਰਸਾਉਂਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕ੍ਰਿਸ਼ਮਾ ਬਰਕਰਾਰ ਹੈ ? ਆਖ਼ਿਰ, ਮਤਦਾਤਾਵਾਂ ਨੇ ਮੋਦੀ ਦੇ ਆਕਰਸ਼ਣ ਦਾ ਭਰਮ ਬਣਾਈ ਰੱਖਣ ਲਈ ਉਨ੍ਹਾਂ ਵੱਲੋਂ 2012 ਵਿਚ ਹਾਸਲ ਕੀਤੀਆਂ ਸੀਟਾਂ ਵਿਚ, ਘੱਟੋ-ਘੱਟ ਇਕ ਹੋਰ ਸੀਟ ਦਾ ਵਾਧਾ ਕਿਉਂ ਨਹੀਂ ਕੀਤਾ ?

ਭਾਜਪਾ ਨੇ ਆਪਣੇ ਅਤੇ ਵੋਟਰਾਂ ਲਈ ਮਾਪ ਨਿਸ਼ਚਿਤ ਕੀਤੇ ਸਨ। ਵੋਟਰਾਂ ਨੂੰ ਕਿਹਾ ਗਿਆ ਸੀ ਕਿ ਉਹ ਗੁਜਰਾਤ ਵਿਚੋਂ ਵਿਰੋਧੀ ਧਿਰ ਦਾ ਸਫਾਇਆ ਕਰ ਦੇਣ। ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਮਿਸ਼ਨ 150 ਪਲੱਸ' ਦਾ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਸੀ। ਹੁਣ ਕੋਈ ਵੀ ਵਿਸ਼ਲੇਸ਼ਕ ਗੁਜਰਾਤ ਚੋਣਾਂ ਦੇ ਅੰਤਿਮ ਅੰਕੜਿਆਂ ਬਾਰੇ ਭਲਾ ਕੀ ਕਹੇਗਾ ? ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਗੁਜਰਾਤੀ ਵੋਟਰਾਂ ਨੇ ਆਪਣੇ ਭੂਮੀ ਪੁੱਤਰ ਨੂੰ ਉਸ ਤਰ੍ਹਾਂ ਦਾ ਹੁੰਗਾਰਾ ਨਹੀਂ ਭਰਿਆ, ਜਿਸ ਤਰ੍ਹਾਂ ਛੇ ਮਹੀਨੇ ਪਹਿਲਾਂ ਉੱਤਰ ਪ੍ਰਦੇਸ਼ ਦੇ ਵੋਟਰਾਂ ਨੇ ਉਨ੍ਹਾਂ ਨੂੰ ਭਾਰੀ ਬਹੁਮਤ ਦੇ ਰੂਪ ਵਿਚ ਦਿੱਤਾ ਸੀ। ਭਾਜਪਾ ਦਾ ਉੱਤਰ ਪ੍ਰਦੇਸ਼ ਵਿਚ ਦੋ ਉਨ੍ਹਾਂ ਮਜ਼ਬੂਤ ਸਿਆਸੀ ਪਾਰਟੀਆਂ, ਸਮਾਜਵਾਦੀ ਪਾਰਟੀ ਅਤੇ ਬਸਪਾ ਨਾਲ ਮੁਕਾਬਲਾ ਸੀ, ਜਿਨ੍ਹਾਂ ਦਾ ਰਾਜ ਅੰਦਰ ਬਹੁਤ ਮਜ਼ਬੂਤ ਸਮਾਜਿਕ ਆਧਾਰ ਸੀ। ਦੋਵਾਂ ਪਾਰਟੀਆਂ ਕੋਲ ਮਜ਼ਬੂਤ ਖੇਤਰੀ ਸਥਾਨਕ ਚੋਣ ਪ੍ਰਚਾਰਕ ਸਨ, ਜੋ ਮੁੱਖ ਮੰਤਰੀ ਰਹਿ ਚੁੱਕੇ ਸਨ। ਭਾਵ ਭਾਜਪਾ ਦੇ ਚੋਣ ਪ੍ਰਚਾਰ ਦਾ ਟਾਕਰਾ ਮਾਇਆਵਤੀ ਤੇ ਨੌਜਵਾਨ ਨੇਤਾ ਅਖਿਲੇਸ਼ ਯਾਦਵ ਕਰ ਰਹੇ ਸਨ। ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਕਰੀਬ ਇਕ ਦਹਾਕਾ ਭਾਜਪਾ ਸੱਤਾ 'ਚੋਂ ਬਾਹਰ ਰਹੀ ਸੀ। ਉਸ ਕੋਲ ਚੋਣ ਲੜਨ ਲਈ ਸਥਾਨਕ ਪੱਧਰ 'ਤੇ ਪ੍ਰਚਾਰਕ ਅਤੇ ਸਾਧਨ ਵੀ ਨਹੀਂ ਸਨ। ਮਤਦਾਤਾਵਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਨਮੋਹਕ ਅਪੀਲ ਨੂੰ ਹੁੰਗਾਰਾ ਭਰਦਿਆਂ ਭਾਜਪਾ ਨੂੰ ਦੋ-ਤਿਹਾਈ ਬਹੁਮਤ ਦੇ ਦਿੱਤਾ ਸੀ। ਹਿੰਦੂਤਵ ਰੱਥ ਨੂੰ ਰੋਕਣਾ ਅਸੰਭਵ ਲਗਦਾ ਸੀ। ਮੋਦੀ ਦੇ ਜਿਸ ਮੰਡੀਕਰਨ ਹੁਨਰ ਦੀ ਚਮਕ ਦਸੰਬਰ, 20 15 ਵਿਚ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ 'ਚ ਮੱਠੀ ਪਈ ਸੀ, ਉਹ 2017 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਮੁੜ ਹੋਰ ਉੱਭਰ ਕੇ ਸਾਹਮਣੇ ਆਈ।

ਹੁਣ ਗੁਜਰਾਤ ਦੀ ਵਾਰੀ ਸੀ। ਉੱਤਰ ਪ੍ਰਦੇਸ਼ ਵਿਚ ਹਿੰਦੂਤਵ ਦੀ ਜਿਹੜੀ ਖਿਚੜੀ ਪਕਾਈ ਗਈ ਸੀ, ਉਸ ਨੂੰ ਇਥੇ ਹੋਰ ਅੱਗੇ ਵਧਾਇਆ ਜਾਣਾ ਸੀ। ਪ੍ਰੰਤੂ ਜੇ ਵੇਖਿਆ ਜਾਵੇ ਤਾਂ ਗੁਜਰਾਤ ਦੇ ਮਤਦਾਤਾ ਥੋੜ੍ਹੇ ਸ਼ਰਾਰਤੀ ਨਿਕਲੇ ਅਤੇ ਉਨ੍ਹਾਂ ਨੇ ਵਿਸ਼ਵਾਸਘਾਤ ਵਰਗਾ ਕੁਝ ਕਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਰਾਜ ਵਿਚ ਚੋਣ ਪ੍ਰਚਾਰ ਦੀ ਧੂੰਆਂਧਾਰ ਮੁਹਿੰਮ ਚਲਾਈ, ਪ੍ਰੰਤੂ ਉਨ੍ਹਾਂ ਨੂੰ ਅੰਤਿਮ ਅੰਕੜਿਆਂ ਵਿਚ ਬਿਹਤਰੀਨ ਨਤੀਜਾ ਨਹੀਂ ਮਿਲਿਆ ਹਾਲਾਂਕਿ ਇਹ ਨਿਸ਼ਚਿਤ ਰੂਪ ਵਿਚ ਨਜ਼ਰ ਆਉਂਦਾ ਹੈ ਕਿ ਭਾਜਪਾ ਦੇ ਰਾਜਨੀਤਿਕ ਪ੍ਰਬੰਧਨ ਵਿਚ ਚਮਕ ਹੈ। ਗੁਜਰਾਤ ਵਿਚ ਕਰੀਬ ਦੋ ਦਹਾਕਿਆਂ ਦੇ ਬੇਰੋਕ ਸ਼ਾਸਨ ਬਾਅਦ ਵੀ ਭਾਜਪਾ ਦੀ ਹਰੇਕ ਪੱਧਰ ਉਪਰ ਤਾਕਤ, ਸਰਪ੍ਰਸਤੀ ਕਾਇਮ ਹੈ ਅਤੇ ਇਸ ਨੇ ਵਿਰੋਧੀਆਂ ਦੀ ਕਿਸੇ ਵੀ ਮਾਮੂਲੀ ਗਲਤੀ ਨੂੰ ਆਪਣੇ ਹੱਕ ਵਿਚ ਵਰਤਣ 'ਚ ਸਫਲਤਾ ਹਾਸਲ ਕੀਤੀ ਹੈ। ਆਪਣੇ ਹੱਕ ਵਿਚ ਵੋਟਰਾਂ ਨੂੰ ਭੁਗਤਾਉਣ ਲਈ ਉਨ੍ਹਾਂ ਨੇ ਵਿੱਤੀ ਤਾਕਤ ਦਾ ਇਸਤੇਮਾਲ ਵੀ ਕੀਤਾ। ਦੂਜੇ ਪਾਸੇ ਕਾਂਗਰਸ ਕੋਲ ਗੁਜਰਾਤ ਵਿਚ ਕੋਈ ਅਜਿਹਾ ਨੇਤਾ ਨਹੀਂ ਸੀ, ਜਿਹੜਾ ਬਹੁਤ ਕੁਝ ਬੋਲ ਸਕੇ। ਕਾਂਗਰਸ ਕੋਲ ਸਿਰਫ ਇਕ ਨੇਤਾ ਰਾਹੁਲ ਗਾਂਧੀ ਹੀ ਸਨ, ਜਿਹੜੇ ਭੀੜ ਨੂੰ ਆਪਣੇ ਵੱਲ ਆਕਰਸ਼ਤ ਕਰ ਸਕਦੇ ਅਤੇ ਖ਼ਬਰ ਚੈਨਲਾਂ ਨੂੰ ਮਸਾਲਾ ਦੇ ਸਕਦੇ ਸਨ।

ਇਸ ਵਾਰ ਨਰਿੰਦਰ ਮੋਦੀ ਗੁਜਰਾਤ ਵਿਚ ਪ੍ਰਧਾਨ ਮੰਤਰੀ ਵਜੋਂ ਵੋਟਰਾਂ ਕੋਲੋਂ ਵੋਟਾਂ ਮੰਗ ਰਹੇ ਸਨ। ਉਨ੍ਹਾਂ ਦੇ ਗੁਜਰਾਤੀ ਸਮਰਥਕਾਂ ਨੇ ਉਨ੍ਹਾਂ ਦੇ ਕੌਮੀ ਤੇ ਕੌਮਾਂਤਰੀ ਅਕਸ ਦਾ ਲਾਹਾ ਲੈਣਾ ਸੀ। ਪ੍ਰਧਾਨ ਮੰਤਰੀ ਨੇ ਇਸ ਦਿਸ਼ਾ ਵਿਚ ਆਵਾਜ਼ ਵੀ ਉਠਾਈ ਅਤੇ ਕਿਹਾ ਕਿ ਪਾਕਿਸਤਾਨ ਵੱਲੋਂ ਗੁਜਰਾਤ ਵਿਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਪ੍ਰਚਾਰ ਦੇ ਬਾਵਜੂਦ ਗੁਜਰਾਤ ਦੇ ਵੋਟਰਾਂ ਵਿਚ ਕੋਈ ਖਾਸ ਬਦਲਾਅ ਵੇਖਣ ਨੂੰ ਨਹੀਂ ਮਿਲਿਆ। ਉਨ੍ਹਾਂ ਨੇ ਇਸ ਦੇ ਬਦਲੇ ਵਿਚ ਮਾਮੂਲੀ ਬਹੁਮਤ ਦਿੱਤਾ। ਇਕ ਤੂਫਾਨੀ ਸਮਰਥਨ ਨੂੰ ਵੋਟਰਾਂ ਨੇ ਠੱਲ੍ਹ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਜਰਾਤ ਵਿਚ ਵੋਟਰਾਂ ਵੱਲੋਂ ਦਿੱਤਾ ਗਿਆ ਸੰਕੇਤ ਗਾਂਧੀਨਗਰ ਤੋਂ ਦੂਰ, ਘਰੇਲੂ ਅਤੇ ਵਿਦੇਸ਼ ਪੱਧਰ ਉਪਰ ਵੀ ਵੇਖਿਆ, ਪਰਖਿਆ ਜਾਵੇਗਾ। ਵਿਰੋਧੀ ਤਾਕਤਾਂ ਅਤੇ ਸਮੂਹਾਂ ਨੂੰ ਇਸ ਹਕੀਕਤ ਨਾਲ ਰਾਹਤ ਮਿਲਣ ਦੀ ਸੰਭਾਵਨਾ ਹੈ ਕਿ ਭਾਜਪਾ ਵਿਰੋਧੀ ਧਿਰ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਵਿਚ ਨਾਕਾਮ ਰਹੀ ਹੈ। ਇਹ ਸੰਕੇਤ ਪ੍ਰਧਾਨ ਮੰਤਰੀ ਦੇ ਆਪਣੇ ਰਾਜ ਅੰਦਰੋਂ ਹੀ ਮਿਲੇ ਹਨ। ਖਾਸ ਕਰਕੇ ਕਾਂਗਰਸ ਦੀ ਆਵਾਜ਼ ਨੂੰ ਤਾਕਤ ਮਿਲੇਗੀ ਕਿ ਉਹ ਉਨ੍ਹਾਂ ਸੰਸਥਾਗਤ ਕਮਜ਼ੋਰੀਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰੇ ਜਿਹੜੀਆਂ ਸਾਡੇ ਲੋਕਤੰਤਰ ਲਈ ਜ਼ਖ਼ਮ ਦੇ ਬਰਾਬਰ ਹਨ। ਲੋਕਤੰਤਰੀ ਸੰਸਥਾਵਾਂ ਨਾਲ ਜੁੜੇ ਲੋਕ, ਖਾਸ ਕਰਕੇ ਨਿਆਂਪਾਲਿਕਾ ਅਤੇ ਹੋਰ ਸੰਵਿਧਾਨਕ ਸੰਸਥਾਵਾਂ ਤੇ ਮੰਚਾਂ ਲਈ ਜ਼ਰੂਰੀ ਨਹੀਂ ਕਿ ਉਹ ਸੱਤਾਧਾਰੀ ਦਲ ਦੇ ਅਨੁਸਾਰ ਆਪਣਾ ਰੁਖ਼ ਬਦਲਣ। ਚੋਣ ਕਮਿਸ਼ਨ ਨੂੰ ਕੁਝ ਆਤਮ ਮੰਥਨ ਕਰਨ ਅਤੇ ਆਪਣੇ ਸੰਸਥਾਗਤ ਕਰਮਾਂ ਉਪਰ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ।

ਗਾਂਧੀਨਗਰ ਵਿਚ ਹੁਣ ਨਵੀਂ ਸਰਕਾਰ ਹੋਵੇਗੀ, ਜਿਸ ਨੂੰ ਗੁਜਰਾਤ ਦੇ ਸਮਾਜ ਵਿਚ ਹੋ ਰਹੀ ਹਲਚਲ ਅਤੇ ਅਸ਼ਾਂਤੀ ਦੀ ਨਿਸ਼ਾਨਦੇਹੀ ਕਰਕੇ ਉਸ ਨੂੰ ਹੱਲ ਕਰਨ ਦੀ ਲੋੜ ਹੈ। ਉਲਝੇ ਹੋਏ ਤਾਣੇ-ਬਾਣੇ ਨੂੰ ਸੁਲਝਾਉਣ ਦੀ ਲੋੜ ਹੈ। ਚੋਣ ਨਤੀਜਿਆਂ ਨੂੰ ਇਸ ਰੂਪ ਵਿਚ ਨਹੀਂ ਵੇਖਿਆ ਜਾਂਦਾ ਕਿ ਇਹ ਵਿਕਾਸ ਦੇ ਗੁਜਰਾਤ ਮਾਡਲ' ਉਪਰ ਮੋਹਰ ਹੈ। ਇਹ ਕਹਿਣਾ ਜ਼ਿਆਦਾ ਉਚਿਤ ਹੋਵੇਗਾ ਕਿ ਪਿਛਲੇ ਦੋ ਦਹਾਕਿਆਂ ਦਾ ਸਮਾਜਿਕ ਵਿਰੋਧ ਹੋਰ ਅੱਗੇ ਨਹੀਂ ਵਧ ਸਕਿਆ। ਨੌਜਵਾਨ ਨੇਤਾਵਾਂ ਦੀ ਨਵੀਂ ਪੀੜ੍ਹੀ ਨੇ ਆਪਣੀ ਧਮਕ ਦਿਖਾਈ ਹੈ। ਇਹ ਹੁਣ ਭਾਜਪਾ ਦੀ ਲੀਡਰਸ਼ਿਪ ਉਪਰ ਨਿਰਭਰ ਕਰਦਾ ਹੈ ਕਿ ਉਹ ਆਪਣੀ ਬੌਧਿਕ ਕਲਪਨਾ ਅਤੇ ਰਾਜਨੀਤਿਕ ਉਦਾਰਤਾ ਦਾ ਇਸਤੇਮਾਲ ਕਰਦੀ ਹੋਈ ਨਵੇਂ ਵਿਦਰੋਹੀਆਂ ਨੂੰ ਹਿੱਸੇਦਾਰ ਦੇ ਰੂਪ ਵਿਚ ਜਗ੍ਹਾ ਦੇਵੇ।

ਇਸ ਤਰ੍ਹਾਂ ਲੱਗ ਰਿਹਾ ਹੈ ਕਿ ਕਾਂਗਰਸ ਨੇ ਆਪਣਾ ਕ੍ਰਿਸ਼ਮਾ ਹਾਸਲ ਕਰ ਲਿਆ ਹੈ। ਇਸ ਦੇ ਰਾਜ ਪੱਧਰੀ ਜ਼ਿਆਦਾਤਰ ਨੇਤਾ ਦਰਕਿਨਾਰ ਹੋ ਗਏ ਹਨ, ਪ੍ਰੰਤੂ ਇਸ ਦਾ ਆਤਮ-ਵਿਸ਼ਵਾਸ ਬਹਾਲ ਹੋਇਆ ਹੈ। ਕਾਂਗਰਸ ਹੁਣ ਭੈਅ-ਭੀਤ ਨਹੀਂ ਹੋਵੇਗੀ ਅਤੇ ਇਹ ਨਜ਼ਰ ਆ ਰਿਹਾ ਹੈ ਕਿ ਇਹ ਕਿਸੇ ਵੀ ਪੱਧਰ ਉਪਰ ਮੋਦੀ ਦੀਆਂ ਤਾਕਤਾਂ ਲਈ ਰਸਤਾ ਖੁੱਲ੍ਹਾ ਨਹੀਂ ਛੱਡੇਗੀ। ਇਸ ਤੋਂ ਵੱਧ, ਇਸ ਦੀ ਲੀਡਰਸ਼ਿਪ ਨੂੰ ਲੱਗਿਆ ਜੰਗਾਲ ਸਾਫ ਹੋਇਆ ਹੈ। ਕਾਂਗਰਸ ਸਮਾਜ ਵਿਚ ਮੌਜੂਦ ਟਕਰਾਅ ਤੇ ਵਿਰੋਧਾਂ ਦੇ ਪ੍ਰਬੰਧਨ ਵਿਚ ਕਾਮਯਾਬ ਰਹੀ ਹੈ।

ਜੇ ਉਪਰੋਕਤ ਕਾਰਨਾਂ ਤੋਂ ਉਪਰ ਉਠ ਕੇ ਵੇਖਿਆ ਜਾਵੇ ਤਾਂ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਭਾਜਪਾ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਸ ਦੇ ਸਾਹਮਣੇ ਮੁਕਾਬਲੇ ਵਿਚ ਕੋਈ ਨਹੀਂ ਹੈ, ਪ੍ਰੰਤੂ 2019 ਦੀਆਂ ਲੋਕ ਸਭਾ ਚੋਣਾਂ ਲਈ ਉਸ ਵੱਲੋਂ ਕੀਤੇ ਗਏ ਦਾਅਵੇ ਹਵਾ ਹੋ ਗਏ ਹਨ। ਹੰਕਾਰ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਪੀਲਾ ਕਾਰਡ ਦਿਖਾ ਦਿੱਤਾ ਗਿਆ ਹੈ। ਚੁਣਾਵੀ ਰਾਜਨੀਤੀ ਨੇ ਰਾਜਨੀਤਿਕ ਹੰਕਾਰ ਨੂੰ ਲਗਾਮ ਲਾਈ ਹੈ। ਗਣਤੰਤਰ ਲਈ ਇਹ ਬੁਰਾ ਦਿਨ ਨਹੀਂ ਹੈ।

# ਇਹ ਸਰਹੰਦ ਨਹੀਂ, ਸਿੱਖਾਂ ਦੀ 'ਕਰਬਲਾ' ਹੈ !

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ : ਇੱਕ ਨਿਵੇਕਲ਼ਾ ਦ੍ਰਿਸ਼ਟੀਕੋਣ

**ਬੀਰ ਦਵਿੰਦਰ ਸਿੰਘ**
ਸੰਪਰਕ : 9814033362
ਸਾਬਕਾ ਡਿਪਟੀ ਸਪੀਕਰ, ਪੰਜਾਬ

**ਬਾਬਾ ਜ਼ੋਰਾਵਰ ਸਿੰਘ ਦੀ ਉਮਰ ਸ਼ਹਾਦਤ ਦੇ ਵਕਤ 9 ਸਾਲ ਸੀ ਅਤੇ ਬਾਬਾ ਫ਼ਤਿਹ ਸਿੰਘ ਦੀ ਉਮਰ 7 ਸਾਲ ਸੀ, ਇਨ੍ਹਾਂ ਨੂੰ ਆਪਣੇ ਧਰਮ ਅਤੇ ਸਿੱਖੀ ਸਿਦਕ ਪ੍ਰਤੀ ਵਫ਼ਾ ਪਾਲਣ ਬਦਲੇ, ਸੂਬਾ ਸਰਹੰਦ ਵਜੀਰ ਖਾਂ ਦੇ ਹੁਕਮ ਨਾਲ 13 ਪੋਹ ਸੰਮਤ 1761 ਬਿਕ੍ਰਮੀ ਅਰਥਾਤ 27 ਦਸੰਬਰ 1704 ਈਸਵੀ ਨੂੰ ਜਿਊਂਦੇ ਦੀਵਾਰਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਕੁੱਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਜਦੋਂ ਦੀਵਾਰ ਉਸਾਰੇ ਜਾਣ ਤੋਂ ਬਾਦ, ਵਾਰ-ਵਾਰ ਡਿਗ ਜਾਂਦੀ ਰਹੀ ਤਾਂ ਮਾਸੂਮ ਸਾਹਿਬਜ਼ਾਦਿਆਂ ਤੇ ਤਲਵਾਰ ਦਾ ਵਾਰ ਕਰਕੇ ਉਨ੍ਹਾਂ ਦੇ ਸੀਸ ਧੜ ਨਾਲੋਂ ਜੁਦਾ ਕਰ ਕੇ ਸ਼ਹੀਦ ਕੀਤਾ ਗਿਆ। ਉਸੇ ਹੀ ਦਿਨ, ਜਦੋਂ ਮਾਤਾ ਗੁਜਰੀ ਜੀ ਨੂੰ ਸਰਹੰਦ ਦੇ ਠੰਡੇ ਬੁਰਜ ਵਿੱਚ ਛੋਟੇ ਸਾਬਿਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮਿਲੀ ਤਾਂ ਮਾਤਾ ਜੀ ਵੀ ਸ਼ਰੀਰ ਤਿਆਗ ਕੇ, ਜੋਤੀ ਜੋਤ ਸਮਾ ਗਏ।**

ਇਹ ਸਾਲ 1967 ਦਾ ਜ਼ਿਕਰ ਹੈ, ਗੁਰਦੁਆਰਾ ਫਤਿਹਗੜ੍ਹ ਸਾਹਿਬ ( ਸਰਹੰਦ ) ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ, ਸ਼ਹੀਦੀ ਜੋੜ ਮੇਲੇ ਸਮੇ, 13 ਪੋਹ ਦੀ ਰਾਤ ਨੂੰ, ਸ਼ਹੀਦੀ ਕਵੀ ਦਰਬਾਰ ਸਜਾਇਆ ਗਿਆ ਸੀ ਜਿਸ ਵਿੱਚ ਚੋਟੀ ਦੇ ਕਵੀ ਪਹੁੰਚੇ ਹੋਏ ਸਨ। ਕਵੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਆਪਣੇ ਬੇਹਤਰੀਨ ਕਲਾਮ ਪੇਸ਼ ਕੀਤੇ ਅਤੇ ਸੰਗਤਾਂ ਦੀ ਵਾਹ ਵਾਹ ਖੱਟੀ, ਪਰ ਸਭ ਤੋਂ ਵੱਧ ਪ੍ਰਸ਼ੰਸਾ ਉਸ ਸ਼ਾਇਰ ਨੂੰ ਮਿਲੀ ਜਿਸ ਨੇ ਆਪਣੀ ਨਜ਼ਮ ਦਾ ਵਿਸ਼ਾ-ਵਸਤੂ, ਬਾਕੀਆਂ ਤੋਂ ਵੱਖਰਾ ਰੱਖ ਕੇ, ਆਪਣੀ ਨਜ਼ਮ ਪੇਸ਼ ਕੀਤੀ, ਇਹ ਕਵੀ ਸੀ, ਮਰਹੂਮ ਸਾਧੂ ਸਿੰਘ ਦਰਦ। ਉਸਦੀ ਨਜ਼ਮ ਦਾ ਅਨੁਮਾਨ ਸੀ, ਇਹ ਸਰਹੰਦ ਨਹੀਂ, ਸਿੱਖਾਂ ਦੀ ਕਰਬਲਾ' ਹੈ !" ।ਮੈਂ ਉਸ ਸਮੇ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵਿੱਚ ਹਾਲੇ ਗਿਆਰਵੀਂ ਜਮਾਤ ਦਾ ਵਿਦਿਆਰਥੀ ਸੀ, ਇਸ ਲਈ ਮੇਰੀ ਸੂਝ ਅਤੇ ਸੋਝੀ ਵਿੱਚ ਕਰਬਲਾ' ਬਾਰੇ ਕੋਈ ਜਾਣਕਾਰੀ ਨਹੀਂ ਸੀ।ਪਰੰਤੂ ਸਾਧੂ ਸਿੰਘ ਦਰਦ ਦੀ ਇਸ ਕਵਿਤਾ ਦੇ ਅਨੁਮਾਨ ਨੇ ਮੇਰੇ ਜ਼ਿਹਨ ਵਿੱਚ ਯਕਦਮ ਇਹ ਸਵਾਲ ਖੜ੍ਹਾ ਕਰ ਦਿੱਤਾ, ਕਿ ਸ਼ਾਇਰ ਨੇ ਸਰਹੰਦ ਨੂੰ, ਕਰਬਲਾ' ਨਾਲ ਤਸ਼ਬੀਹ ਕਿਓਂ ਦਿੱਤੀ ? ਬੱਸ ਇਸ ਸਵਾਲ ਨੇ ਕਰਬਲਾ' ਬਾਰੇ ਜਾਨਣ ਦੀ ਪਰਬਲ ਇੱਛਾ ਜਗਾ ਦਿੱਤੀ।

ਕਰਬਲਾ ਦੇ ਪ੍ਰਸੰਗ ਵਿੱਚ ਸੰਖੇਪ ਜਿਹੀ ਜਾਣਕਾਰੀ ਇਸਤਰ੍ਹਾਂ ਹੈ ; ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਨਵਾਸੇ (ਦੋਹਤਰੇ) ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ, ਅੱਜ ਤੋਂ ਕੋਈ 1332 ਸਾਲ ਪਹਿਲਾਂ 680 ਈਸਵੀ 61 ਹਿਜ਼ਰੀ ਨੂੰ, ਇੱਕ ਸਾਜਿਸ਼ ਦੇ ਤਹਿਤ, ਇਰਾਕ ਦੇ ਕੂਫ਼ਾ ਸ਼ਹਿਰ ਦੇ ਨਜ਼ਦੀਕ, ਦਰਿਆ ਫ਼ਰਾਤ ਦੇ ਕਿਨਾਰੇ, ਕਰਬਲਾ ਦੇ ਮੈਦਾਨ ਵਿੱਚ, ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਕਰਬਲਾ ਦਾ ਮੈਦਾਨ ਉਹ ਜਗ੍ਹਾ ਹੈ ਜਿੱਥੇ ਯਦੀਦ ਦੇ ਲਸ਼ਕਰ ਨੇ ਹਜ਼ਰਤ ਇਮਾਮ ਹੁਸੈਨ ਤੇ ਹਮਲਾ ਕਰਕੇ ਉਨ੍ਹਾਂ ਨੂੰ 72 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਹੋਣ ਵਾਲਿਆਂ ਵਿੱਚ ਹਜ਼ਰਤ ਇਮਾਮ ਹੁਸੈਨ ਦੇ ਪ੍ਰੀਵਾਰ ਦੇ 18 ਸਦੱਸ ਵੀ ਸ਼ਾਮਿਲ ਸਨ। ਹਜ਼ਰਤ ਇਮਾਮ ਹੁਸੈਨ ਦੀ ਉਮਰ ਸ਼ਹਾਦਤ ਦੇ ਵਕਤ 58 ਸਾਲ ਸੀ ਜਦੋਂ ਕਿ ਕਰਬਲਾ ਦੇ ਮੈਦਾਨ ਵਿੱਚ ਸ਼ਹੀਦ ਹੋਣ ਵਾਲੇ ਉਨ੍ਹਾਂ ਦੇ ਦੋ ਬੇਟੇ ਅਲੀ ਅਕਬਰ ਦੀ ਉਮਰ 18 ਸਾਲ ਅਤੇ ਅਲੀ ਅਸਗਰ ਦੀ ਉਮਰ ਕੇਵਲ 6 ਮਹੀਨੇ ਦੀ ਸੀ, ਉਨ੍ਹਾਂ ਦੇ ਦੋ ਭਾਣਜੇ, ਔਨ ਅਤੇ ਮੁਹੰਮਦ, ਕਰਮਵਾਰ 9 ਅਤੇ 10 ਸਾਲ ਦੇ ਸਨ। ਇਨ੍ਹਾਂ ਦੀ ਸ਼ਹਾਦਤ ਨੂੰ ਖ਼ਿਰਾਜ਼-ਏ-ਅਕੀਦਤ ਪੇਸ਼ ਕਰਨ ਲਈ ਸ਼ੀਆ ਮੁਸਮਾਨਾ ਵੱਲੋਂ, ਹਰ ਸਾਲ, ਦਸ ਮੁਹੱਰਮ ਨੂੰ ਤਾਅਜ਼ੀਆ ਕੱਢਿਆ ਜਾਂਦਾ ਹੈ। ਮੁਹੱਰਮ ਇਸਲਾਮੀ ਕਲੰਡਰ ਦਾ ਪਹਿਲਾ ਮਹੀਨਾ ਹੈ। ਇਸਲਾਮ ਦੇ ਪੈਰੋਕਾਰ ਮੁਹੱਰਮ ਦੇ ਮਹੀਨੇ ਨੂੰ ਇਸਲਾਮ ਦੇ ਇਤਿਹਾਸ ਵਿੱਚ ਨਹਾਇਤ ਹੀ ਅਫ਼ਸੋਸਨਾਕ ਸਮਾ ਮੰਨਦੇ ਹਨ।ਏਥੋਂ ਤੱਕ ਕਿ ਮੁਹੱਰਮ ਦਾ ਚੰਨ ਚੜ੍ਹਨ ਸਮੇਂ ਸ਼ੀਆ ਫ਼ਿਰਕੇ ਨਾਲ ਤੁਅੱਲਕ ਰੱਖਣ ਵਾਲੀਆਂ ਔਰਤਾਂ, ਆਪਣੀਆਂ ਚੂੜੀਆਂ ਤੱਕ ਤੋੜ ਦਿੰਦੀਆਂ ਹਨ ਅਤੇ ਚਾਲੀ ਦਿਨ ਤੱਕ ਕੋਈ ਵੀ ਹਾਰ-ਸ਼ਿੰਗਾਰ ਨਹੀਂ ਕਰਦੀਆਂ, ਸੋਗ ਵੱਜੋਂ ਪੁਸ਼ਾਕ ਵੀ ਸਿਆਹ ਰੰਗ ਦੀ ਹੀ ਪਹਿਨਦੀਆਂ ਹਨ। ਚਾਲੀ ਦਿਨ ਤੱਕ ਕੋਈ ਖੁਸ਼ੀ ਨਹੀਂ ਮਨਾਈ ਜਾਂਦੀ।ਖਾਣ ਲਈ ਕੇਵਲ ਸਾਦਾ ਖਾਣਾ ਤਿਆਰ ਕੀਤਾ ਜਾਂਦਾ ਹੈ ਜੋ ਕੇਵਲ ਜਿਊਂਣ ਲਈ ਲੋੜੀਂਦਾ ਹੈ, ਸੁਆਦਲੇ ਤੇ ਲਜ਼ੀਜ਼ ਪਕਵਾਨ ਇਸ ਸਮੇ ਵਿੱਚ ਨਹੀਂ ਪਕਾਏ ਜਾਂਦੇ। ਮੁਹੱਰਮ ਦਾ ਸਮਾ, ਗ਼ਮ-ਏ-ਹੁਸੈਨ ਦੇ ਤੌਰ ਤੇ ਅੰਤਾਂ ਦੀ ਉਦਾਸੀ, ਸਾਦਗੀ ਅਤੇ ਹਲੀਮੀ ਵਿੱਚ ਰਹਿ ਕੇ ਗੁਜ਼ਾਰਿਆ ਜਾਂਦਾ ਹੈ। ਸ਼ੀਆ ਮੱਤ ਨੂੰ ਮੰਨਣ ਵਾਲੇ ਮੁਸਲਮਾਨ ਮਰਦ ਤਾਂ ਤਾਅਜ਼ੀਅਤ ਕੱਢਣ ਵਕਤ ਆਪਣੀਆਂ ਛਾਤੀਆਂ ਪਿੱਟ-ਪਿੱਟ ਕੇ, ਯਾ-ਹੁਸੈਨ ਯਾ-ਹੁਸੈਨ ਪੁਕਾਰਦੇ, ਲਹੂ-ਲੁਹਾਣ ਹੋ ਜਾਂਦੇ ਹਨ, ਉਨ੍ਹਾਂ ਦਾ ਮੰਨਣਾ ਹੈ ਕਿ ਇੰਝ ਕਰਨ ਨਾਲ ਉਹ ਇਨ੍ਹਾਂ ਸ਼ਹਾਦਤਾਂ ਨੂੰ ਲਹੂ ਦਾ ਨਜ਼ਰਾਨਾ ਭੇਂਟ ਕਰਦੇ ਹਨ। ਕਰਬਲਾ ਦੇ ਮੈਦਾਨ ਦਾ ਇਹ ਦਰਦਨਾਕ ਮੰਜ਼ਰ ਇਸਲਾਮ ਦੀ ਤਵਾਰੀਖ਼ ਵਿੱਚ ਭਾਰੀ ਮਹੱਤਵ ਰਖਦਾ ਹੈ। ਸਰ ਮੁਹੰਮਦ ਇਕਬਾਲ ਲਿਖਦੇ ਹਨ:

ਕਤਲ-ਏ-ਹੁਸੈਨ ਅਸਲ ਮੇਂ ਮਰਗ-ਏ-ਯਦੀਦ ਹੈ,
ਇਸਲਾਮ ਜ਼ਿੰਦਾ ਹੋਤਾ ਹੈ ਹਰ ਕਰਬਲਾ' ਕੇ ਬਾਦ

ਕਰਬਲਾ ਦੇ ਪ੍ਰਸੰਗ ਵਿੱਚ ਇਸ ਸੰਖੇਪ ਜਿਹੀ ਜਾਣਕਾਰੀ ਨਾਲ, ਆਓ ਹੁਣ ਸਰਬੰਸ ਦਾਨੀ ਦਸਮ ਪਾਤਸ਼ਾਹ ਹਜ਼ੂਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀਆਂ ਸ਼ਹਾਦਤਾਂ ਦੀ ਗੱਲ ਕਰੀਏ। ਬਾਬਾ ਜ਼ੋਰਾਵਰ ਸਿੰਘ ਦੀ ਉਮਰ ਸ਼ਹਾਦਤ ਦੇ ਵਕਤ 9 ਸਾਲ ਸੀ ਅਤੇ ਬਾਬਾ ਫ਼ਤਿਹ ਸਿੰਘ ਦੀ ਉਮਰ 7 ਸਾਲ ਸੀ, ਇਨ੍ਹਾਂ ਨੂੰ ਆਪਣੇ ਧਰਮ ਅਤੇ ਸਿੱਖੀ ਸਿਦਕ ਪ੍ਰਤੀ ਵਫ਼ਾ ਪਾਲਣ ਬਦਲੇ, ਸੂਬਾ ਸਰਹੰਦ ਵਜੀਰ ਖਾਂ ਦੇ ਹੁਕਮ ਨਾਲ 13 ਪੋਹ ਸੰਮਤ 1761 ਬਿਕ੍ਰਮੀ ਅਰਥਾਤ 27 ਦਸੰਬਰ 1704 ਈਸਵੀ ਨੂੰ ਜਿਊਂਦੇ ਦੀਵਾਰਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਕੁੱਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਜਦੋਂ ਦੀਵਾਰ ਉਸਾਰੇ ਜਾਣ ਤੋਂ ਬਾਦ, ਵਾਰ-ਵਾਰ ਡਿਗ ਜਾਂਦੀ ਰਹੀ ਤਾਂ ਮਾਸੂਮ ਸਾਹਿਬਜ਼ਾਦਿਆਂ ਤੇ ਤਲਵਾਰ ਦਾ ਵਾਰ ਕਰਕੇ ਉਨ੍ਹਾਂ ਦੇ ਸੀਸ ਧੜ ਨਾਲੋਂ ਜੁਦਾ ਕਰ ਕੇ ਸ਼ਹੀਦ ਕੀਤਾ ਗਿਆ। ਉਸੇ ਹੀ ਦਿਨ, ਜਦੋਂ ਮਾਤਾ ਗੁਜਰੀ ਜੀ ਨੂੰ ਸਰਹੰਦ ਦੇ ਠੰਡੇ ਬੁਰਜ ਵਿੱਚ ਛੋਟੇ ਸਾਬਿਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮਿਲੀ ਤਾਂ ਮਾਤਾ ਜੀ ਵੀ ਸ਼ਰੀਰ ਤਿਆਗ ਕੇ, ਜੋਤੀ ਜੋਤ ਸਮਾ ਗਏ ।ਮਨੁੱਖਤਾ ਦੇ ਇਤਿਹਾਸ ਵਿੱਚ ਇਸ ਅਦੁੱਤੀ ਸ਼ਹਾਦਤ ਜਿਹੇ ਭਿਆਨਕ ਕਹਿਰ ਦਾ ਮੰਜ਼ਰ, ਹੋਰ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਗੁਰੂ ਜੀ ਦੇ ਵੱਡੇ ਦੋਵ੍ਹੇਂ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ ਦੇ ਸਮੇ ਉਮਰ 18 ਸਾਲ ਦੀ ਸੀ ਅਤੇ ਬਾਬਾ ਜੁਝਾਰ ਸਿੰਘ ਜੀ ਦੀ ਉਮਰ 14 ਸਾਲ ਸੀ, ਇਹ ਦੋਵ੍ਹੇਂ ਸਾਹਿਬਜ਼ਾਦੇ, 8 ਪੋਹ ਸੰਮਤ 1761 ਬਿਕ੍ਰਮੀ ਅਰਥਾਤ 22 ਦਸੰਬਰ 1704 ਈਸਵੀ ਨੂੰ ਦਸਮ ਪਾਤਸ਼ਾਹ ਹਜ਼ੂਰ ਦੀਆਂ ਨਜ਼ਰਾਂ ਦੇ ਸਾਮ੍ਹਣੇ, ਦੁਸ਼ਮਣਾ ਨਾਲ ਜੰਗ ਲੜਦੇ ਹੋਏ ਚਮਕੌਰ ਦੇ ਧਰਮ ਯੁੱਧ ਵਿੱਚ, ਵੱਡੀ ਵੀਰਤਾ ਨਾਲ ਸ਼ਹੀਦੀਆਂ ਪਾ ਹਏ। ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪੰਜ ਦਿਨ ਦੇ ਵਕਫ਼ੇ ਅੰਦਰ-ਅੰਦਰ ਹੀ ਸ਼ਹੀਦੀਆਂ ਪਾ ਗਏ।ਇਨ੍ਹਾਂ ਸ਼ਹਾਦਤਾਂ ਨੂੰ ਹਾਲੇ 308 ਵਰ੍ਹੇ ਹੋਏ ਹਨ। ਕੌਮਾ ਦੀ ਤਵਾਰੀਖ਼ ਦਾ ਲੇਖਾ-ਜੋਖਾ ਕਰਨ ਸਮੇਂ, ਇਹ ਅਵਧੀ ਕੋਈ ਏਨੀ ਜ਼ਿਆਦਾ ਨਹੀਂ ਕਿ ਕੌਮ ਦੇ ਚੇਤਿਆਂ ਵਿੱਚੋਂ, ਛੋਟੇ ਸਾਬਿਜ਼ਾਦਿਆਂ ਵਰਗੇ ਸ਼ਹੀਦ ਮਨਫ਼ੀ ਹੋ ਜਾਣ। ਸ਼ਹੀਦਾ ਨੂੰ ਇੱਕ ਖ਼ੁਸੂਸਨ ਅਦਬ ਅਤੇ ਮਰਿਆਦਾ ਨਾਲ ਯਾਦ ਕਰਨਾ ਹੀ, ਆਪਣੇ



ਅਕੀਦੇ ਪ੍ਰਤੀ ਸੱਚੀ ਵਫ਼ਾਦਾਰੀ ਦਾ ਹਲਫ਼ ਹੈ। ਸ਼ਹੀਦ ਕਦੇ ਮਰਦੇ ਨਹੀਂ, ਮੌਤ ਤਾਂ ਜ਼ੁਲਮ ਦੀ ਹੁੰਦੀ ਹੈ। ਅਜਿਹੇ ਸ਼ਹੀਦਾਂ ਦੀਆਂ ਸ਼ਹਾਦਤਾਂ ਦੇ ਸੱਚ ਸਦਾ ਸੱਜਰੇ, ਜਗਦੇ ਅਤੇ ਮਘਦੇ ਰਹਿੰਦੇ ਹਨ। ਸ਼ਹੀਦਾ ਦੇ ਲਹੂ ਨਾਲ ਲਿਖੀਆਂ ਇਬਾਰਤਾਂ ਕਦੇ ਫਿੱਕੀਆਂ ਨਹੀਂ ਪੈਂਦੀਆਂ, ਮਹਿਸੂਸ ਕਰਨ ਵਾਲਿਆਂ ਲਈ, ਸ਼ਹੀਦੀਆਂ ਦੀ ਸ਼ਿੱਦਤ ਅਤੇ ਵੇਦਨਾ, ਉਨ੍ਹਾਂ ਦੇ ਜਜ਼ਬਾਤਾਂ ਅੰਦਰ, ਸਦਾ ਸਰਸਬਜ਼ ਰਹਿੰਦੀ ਹੈ। ਕਮਜ਼ੋਰ ਤੇ ਬੁਜ਼ਦਿਲ ਮਨਾਂ ਦੇ ਅਕੀਦੇ ਸਮੇਂ ਦੀ ਗਰਦਸ਼ ਨਾਲ ਕਮਜ਼ੋਰ ਪੈ ਜਾਂਦੇ ਹਨ, ਸਮਾਂ ਪਾ ਕੇ, ਉਨ੍ਹਾਂ ਦੇ ਮਨਾਂ ਅੰਦਰ ਆਪਣੇ ਸਿਦਕ ਪ੍ਰਤੀ ਵਫ਼ਾ ਪਾਲਣ ਦੀ ਸਿੱਕ ਅਤੇ ਸਮਰੱਥਾ ਹੀ ਮਰ ਜਾਂਦੀ ਹੈ, ਅਜਿਹੇ ਸਿਦਕਹੀਣ ਬੰਦੇ ਤਾਂ ਧਰਤੀ ਤੇ ਬੋਝ ਹੀ ਹੁੰਦੇ ਹਨ। ਜਿਨ੍ਹਾਂ ਘਰਾਂ ਵਿੱਚ ਸ਼ਹੀਦਾਂ ਪ੍ਰਤੀ ਈਮਾਨ ਅਤੇ ਸਿਦਕ ਪ੍ਰਤੀ ਵਫ਼ਾ ਦੀ ਸ਼ਮ੍ਹਾਂ ਨਹੀ ਜਗਦੀ ,ਉਹ ਘਰ, ਘਰ ਨਹੀਂ ਹੁੰਦੇ, ਅਜਿਹੇ ਸਰਾਪੇ ਘਰਾਂ ਨੂੰ ਹੀ ਤਾਂ ਭੂਤਵਾੜਾ' ਆਖਦੇ ਹਾਂ।



ਬੀਰ ਦਵਿੰਦਰ ਸਿੰਘ

ਇਹ ਸਾਲ 2003 ਦਾ ਜ਼ਿਕਰ ਹੈ, ਮੈਂ ਅਮਰੀਕਾ ਦੀ ਇੱਕ ਯੂਨੀਵਰਸਿਟੀ ਵਿੱਚ ਅੰਤਰ-ਧਰਮ ਇੱਕ ਅਨੁਭਵ' ਵਿਸ਼ੇ ਤੇ ਰੱਖੀ ਇੱਕ ਗਿਆਨ-ਗੋਸ਼ਟੀ ਵਿੱਚ ਆਪਣੇ ਵਿਚਾਰ ਪੇਸ਼ ਕਰ ਰਿਹਾ ਸੀ, ਯੂਨੀਵਰਸਿਟੀ ਆਡੀਟੋਰੀਅਮ ਦੇ ਮੰਚ ਦੇ ਚਬੂਤਰੇ ਦੇ ਸਾਮ੍ਹਣੇ ਵਾਲੀ ਦੀਵਾਰ ਤੇ ਪ੍ਰਭੂ ਯਸ਼ੂਹ ਮਸੀਹ ਦੀ ਇੱਕ ਲਹੂ-ਲੁਹਾਣ ਆਦਮ ਕੱਦ ਪ੍ਰਤਿਮਾ ਸਲੀਬ ਤੇ ਲਟਕ ਰਹੀ ਸੀ, ਪ੍ਰਭੂ ਯਸ਼ੂ ਮਸੀਹ ਦੇ ਹੱਥਾਂ ਅਤੇ ਪੈਰਾਂ ਵਿੱਚ ਮੇਖਾਂ ਗੱਡੀਆਂ ਹੋਈਆਂ ਸਨ ਤੇ ਜ਼ਖ਼ਮਾਂ ਵਿੱਚੋਂ ਖ਼ੂਨ ਸਿਮੰਦਾ ਦਿਖਾਇਆ ਹੋਇਆ ਸੀ। ਮੈ ਆਪਣੀ ਤਕਰੀਰ ਪ੍ਰਭੂ ਯਸ਼ੂਹ ਮਸੀਹ ਦੀ ਪ੍ਰਤਿਮਾ ਤੇ ਸਲੀਬ ਦੇ ਜ਼ਿਕਰ ਨਾਲ ਆਰੰਭ ਕੀਤੀ , ਉਸ ਤੋਂ ਬਾਦ ਆਪਣੀ ਬੋਲਣ ਵਿਧੀ ਰਾਹੀਂ ਆਪਣੀ ਜਾਣ-ਪਛਾਣ ਦੇਣ ਸਮੇਂ, ਸਰੋਤਿਆਂ ਨੂੰ ਸਿੱਖ ਇਤਿਹਾਸ ਦੇ ਝਰੋਖਿਆਂ ਵਿੱਚੋਂ ਦੀ, ਸਰਹੰਦ ਦੀਆਂ ਦੀਵਾਰਾਂ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੋੜ ਲਿਆ। ਸਰੋਤੇ ਸਾਹ ਸੂਤਕੇ ਇਸ ਖ਼ੌਫ਼ਨਾਕ ਮੰਜ਼ਰ ਦਾ ਬਿਆਨ ਸੁਣ ਰਹੇ ਸਨ, ਇੰਜ ਲੱਗ ਰਿਹਾ ਸੀ ਜਿਵੇਂ ਉਹ ਸਾਰੇ ਦੇ ਸਾਰੇ ਮੇਰੇ ਨਾਲ ਮਿਲ ਕੇ, ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦੇ ਸਨਮੁਖ ਆ ਖੜ੍ਹੇ ਹੋਏ ਸਨ । ਸਰੋਤਿਆਂ ਦੀ ਪਹਿਲੀ ਕਤਾਰ ਵਿੱਚ ਯੂਨੀਵਰਸਿਟੀ ਦੇ ਵਿਦੇਸ਼ੀ ਵਿਦਿਆਰਥੀਆਂ ਦੀ ਡੀਨ ਡਾਕਟਰ ਵੈਂਡੀ ਬੈਠੀ ਹੋਈ ਸੀ, ਇਤਫ਼ਾਕ ਨਾਲ ਉਸਦੇ ਦੋਵ੍ਹੇਂ ਪਾਸੇ, ਸੱਜੇ ਅਤੇ ਖੱਬੇ, ਉਸਦੇ ਦੋ ਪੁੱਤਰ ਬੈਠੇ ਹੋਏ ਸਨ, ਜੋ ਉਮਰ ਵਿੱਚ ਦਸ ਸਾਲ ਤੋਂ ਛੋਟੀ ਉਮਰ ਦੇ ਜਾਪਦੇ ਸਨ। ਮੈਂ ਵੇਖ ਰਿਹਾ ਸੀ ਕਿ ਡਾਕਟਰ ਵੈਂਡੀ ਨੇ ਸਰਹੰਦ ਦੀ ਦਾਸਤਾਨ ਦਾ ਹੌਲਨਾਕ ਵਿਸਥਾਰ ਸੁਣਦਿਆਂ, ਕਈ ਵਾਰੀ ਰੁਮਾਲ ਨਾਲ, ਅੱਖਾਂ ਵਿੱਚੋਂ ਵਗਦੇ ਹੰਝੂ ਪੂੰਝੇ ਸਨ। ਉਹ ਸਹਿਮੀ ਹੋਈ ਮਨੋ-ਅਵੱਸਥਾ ਵਿੱਚ, ਬਾਰ-ਬਾਰ ਆਪਣੇ ਦੋਵ੍ਹਾਂ ਪੁਤੱਰਾਂ ਨੂੰ ਆਪਣੀ ਹਿੱਕੜੀ ਨਾਲ ਲਾ ਰਹੀ ਸੀ, ਮੈਂ ਸਮਝ ਰਿਹਾ ਸੀ ਕਿ ਉਸਦੇ ਮਨ ਤੇ ਕੀ ਗੁਜ਼ਰ ਰਿਹਾ ਹੈ। ਸ਼ਾਇਦ ਉਹ ਉਸ ਵੇਲੇ ਤਸੱਵਰ ਵਿੱਚ, ਮਾਤਾ ਗੁਜਰੀ ਨੂੰ ਯਾਦ ਕਰਦੀ ਹੋਈ, ਜ਼ਬਰਦਸਤ ਮਾਨਸਿਕ ਪੀੜਾ ਵਿੱਚ, ਉਨ੍ਹਾਂ ਭਿਆਨਕ ਪਲਾਂ ਨੂੰ ਜਿਉ ਰਹੀ ਸੀ, ਜੋ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣਨ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤੱਕ ਹੰਢਾਏ ਸਨ। ਜਦੋਂ ਮੈਂ ਸਰਹੰਦ ਦੇ ਇਤਿਹਾਸ ਦੀ ਦਰਦਨਾਕ ਵਿਥਿਆ ਸਮਾਪਤ ਕੀਤੀ ਤਾਂ ਪੂਰੇ ਦੇ ਪੂਰੇ ਆਡੀਟੋਰੀਅਮ ਵਿੱਚ ਇੱਕ ਅਜੀਬ ਸਨਾਟਾ ਜਿਹਾ ਛਾਇਆ ਹੋਇਆ ਸੀ, ਲੱਗਪੱਗ ਸਾਰੇ ਸਰੋਤਿਆਂ ਦੀਆਂ ਅੱਖੀਆਂ ਨਮ ਸਨ। ਮੈਂ ਖੁਦ ਵੀ ਸਿਰ ਤੋਂ ਪੈਰਾਂ ਤੱਕ ਅੱਥਰੂ-ਅੱਥਰੂ ਸਾਂ। ਕੁੱਝ ਪਲ ਦੀ ਖ਼ਾਮੋਸ਼ੀ ਤੋਂ ਬਾਦ ਮੈਂ ਸਰੋਤਿਆਂ ਨੂੰ ਪੁੱਛਿਆ ਕਿ ਜੇ ਉਨ੍ਹਾਂ ਦੇ ਮਨ ਵਿੱਚ ਕੋਈ ਦੁਬਿੱਧਾ ਜਾਂ ਸਵਾਲ ਹੈ ਤਾਂ ਪੁੱਛ ਸਕਦੇ ਹੋ। ਬੱਸ ਇਹ ਕਹਿਣ ਦੀ ਦੇਰ ਸੀ ਕਿ ਮੰਤਰ-ਮੁਗਧ ਹੋਏ ਅਮਰੀਕਨ ਸਰੋਤੇ ਇੱਕ-ਇੱਕ ਕਰਕੇ ਸਵਾਲ ਕਰਨ ਲੱਗੇ, ਉਨ੍ਹਾਂ ਵਿੱਚੋਂ ਕੁੱਝ ਕੁ ਸਵਾਲ ਅਜਿਹੇ ਸਨ, ਜਿਨ੍ਹਾਂ ਨੇ ਮੇਰੀ ਸੰਵੇਦਨਸ਼ੀਲਤਾ ਨੂੰ ਝੰਜੋੜ ਕੇ ਰੱਖ ਦਿੱਤਾ, ਜੋ ਆਪ ਸਭ ਨਾਲ ਸਾਂਝੇ ਕਰਨੇ ਜਰੂਰੀ ਹਨ।

ਪਹਿਲਾ ਸਵਾਲ ਇਸ ਤਰ੍ਹਾਂ ਸੀ:

ਕ੍ਰਿਪਾ ਕਰਕੇ ਇਹ ਦੱਸੋ ਕਿ ਗੁਰੂ ਗੋਬੰਦ ਸਿੰਘ ਜੀ ਦੇ ਸਾਹਿਬਜ਼ਾਦੇ, ਵਜ਼ੀਰ ਖਾਂ ਦੀ ਕਚਿਹਰੀ ਵਿੱਚ ਪੇਸ਼ੀ ਲਈ ਜਾਣ ਤੋਂ ਪਹਿਲਾਂ, ਕਿਸ ਦੀ ਸੰਗਤ ਵਿੱਚ ਸਨ? ਅਜੇਹੀ ਕਿਹੜੀ ਮਹਾਨ ਅਤੇ ਮਜ਼ਬੂਤ ਪ੍ਰੇਰਨਾ ਸੀ ਜਿਸਦੇ ਸਦਕਾ, ਉਨ੍ਹਾਂ ਵਜ਼ੀਰ ਖਾਂ ਦੇ ਡਰਾਵੇ ਅਤੇ ਬਹਿਕਾਵਿਆਂ ਨੂੰ ਦਰਕਿਨਾਰ ਕਰਦੇ ਹੋਏ, ਡੋਲਣ ਅਤੇ ਘਬਰਾਉਣ ਦੀ ਬਜਾਏ, ਜਿਊਣ ਦੀ ਇੱਛਾ ਦੇ ਇਖ਼ਿਤਿਆਰ ਨੂੰ ਠੁਕਰਾ ਕੇ, ਸਿੱਖੀ ਸਿਦਕ ਤੇ ਕਾਇਮ ਰਹਿੰਦੇ ਹੋਏ, ਮੌਤ ਨੂੰ ਮਨਜ਼ੂਰ ਕਰਨ ਨੂੰ ਤਰਜੀਹ ਦਿੱਤੀ?

ਦੂਸਰਾ ਸਵਾਲ ਇਸ ਤਰ੍ਹਾਂ ਸੀ:

ਮਾਸੂਮ ਸਾਹਿਬਜ਼ਾਦਿਆਂ ਨੂੰ ਜਦੋਂ ਜਿਊਂਦੇ ਦੀਵਾਰਾਂ ਵਿੱਚ ਚਿਣਨਾ ਸ਼ੁਰੂ ਕੀਤਾ, ਤਾਂ ਇਸ ਵਿਕਰਾਲ ਪ੍ਰਕਿਰਿਆ ਵਿੱਚ ਲੱਗ-ਪੱਗ ਕਿੰਨਾ ਕੁ ਸਮਾ ਲੱਗਾ ਹੋਵੇਗਾ। ਜਦੋਂ ਇਹ ਸਮਾ, ਹਰ ਸਾਲ ਆਉਂਦਾ ਹੈ, ਤਾਂ ਸਿੱਖ ਕੌਮ, ਇਹ ਭਿਆਨਕ ਪਲ ਕਿਸ ਤਰ੍ਹਾਂ ਗੁਜ਼ਾਰਦੀ ਹੈ।ਇਸ ਹਿਰਦੇਵੇਧਕ ਸਮੇਂ ਵਿੱਚ, ਮਾਸੂਮ ਸਾਹਿਬਜ਼ਾਦਿਆਂ ਦੀ ਪੀੜਾ ਨੂੰ ਤੁਸੀਂ ਕਿੰਝ ਅਨੁਭਵ ਕਰਦੇ ਹੋ ਅਤੇ ਉਸ ਖ਼ਾਸ ਵਕਤ ਤੇ ਤੁਹਾਡੀ ਵਿਅਸਤਤਾ ਅਤੇ ਅਮਲ ਕੀ ਹੁੰਦੇ ਹਨ?

ਪਹਿਲੇ ਸਵਾਲ ਦਾ ਜਵਾਬ ਤਾਂ ਮੈਂ ਬੜੇ ਠਰੰਮੇ ਤੇ ਵਿਸਥਾਰ ਨਾਲ ਦੇ ਦਿੱਤਾ। ਪ੍ਰੰਤੂ ਦੂਸਰੇ ਸਵਾਲ ਨੇ ਮੈਨੂੰ ਸ਼ਰਮ ਨਾਲ ਪਾਣੀ-ਪਾਣੀ ਕਰ ਦਿੱਤਾ। ਉਨ੍ਹਾਂ ਸੁਹਿਰਦ ਸਰੋਤਿਆਂ ਦੇ ਤਾਂ ਸਰਹੰਦ ਦੀ ਦਾਸਤਾਨ ਦਾ ਵਰਨਣ ਸੁਣਕੇ ਹੀ ਹੰਝੂ ਵਹਿ ਤੁਰੇ ਸਨ, ਮੈਂ ਉਨ੍ਹਾਂ ਨੂੰ ਕਿਸਤਰ੍ਹਾਂ ਦੱਸਦਾ, ਕਿ ਸਿੱਖ ਤਾਂ ਹੁਣ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਨ, ਵਿਆਹ ਸ਼ਾਦੀਆਂ ਵੀ ਕਰਨ ਲੱਗ ਪਏ ਹਨ।ਇੱਕ ਪਾਸੇ ਸਾਹਿਬਜ਼ਾਦਿਆਂ ਦੇ ਨੀਹਾਂ ਵਿੱਚ ਚਿਨਣ ਦਾ ਸਮਾ ਆਉਂਦਾ ਹੈ ਦੂਸਰੇ ਪਾਸੇ ਬੈਂਡ-ਵਾਜੇ ਵੱਜਦੇ ਹਨ, ਬਰਾਤਾਂ ਢੁਕਦੀਆਂ ਹਨ, ਸ਼ਹਿਨਾਈਆਂ ਦੀ ਗੂੰਜ ਵਿੱਚ ਕੁੜਮ ਮਿਲਣੀਆਂ ਕਰਦੇ ਹਨ, ਸਿੱਖ ਬਰਾਤੀ ਸ਼ਰਾਬਾਂ ਪੀ ਕੇ ਭੰਗੜੇ ਪਾਉਂਦੇ ਤੇ ਖਰਮਸਤੀਆਂ ਕਰਦੇ ਹਨ, ਮੈ ਕਿੰਝ ਦੱਸਦਾ! ਕਿ ਸ਼ਹੀਦੀ ਜੋੜ ਮੇਲੇ ਤੇ ਜੁੜਨ ਵਾਲੀ ਭੀੜ ਵਿੱਚ ਅੱਧੇ ਸਿਰੋਂ ਨੰਗੇ ਅਤੇ ਰੋਡੀ-ਭੋਡੀ ਸਿੱਖ ਸਾਧ-ਸੰਗਤ ਅਖਵਾਉਣ ਵਿੱਚ ਹੀ ਫ਼ਖ਼ਰ ਮਹਿਸੂਸ ਕਰਦੇ ਹਨ। ਭਲਾ ਮੈਂ ਕਿੰਝ ਦੱਸਦਾ ਕਿ ਅੱਜ-ਕੱਲ੍ਹ ਤਾਂ ਸ਼ਹੀਦੀ ਜੋੜ ਮੇਲੇ ਤੇ ਲੰਗਰਾਂ ਵਿੱਚ ਲੱਡੂ-ਜਲੇਬੀਆਂ ਵੀ ਪੱਕਦੇ ਹਨ ਅਤੇ ਗੁਰੂ ਦੇ ਲਾਲਾਂ ਦੀਆਂ ਸ਼ਹੀਦੀਆਂ ਤੇ ਖ਼ਿਰਾਜ਼-ਏ-ਅਕੀਦਤ' ਭੇਟ ਕਰਨ ਆਏ ਤੀਰਥ ਯਾਤਰੀ, ਬੜੇ ਸਵਾਦ ਨਾਲ ਲੱਡੂ-ਜਲੇਬੀਆਂ ਛਕਦੇ ਹਨ। ਮੈਂ ਕਿੰਝ ਦੱਸਦਾ ਕਿ ਸ਼ਹੀਦੀ ਜੋੜ ਮੇਲੇ ਤੇ ਪੁੱਜਣ ਵਾਲੀਆਂ ਸੰਗਤਾਂ ਲਈ, ਸੜਕਾਂ ਤੇ ਜਗ੍ਹਾ-ਜਗ੍ਹਾ ਲਾਏ ਜਾਂਦੇ ਲੰਗਰਾ ਵਿੱਚ, ਲੰਗਰ ਵਰਤਾਉਣ ਵਾਲੇ ਸਿੱਖ ਨੌਜਵਾਨਾ ਵਿੱਚ ਕੋਈ ਟਾਵਾਂ-ਟੱਲਾ ਹੀ ਕੇਸਾਧਾਰੀ ਹੁੰਦਾ ਹੈ ਬਾਕੀ ਸਿੱਖਾਂ ਦੀ ਅੱਧੀ ਨਾਲੋਂ ਵੱਧ ਨੌਜਵਾਨ ਪੀੜ੍ਹੀ ਹੁਣ ਰੋਡੀ-ਭੋਡੀ ਹੋ ਗਈ ਹੈ।ਸ਼ਰਾਬ ਦੇ ਠੇਕੇ ਵੀ ਫਤਿਹਗੜ੍ਹ ਸਾਹਿਬ ਦੇ ਗੁਰਦੁਆਰੇ ਦੇ ਇਰਦ-ਗਿਰਦ ਨੂੰ ਛੱਡ ਕੇ, ਸ਼ਰਾਬੀਆਂ ਦੀ ਸਹੂਲਤ ਲਈ ਅਤੇ ਸ਼ਰਾਬ ਦੇ ਠੇਕੇਦਾਰਾਂ ਦੀ ਆਮਦਨ ਦਾ ਖ਼ਿਆਲ ਰੱਖਦੇ ਹੋਏ, ਬਾਕੀ ਸਾਰੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਖੁਲ੍ਹੇ ਰੱਖੇ ਜਾਂਦੇ ਹਨ।ਮੇਰੇ ਪਾਸ ਇਸ ਸਵਾਲ ਦਾ ਜਵਾਬ ਵੀ ਨਹੀਂ ਸੀ ਕਿ ਹਾਲੇ ਤੱਕ, ਸਿੱਖ ਕੌਮ ਦੇ

**ਬਾਕੀ ਸਫ਼ਾ 32 'ਤੇ**

# ਸੂਰਮਗਤੀ ਦੀ ਅਦਭੁਤ ਮਿਸਾਲ

# ਲਾਸਾਨੀ ਸ਼ਹੀਦ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ

**ਗੁਰਮੇਜ ਸਿੰਘ ਸੰਧੂ**, (ਫੋਨ (408)401-5952)

**12 ਪੋਹ ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਸਦਿਆ ਗਿਆ। ਦੁਬਾਰਾ ਅਨੇਕਾਂ ਲਾਲਚ ਤੇ ਡਰਾਵੇ ਦਿੱਤੇ ਗਏ ਪਰ ਉਹ ਧਰਮੋਂ ਨਾ ਡੋਲੇ। ਨਵਾਬ ਨੇ ਹੁਕਮ ਦਿੱਤਾ ਕਿ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਕੇ ਕਤਲ ਕੀਤਾ ਜਾਵੇ। ਇਸ ਹੁਕਮ ਅਨੁਸਾਰ 13 ਪੋਹ ਵਾਲੇ ਦਿਨ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੀਹਾਂ ਵਿਚ ਚਿਣਿਆ ਗਿਆ। ਜਦ ਕੰਧ ਮੋਢਿਆਂ ਤੋਂ ਉਪਰ ਹੋ ਗਈ ਤਾਂ ਸਾਹਿਬਜ਼ਾਦਿਆਂ ਦੇ ਸੀਸ ਉਤਾਰੇ ਗਏ। ਆਪਣੇ ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਉਨ੍ਹਾਂ ਦੇ ਮਗਰੇ ਮਗਰ ਸੱਚਖੰਡ ਨੂੰ ਚੜ੍ਹਾਈ ਕਰ ਗਏ।**





ਸ੍ਰੀ ਅਨੰਦਪੁਰ ਸਾਹਿਬ ਵਿਖੇ ਚੋਜੀ ਪ੍ਰੀਤਮ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਿਰਾਲੇ ਚੋਜਾਂ ਅਰਥਾਤ ਬੀਰ- ਰਸੀ ਕਰਤਬਾਂ ਨੂੰ ਵੇਖ ਕੇ ਅਤੇ ਖਾਲਸੇ ਦੀ ਨਿਰਾਲੀ ਚੜ੍ਹਤ ਨੂੰ ਤਕ ਕੇ ਪਹਾੜੀ ਰਾਜੇ ਗੁਰੂਘਰ ਨਾਲ ਢਿਡੋਂ ਬਹੁਤ ਖ਼ਾਰ ਖਾਣ ਲਗ ਪਏ ਸਨ। ਉਨ੍ਹਾਂ ਦੇ ਪਲੀਤ ਇਰਾਦੇ ਉਦੋਂ ਉਘੜ ਕੇ ਸਾਹਮਣੇ ਆ ਗਏ ਜਦ ਉਨ੍ਹਾਂ ਸਰਹਿੰਦ ਦੇ ਨਵਾਬ ਵਜੀਰ ਖ਼ਾਂ ਨੂੰ ਡੂੰਘੀ ਸਾਜ਼ਸ਼ ਅਧੀਨ ਚਿਠੀ ਲਿਖ ਭੇਜੀ ਕਿ ਗੁਰੂ ਗੋਬਿੰਦ ਸਿੰਘ ਮੁਗ਼ਲ ਸਰਕਾਰ ਲਈ, ਤੁਹਾਡੇ ਲਈ ਅਤੇ ਸਾਡੇ ਲਈ ਵੀ ਬਹੁਤ ਵਡਾ ਖ਼ਤਰਾ ਹਨ। ਇਸ ਖਤਰੇ ਦਾ ਇਲਾਜ ਸਾਨੰ ਸਭ ਨੂੰ ਮਿਲਕੇ ਹਰ-ਹੀਲੇ ਅਵਸ਼ ਕਰਨਾ ਚਾਹੀਦਾ ਹੈ।

ਸੰਮਤ 1758 ਦੇ ਸ਼ੁਰੂ ਵਿਚ ਵਜ਼ੀਰ ਖਾਂ ਨੇ ਪੈਦਾ ਖ਼ਾਂ ਅਤੇ ਦੀਨਾ ਬੇਗ ਦੀ ਕਮਾਨ ਹੇਠ ਦਸ ਹਜ਼ਾਰ ਫੌਜ ਗੁਰੂ ਜੀ ਵਿਰੁਧ ਭੇਜੀ। ਵੀਹ ਹਜ਼ਾਰ ਫੌਜ ਬਾਈਧਾਰ ਦੇ ਰਾਜਿਆਂ ਦੀ ਵੀ ਸੀ। ਇਸ ਤਰ੍ਹਾਂ ਇਸ ਮਿਲਵੀਂ ਧਾੜ ਨੇ ਸ੍ਰੀ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਪੈਂਦੇ ਖ਼ਾਂ ਗੁਰੂ ਪਾਤਿਸ਼ਾਹ ਦੇ ਤੀਰ ਦਾ ਸ਼ਿਕਾਰ ਹੋ ਗਿਆ। ਉਸ ਨੂੰ ਡਿਗਿਆਂ ਵੇਖ ਪਹਾੜੀ ਰਾਜੇ ਤੇ ਉਨ੍ਹਾਂ ਦੇ ਪਹਾੜੀਏ ਫੌਜੀ ਹਰਨ ਹੋ ਗਏ। ਦੀਨਾ ਬੇਗ਼ ਵੀ ਫਟੜ ਹੋ ਗਿਆ ਅਤੇ ਸ਼ਾਹੀ ਫੌਜ ਵੀ ਤਿੱਤਰ ਹੋ ਗਈ। ਭਾਂਜ ਖਾਣ ਮਗਰੋਂ ਉਹ ਆਰਾਮ ਨਾਲ ਨਾ ਬੈਠੇ ਅਤੇ ਉਨ੍ਹਾਂ ਫੈਸਲਾ ਕੀਤਾ ਕਿ ਅਗੇ ਨਾਲੋਂ ਵੱਧ ਤਿਆਰੀ ਕਰਕੇ ਅਨਦਪੁਰ ਦੁਆਲੇ ਘੇਰਾ ਘਤ ਲਿਆ ਜਾਏ ਅਤੇ ਅੰਦਰ ਰਸਦ-ਪਾਣੀ ਜਾਣੋਂ ਰੋਕਿਆ ਜਾਵੇ।

ਇਸ ਸਾਜਿਸ਼ ਅਧੀਨ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਨੂੰ ਗੁਰੂ ਜੀ ਵਿਰੁਧ ਬਹੁਤ ਉਕਸਾਇਆ। ਔਰੰਗਜ਼ੇਬ ਨੇ ਸੂਬਾ ਲਾਹੌਰ ਤੇ ਸੂਬਾ ਸਰਹਿੰਦ ਨੂੰ ਹੁਕਮ ਭੇਜਿਆ ਕਿ ਪਹਾੜੀ ਰਾਜਿਆਂ ਦੇ ਨਾਲ ਹੋ ਕੇ ਗੁਰੂ ਜੀ ਵਿਰੁਧ ਤੁਰਤ ਹਮਲਾ ਕੀਤਾ ਜਾਵੇ। ਇਸ ਹੁਕਮ ਮੂਜਬ ਲਾਹੌਰ, ਸਰਹਿੰਦ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸ੍ਰੀ ਅਨੰਦਪੁਰ ਸਾਹਿਬ ਤੇ ਹੱਲਾ ਬੋਲ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਦੁਆਲੇ ਘੇਰਾ ਲੰਮਾ ਚਿਰ ਜਾਰੀ ਰਿਹਾ। ਕੁਝ ਸਮੇਂ ਮਗਰੋਂ ਕਿਲ੍ਹੇ ਵਿਚਲੇ ਸਾਰੇ ਸਿਖਾਂ ਦੀ ਰਾਇ ਕਿਲ੍ਹਾ ਖਾਲੀ ਕਰ ਜਾਣ ਦੇ ਹਕ ਵਿਚ ਹੋ ਗਈ। ਪਹਾੜੀ ਰਾਜਿਆਂ ਤੇ ਸ਼ਾਹੀ ਫੌਜਾ ਦੇ ਫੌਜਦਾਰਾਂ ਨੇ ਸਹੁੰਆਂ ਖਾ ਕੇ ਭਰੋਸਾ ਦਿਵਾਇਆ ਕਿ ਗੁਰੂ ਜੀ ਨੂੰ ਕਿਸੇ ਕਿਸਮ ਦੀ ਜੋਖ਼ੋਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਆਪ ਜਿਥੇ ਚਾਹੁਣ ਜਾ ਸਕਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਨੇ 6 ਪੋਹ ਸੰਮਤ 1761 ਮੁਤਾਬਕ 20 ਦਸੰਬਰ 1704 ਈਸਵੀ ਨੂੰ ਕਿਲ੍ਹਾ ਖਾਲੀ ਕਰ ਦਿਤਾ ਅਤੇ ਰੋਪੜ ਵਲ ਨੂੰ ਚਾਲੇ ਪਾ ਦਿੱਤੇ।

ਵੈਰੀਆਂ ਨੇ ਆਪਣੀਆਂ ਕਸਮਾਂ ਭੁਲਾ ਕੇ ਗੁਰੂ ਜੀ ਉਪਰ ਪਿਛੋਂ ਹੱਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦੀ ਲੜਾਈ ਹੋਈ। ਸਰਸਾ ਪਾਰ ਕਰਨ ਸਮੇਂ ਗੁਰੂ ਜੀ ਦਾ ਬਹੁਤ ਸਾਰਾ ਸਮਾਨ ਤੇ ਅਨੇਕਾਂ ਕੀਮਤੀ ਕਾਵਿ ਗ੍ਰੰਥ ਸਰਸਾ ਦੀ ਭੇਟ ਚੜ੍ਹ ਗਏ। ਸ੍ਰੀ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਗੁਰੂ ਸਾਹਿਬ ਨਾਲੋਂ ਵਿਛੜ ਗਏ। ਗੁਰੂ ਸਾਹਿਬ ਵਡੇ ਦੋ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਚਾਲੀ ਸਿੰਘਾਂ ਸਮੇਤ ਚਮਕੌਰ ਸਾਹਿਬ ਪਹੁੰਚ ਗਏ। ਚਮਕੌਰ ਦੀ ਕੱਚੀ ਗੜ੍ਹੀ ਵਿਚੋਂ ਗੁਰੂ ਸਾਹਿਬ ਨੇ ਪਿੱਛਾ ਕਰ ਰਹੀ ਮੁਗਲੀਆ ਫੌਜ ਦਾ ਟਾਕਰਾ ਕੀਤਾ। ਮੁੱਠੀ ਭਰ ਸਿੰਘਾਂ ਨੇ ਦੁਸ਼ਮਣ ਦੇ ਟਿੱਡੀ ਦਲ ਦਾ ਟਾਕਰਾ ਅਜਿਹੀ ਸੂਰਮਗਤੀ ਨਾਲ ਡੱਟ ਕੇ ਕੀਤਾ ਕਿ ਵੈਰੀਆਂ ਦੇ ਛੱਕੇ ਛੁਡਾ ਦਿਤੇ। ਇਸ ਜੰਗ ਵਿਚ ਦਸਮੇਸ਼ ਪਿਤਾ ਜੀ ਦੇ ਦੋਵੇਂ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ, ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਭਾਈ ਹਿੰਮਤ ਸਿੰਘ ਜੀ, ਦਿੱਲੀ ਤੋਂ ਨੌਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਉਣ ਵਾਲੇ ਰੰਗਰੇਟੇ ਸਿੱਖ ਭਾਈ ਜੀਵਨ ਸਿੰਘ ਜੀ ਅਤੇ ਹੋਰ ਸਿੰਘ ਇਕ-ਇਕ ਕਰਕੇ ਕਈਆਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਸ਼ਹੀਦ ਹੋ ਗਏ। ਕੇਵਲ ਪੰਜ ਸਿੰਘ ਬਾਕੀ ਰਹਿ ਗਏ। ਉਨ੍ਹਾਂ ਪੰਜਾਂ ਸਿੰਘਾਂ ਨੇ ਗੁਰਮਤਾ ਸੋਧਕੇ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਆਪ ਜੀ ਹੁਣ ਗੜ੍ਹੀ ਵਿਚੋਂ ਚਲੇ ਜਾਓ। ਗੁਰੂ ਸਾਹਿਬ ਜਾਣਾ ਨਹੀਂ ਸਨ ਚਾਹੁੰਦੇ। ਪ੍ਰੰਤੂ ਉਨ੍ਹਾਂ ਪੰਜਾਂ ਸਿੰਘਾਂ ਨੇ ਕਿਹਾ, ੨ ਆਪ ਜੀ ਦਾ ਹੁਕਮ ਹੈ ਕਿ ਪੰਜ ਸਿੰਘ ਰਲਕੇ ਗੁਰੂ ਦੀ ਓਟ ਲੈਕੇ ਜੋ ਫੈਸਲਾ ਕਰਨ, ਉਹ ਪੰਜਾਂ ਪਿਆਰਿਆ ਦਾ ਫੈਸਲਾ ਹੋਵੇਗਾ ਅਤੇ ਆਪ ਉਸ ਨੂੰ ਪੰਥ ਦਾ ਹੁਕਮ ਸਮਝਕੇ ਪ੍ਰਵਾਨ ਕਰੋਗੇ। ਅਸੀਂ ਪੰਜਾਂ ਪਿਆਰਿਆ ਦੀ ਹੈਸੀਅਤ ਵਿੱਚ, ਆਪ ਜੀ ਦੇ ਬਖ਼ਸ਼ੇ ਹੋਏ ਅਧਿਕਾਰ ਦੀ ਰੌਸ਼ਨੀ ਵਿਚ ਆਪ ਨੂੰ ਹੁਕਮ ਕਰਦੇ ਹਾਂ ਕਿ ਆਪ ਜੀ ਗੜ੍ਹੀ ਛੱਡ ਦਿਓ। ਇਹ ਪੰਥ ਦਾ ਹੁਕਮ ਹੈ। ਹਜ਼ੂਰ ਦੇ ਜੀਵਨ ਨਾਲ ਪੰਥ ਜੀਊਹੈ। ਆਪ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਕੇ ਪ੍ਰਫੁਲਤ ਕਰ ਸਕੋਗੇ।“ ਕਲਗੀਧਰ ਪਾਤਿਸ਼ਾਹ ਨੇ ਇਹ ਸਲਾਹ ਮੰਨ ਲਈ। ਪੰਜਾਂ ਸਿੰਘਾਂ ਨੂੰ ਗੜ੍ਹੀ ਦੀ ਅਟਾਰੀ ਵਿਚਲੇ ਆਪਣੇ ਆਸਨ ਉਪਰ ਬਿਠਾਇਆ। ਆਪਣੀ ਕਲਗੀ ਤੇ ਤੁਰਰ੍ਹਾ ਲਾਹਕੇ ਆਪ ਨੇ ਭਾਈ ਸੰਗਤ ਸਿੰਘ ਨੂੰ ਪਹਿਨਾਇਆ। ਫੇਰ ਹਜੂਪਾਤਿਸ਼ਾਹ ਨੇ ਪੰਜਾਂ ਸਿੰਘਾਂ ਦੀ ਪ੍ਰਦੱਖਣਾ ਕੀਤੀ ਤੇ ਉਨ੍ਹਾਂ ਸਨਮੁਖ ਮੱਥਾ ਟੇਕਿਆ। ਇਸ ਤਰ੍ਹਾਂ ਆਪ ਨੇ ਗੁਰਤਾ ਪੰਥ ਨੂੰ ਬਖ਼ਸ਼ੀ। ਫਿਰ ਆਪ ਜੀ ਰਾਤ ਦੇ ਸਮੇਂ ਗੜ੍ਹੀ ਵਿਚੋਂ ਨਿਕਲ ਤੁਰੇ। ਬਾਹਰ ਜਾ ਕੇ ਆਪ ਜੀ ਨੇ ਤਾੜੀ ਮਾਰੀ ਅਤੇ ਉਚੀ ਅਵਾਜ਼ ਵਿਚ ਮੁਗਲੀਆ ਫੌਜਾਂ ਨੂੰ ਸੁਣਾ ਦਿੱਤਾ ਕਿ ੨ਗੁਰੂ ਜੀ ਚਲਿਆ ਜੇ ਗੜ੍ਹੀ ਵਿਚੋਂ।“

ਚਮਕੌਰ ਦੀ ਗੜ੍ਹੀ ਨੂੰ ਛੱਡ ਸਤਿਗੁਰ ਮਾਛੀਵਾੜੇ ਦੇ ਜੰਗਲਾਂ ਵਿਚੋਂ ਵਿਚਰਦੇ ਜਟਪੁਰੇ ਪੁਜੇ। ਓਥੇ ਰਾਇਕੋਟ ਦਾ ਮੁਸਲਮਾਨ ਸਰਦਾਰ ਰਾਏ ਕਲ੍ਹਾ ਆਪ ਦੇ ਦਰਸ਼ਨਾਂ ਲਈ ਹਾਜਰ ਹੋਇਆ। ਉਸ ਨੇ ਬੇਨਤੀ ਕੀਤੀ ਕਿ ਮੈਂ ਹਰ ਪ੍ਰਕਾਰ ਦੀ ਸੇਵਾ ਲਈ ਹਾਜਰ ਹਾਂ - ਕੋਈ ਸੇਵਾ ਬਖਸ਼ੋ। ਗੁਰੂ ਜੀ ਦੇ ਕਹਿਣ ਤੇ ਉਸ ਨੇ ਆਪਣੇ ਮਾਹੀ (ਚਰਵਾਹੇ) ਨੂਰੇ ਨੂੰ ਸਰਹਿੰਦ ਭੇਜਿਆ ਤਾਂ ਜੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨਾਲ ਜੋ ਵਾਪਰੀ ਉਸ ਦਾ ਵਿਥਾਰ-ਪੂਰਬਕ ਪਤਾ ਲਿਆਵੇ। ਰਾਏ ਕਲ੍ਹੇ ਦਾ ਭੇਜਿਆ ਹੋਇਆ ਨੂਰਾ ਮਾਹੀ ਸਰਹਿੰਦੋਂ ਸਾਰਾ ਹਾਲ ਪਤਾ ਕਰਕੇ ਬਹੁਤ ਛੇਤੀ ਵਾਪਸ ਜੱਟਪੁਰੇ ਆ ਗਿਆ। ਉਸ ਨੇ ਆ ਕੇ ਨੀਰ ਵਹਾਉਂਦਿਆਂ ਦਰਦ-ਭਰੀ ਆਵਾਜ਼ ਵਿਚ ਦਸਿਆ -

ਸਰਸਾ ਨਦੀ ਪਾਰ ਕਰਨ ਸਮੇਂ ਮਾਤਾ ਗੁਜਰੀ ਜੀ ਆਪਣੇ ਦੋਂਹ ਛੋਟੇ ਪੋਤਰਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਸਮੇਤ ਜਦ ਵਹੀਰ ਨਾਲੋਂ ਵਿਛੜ ਗਏ ਤਾਂ ਛੇਤੀ ਹੀ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਉਨ੍ਹਾਂ ਨੂੰ ਮਿਲ ਪਿਆ। ਉਹ ਗੁਰੂ-ਪ੍ਰਵਾਰ ਨੂੰ ਆਪਣੇ ਪਿੰਡ ਖੇੜੀ ਵਿਖੇ ਆਪਣੇ ਘਰ ਲੈ ਗਿਆ। ਉਹ ਦਿਲ ਦਾ ਖੋਟਾ ਤੇ ਲੂਣ-ਹਰਾਮੀ ਨਿਕਲਿਆ। ਉਸ ਨੇ ਰਾਤ ਵੇਲੇ ਮਾਤਾ ਜੀ ਦਾ ਸਾਰਾ ਧਨ ਚੁਰਾ ਲਿਆ। ਅਗਲੇ ਦਿਨ ਉਸ ਨੇ ਸੂਬਾ ਸਰਹਿੰਦ ਪਾਸ ਜਾ ਚੁਗਲੀ ਕੀਤੀ। ਨਵਾਬ ਨੇ ਤਿੰਨਾਂ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਵਿਖੇ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ।

ਅਗਲੇ ਦਿਨ 11 ਪੋਹ ਨੂੰ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ। ਕਚਹਿਰੀ ਵਿਚ ਦਾਖ਼ਲ ਹੋਣ ਤੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਨੇ ਉੱਚੀ ਗਰਜਵੀਂ ਆਵਾਜ਼ ਵਿੱਚ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।' ਬੁਲਾਈ ਅਤੇ ਛਾਤੀਆਂ ਤਾਣ ਕੇ ਖੜੇ ਹੋ ਗਏ। ਵਖ਼ਾਂ ਨੇ ਕਿਹਾ ਤੁਹਾਡਾ ਪਿਤਾ ਤੇ ਦੋਵੇਂ ਵੱਡੇ ਸਾਹਿਬਜ਼ਾਦੇ ਕਤਲ ਕੀਤੇ ਜਾ ਚੁਕੇ ਹਨ। ਤੁਸੀਂ ਆਪਣੀਆ ਜਾਨਾਂ ਬਚਾ ਸਕਦੇ ਹੋ। ਤੁਹਾਨੂੰ ਬੜੇ ਸੁੱਖ-ਆਰਾਮ, ਉੱਚੇ ਮੁਰਤਬੇ ਤੇ ਜਗੀਰਾਂ ਦਿੱਤੀਆਂ ਜਾਣਗੀਆਂ। ਤੁਸੀਂ ਕਲਮਾ ਪੜ੍ਹਕੇ ਦੀਨ ਕਬੂਲ ਕਰ ਲਵੋ। ਅਗੋਂ ਸਾਹਿਬਜ਼ਾਦਿਆਂ ਨੇ ਬੜੀ ਦਲੇਰੀ ਨਾਲ ਕਿਹਾ, 'ਅਸੀਂ ਪੰਚਿਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਤਾਨ ਹਾਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ। ਅਸੀਂ ਧਰਮ ਲਈ ਸ਼ਹੀਦ ਹੋਣਾ ਜਾਣਦੇ ਹਾਂ। ਅਸੀਂ ਸ੍ਰੀ ਦਸਮੇਸ਼ ਜੀ ਦੇ ਸਪੁਤਰ ਹਾਂ। ਸਾਨੂੰ ਧਰਮ ਦੀ ਖ਼ਾਤਰ ਸੁਖ ਤਿਆਗ ਕੇ ਦੁਖ ਝਲਣ ਦੀ ਜਾਚ ਹੈ। ਅਸੀਂ ਆਪਣਾ ਧਰਮ ਤਿਆਗ ਕੇ ਜੀਉਣ ਲਈ ਤਿਆਰ ਨਹੀਂ। ਤੁਹਾਡਾ ਜਿਵੇਂ ਜੀ ਕਰਦਾ ਹੈ ਕਰ ਲਵੋ।'

ਸਾਹਿਬਜ਼ਾਦਿਆਂ ਦੇ ਇਹ ਦਲੇਰਾਨਾ ਤੇ ਸੂਰਮਗਤੀ ਭਰਪੂਰ ਜਵਾਬ ਸੁਣ ਕੇ ਨਵਾਬ ਦੇ ਪੇਸ਼ਕਾਰ ਸੁੱਚਾਂ ਨੰਦ ਬ੍ਰਾਹਮਣ ਨੇ ਕਿਹਾ ਇਹ ਸੱਪ ਦੇ ਬੱਚੇ ਹਨ-ਰੰਚ-ਮਾਤਰ ਵੀ ਤਰਸ ਦੇ ਲਾਇਕ ਨਹੀਂ। ਇਨ੍ਹਾਂ ਨੂੰ ਕਤਲ ਕਰ ਦੇਣਾ ਹੀ ਠੀਕ ਹੈ। ਨਵਾਬ ਮਲੇਰਕੋਟਲੇ ਨੇ ਕਿਹਾ ਕਿ ਇਨ੍ਹਾਂ ਨਿਰਦੋਸ਼ ਮਾਸੂਮ ਬੱਚਿਆਂ ਨੂੰ ਕਤਲ ਕਰਨਾ ਠੀਕ ਨਹੀਂ ਪਰ ਉਸਦੀ ਕਿਸੇ ਇਕ ਨਾ ਸੁਣੀ।

12 ਪੋਹ ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਸਦਿਆ ਗਿਆ। ਦੁਬਾਰਾ ਅਨੇਕਾਂ ਲਾਲਚ ਤੇ ਡਰਾਵੇ ਦਿੱਤੇ ਗਏ ਪਰ ਉਹ ਧਰਮੋਂ ਨਾ ਡੋਲੇ। ਨਵਾਬ ਨੇ ਹੁਕਮ ਦਿੱਤਾ ਕਿ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਕੇ ਕਤਲ ਕੀਤਾ ਜਾਵੇ। ਇਸ ਹੁਕਮ ਅਨੁਸਾਰ 13 ਪੋਹ ਵਾਲੇ ਦਿਨ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੀਹਾਂ ਵਿਚ ਚਿਣਿਆ ਗਿਆ। ਜਦ ਕੰਧ ਮੋਢਿਆਂ ਤੋਂ ਉਪਰ ਹੋ ਗਈ ਤਾਂ ਸਾਹਿਬਜ਼ਾਦਿਆਂ ਦੇ ਸੀਸ ਉਤਾਰੇ ਗਏ। ਆਪਣੇ ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਉਨ੍ਹਾਂ ਦੇ ਮਗਰੇ ਮਗਰ ਸੱਚਖੰਡ ਨੂੰ ਚੜ੍ਹਾਈ ਕਰ ਗਏ।

ਪਰਲ ਪਰਲ ਅੱਥਰੂ ਕੇਰਦਾ ਨੂਰਾ ਮਾਹੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਨਵਾਬ ਵਜ਼ੀਰ ਖ਼ਾਂ ਦੇ ਜ਼ੁਦੀ ਵਾਰਤਾ ਸੁਣਾਈ ਗਿਆ। ਰਾਏ ਕਲਾ ਤੇ ਹੋਰ ਸੁਣਨ ਵਾਲੇ ਭੁੱਬੀਂ ਰੋਈ ਗਏ ਪਰ ਪੰਥ ਦੇ ਵਾਲੀ ਅਡੋਲ ਬੈਠੇ ਰਹੇ। ਹੱਥ ਵਿਚਲੇ ਤੀਰ ਦੀ ਨੋਕ ਨਾਲ ਉਹ ਸਹਿਜ-ਸੁਭਾ ਕਾਹੀ ਦੇ ਬੂਟੇ ਦੀ ਜੜ੍ਹ ਫੋਲ ਰਹੇ ਸਨ। ਨੂਰੇ ਮਾਹੀ ਨੇ ਵਾਰਤਾ ਖ਼ਤਮ ਕੀਤੀ - ਕਾਹੀ ਦਾ ਬੂਟਾ ਪੁਟਿਆ ਗਿਆ - ਗੁਰੂ ਜੀ ਦਾ ਹੱਥ ਰੁਕ ਗਿਆ ਤਾਂ ਹਜ਼ੂਰ ਨੇ ਫੁਰਮਾਇਆ :

"ਸਾਹਿਬਜ਼ਾਦੇ ਅਮਰ ਹਨ - ਮੇਰਾ ਪੁੱਤਰ ਖਾਲਸਾ ਅਮਰ ਹੈ - ਜਿਵੇਂ ਇਸ ਦੱਭ ਦੇ ਬੂਟੇ ਦੀ ਜੜ੍ਹ ਪੁਟੀ ਗਈ ਹੈ, ਇਸੇ ਤਰ੍ਹਾਂ ਹੀ ਇਹਨਾਂ ਮੁਗਲਾਂ ਦੀ ਜੜ੍ਹ ਪੁਟੀ ਗਈ ਹੈ। ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ ਅਤੇ ਖਾਲਸੇ ਦੀ ਫਤਹਿ ਹੋਵੇਗੀ।"

# ਸਿੱਖ ਵਿਦਵਾਨਾਂ ਲਈ ਅਰਬੀ-ਫ਼ਾਰਸੀ ਤੇ ਗੁਰਮੁਖੀ ਦੇ ਗ੍ਰੰਥਾਂ ਦੇ ਮੂਲ ਪਾਠ ਦਾ ਅਧਿਐਨ ਜ਼ਰੂਰੀ : ਡਾ.ਮਾਨ

**ਅੰਮ੍ਰਿਤਸਰ/ ਮਨਮੋਹਨ ਸਿੰਘ ਢਿੱਲੋਂ:** ਅਮਰੀਕਾ ਰਹਿੰਦੇ ਸਿੱਖ ਇਤਿਹਾਸਕਾਰ ਤੇ ਵਿਦਵਾਨ ਡਾ. ਗੁਰਿੰਦਰ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸਿੱਖ ਵਿਦਵਾਨਾਂ ਨੂੰ ਆਪਣੇ ਮਤਿ ਦੀ ਪੁਸ਼ਟੀ ਲਈ ਮੂਲ ਸ੍ਰੋਤਾਂ ਨੂੰ ਗਵਾਹੀ ਵਜੋਂ ਵਰਤਣਾ ਚਾਹੀਦਾ ਹੈ, ਇਸ ਲਈ ਅਰਬੀ-ਫ਼ਾਰਸੀ ਅਤੇ ਗੁਰਮੁਖੀ ਦੇ ਗ੍ਰੰਥਾਂ ਦਾ ਅਧਿਐਨ ਜ਼ਰੂਰੀ ਹੈ। ਖ਼ਾਲਸਾ ਕਾਲਜ ਵਿਖੇ ਕਰਵਾਏ ਅਪਣੇ ਵਿਸ਼ੇਸ਼ ਭਾਸ਼ਣ ਦੌਰਾਨ ਬੋਲਦਿਆਂ ਉਨ੍ਹਾਂ ਕਿਹਾ ਕਿ ਜਿੱਥੇ ਪੁਰਾਤਨ ਸਿੱਖ ਸਕਾਲਰ ਸਿੱਖ ਟਕਸਾਲਾਂ ਰਾਹੀਂ ਸਿੱਖੀ ਜੀਵਨ ਜਾਂਚ ਵਿਚ ਢਲੇ ਹੁੰਦੇ ਸਨ, ਉਥੇ ਨਵੇਂ ਸਿੱਖ ਵਿਦਵਾਨ ਅੰਗਰੇਜ਼ੀ ਸਿੱਖਿਆ ਅਧੀਨ ਨਵੀਂ-ਨਵੀਂ ਸ਼ਬਦਾਵਲੀ ਤਾਂ ਵਰਤਦੇ ਹਨ ਪਰ ਉਹ ਸਿੱਖੀ ਦੀ ਰੂਹ ਤੋਂ ਕੋਰੇ ਹੋਣ ਕਰਕੇ ਸਹੀ ਨਿਰਣਿਆਂ ਤਕ ਨਹੀਂ ਪਹੁੰਚਦੇ। ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਤਹਿਸੀਲ ਬਟਾਲਾ ਦੇ ਪਿੰਡ ਮਾਨ ਨਾਲ ਸਬੰਧਤ ਵਿਦਵਾਨ ਡਾ. ਗੁਰਿੰਦਰ ਸਿੰਘ ਮਾਨ ਉੱਘੇ ਸਿੱਖ ਚਿੰਤਕ ਹਨ ਜੋ ਅਮਰੀਕਾ ਦੀ ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਪ੍ਰੋਫੈਸਰ ਆਫ਼ ਸਿੱਖ ਸਟੱਡੀਜ਼ ਵਜੋਂ ਰਿਟਾਇਰ ਹੋਣ ਤੋਂ ਬਾਅਦ ਅੱਜ-ਕੱਲ੍ਹ ਗਲੋਬਲ ਇੰਸਟੀਚਿਊਟ ਫ਼ਾਰ ਸਿੱਖ ਸਟੱਡੀਜ਼ ਨਿਊਯਾਰਕ ਦੇ ਡਾਇਰੈਕਟਰ ਵਜੋਂ ਕੰਮ ਕਰ ਰਹੇ ਹਨ।



**ਖ਼ਾਲਸਾ ਕਾਲਜ ਵਿਖੇ ਸਿੱਖ ਇਤਿਹਾਸਕਾਰ ਤੇ ਸਿੱਖ ਵਿਦਵਾਨ ਡਾ. ਗੁਰਿੰਦਰ ਸਿੰਘ ਮਾਨ ਦਾ ਵਿਸ਼ੇਸ਼ ਭਾਸ਼ਣ ਸਮਾਗਮ ਦੌਰਾਨ ਸਨਮਾਨਿਤ ਕੀਤੇ ਜਾਣ ਦੇ ਪਲ।**

ਡਾ. ਮਾਨ ਨੇ ਆਪਣੇ ਸੰਬੋਧਨ ਵਿਚ ਜਨਮ ਸਾਖੀਆਂ 'ਚੋਂ ਪੁਰਾਤਨ ਜਨਮ ਸਾਖੀ ਨੂੰ ਇਤਿਹਾਸ ਦੇ ਨੇੜੇ ਦੱਸਿਆ ਜਦੋਂ ਕਿ ਬਾਕੀਆਂ 'ਚ ਕਲਪਨਾ ਅਤੇ ਰਲੇਵੇਂ ਦੀ ਸੰਭਾਵਨਾ ਪ੍ਰਗਟਾਈ।

ਇਸ ਮੌਕੇ ਕਾਲਜ ਦੇ ਸੀਨੀਅਰ ਪ੍ਰੋਫੈਸਰ ਮਨੋਹਰ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ ਮੈਡਮ ਨਵਨੀਨ ਬਾਵਾ, ਤਮਿੰਦਰ ਸਿੰਘ ਭਾਟੀਆ, ਮੈਡਮ ਜਸਪ੍ਰੀਤ ਕੌਰ ਸਿੱਖ ਇਤਿਹਾਸ ਅਤੇ ਖੋਜ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ, ਪੰਜਾਬੀ ਵਿਭਾਗ ਦੇ ਮੁਖੀ ਡਾ. ਸੁਖਬੀਰ ਸਿੰਘ, ਡਾ. ਹੀਰਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਹਾਜ਼ਰ ਸਨ।

ਸ੍ਰੀ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ

# ਗੁਰਦੁਆਰਾ ਸਾਹਿਬ ਸੈਨਹੋਜੇ ਕੈਲੀਫੋਰਨੀਆ ਵਿਖੇ



**ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰਦੁਆਰਾ ਸਾਹਿਬ ਸੈਨਹੋਜ਼ੇ, ਕੈਲੀਫੋਰਨੀਆ ਵਿਖੇ**

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ ਸ਼ਹੀਦੀ ਦਿਵਸ

# 22 ਦਸੰਬਰ ਤੋਂ 24 ਦਸੰਬਰ ਤੱਕ

**ਪ੍ਰੋਗਰਾਮ : ਸ਼ੁੱਕਰਵਾਰ 22 ਦਸੰਬਰ 2017, ਆਰੰਭ ਸ੍ਰੀ ਅਖੰਡ ਪਾਠ ਸਾਹਿਬ 11:00 ਵਜੇ ਸਵੇਰੇ**
**ਸ਼ਨਿੱਚਰਵਾਰ 23 ਦਸੰਬਰ 2017, ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ ਨੂੰ 7:00 ਵਜੇ ਤੋਂ 10:00 ਵਜੇ ਤੱਕ**
**ਐਤਵਾਰ 24 ਦਸੰਬਰ 2017, ਭੋਗ ਸ੍ਰੀ ਅਖੰਡ ਪਾਠ ਸਾਹਿਬ, ਸਵੇਰੇ 10:00 ਵਜੇ**
**ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਸਵੇਰੇ 10:30 ਵਜੇ ਤੋਂ ਦੁਪਹਿਰ 1:00 ਵਜੇ ਤੱਕ**
(ਜਿਸ ਵਿਚ ਪੰਥ ਪ੍ਰਸਿੱਧ ਢਾਡੀ ਜਥੇ, ਕੀਰਤਨੀ ਜਥੇ, ਕਥਾਵਾਚਕ ਅਤੇ ਬੱਚਿਆਂ ਵਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ )

**ਉਪਰੰਤ ਦੁਪਹਿਰ 1:00 ਵਜੇ ਸ੍ਰੀ ਗੁਰਦੁਆਰਾ ਸਾਹਿਬ ਅੰਦਰ ਵਿਸ਼ੇਸ਼ 'ਨਗਰ ਕੀਰਤਨ' ਕੱਢਿਆ ਜਾਵੇਗਾ। ਸਮੂਹ ਸੰਗਤਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।**

ਗੁਰੂ ਪੰਥ ਦੇ ਦਾਸ : ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ, ਇੰਦਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਸਰਬਜੀਤ ਸਿੰਘ, ਪ੍ਰਿਤਪਾਲ ਸਿੰਘ ਬਾਲੂ, ਪ੍ਰਤਾਪ ਸਿੰਘ ਮਿੱਠੂ, ਸੁਰਿੰਦਰ ਸਿੰਘ, ਰਘਬੀਰ ਸਿੰਘ, ਹਰਜੀਤ ਸਿੰਘ, ਸੁਰਜੀਤ ਸਿੰਘ, ਹਰਵਿੰਦਰ ਸਿੰਘ, ਗੁਰਬੀਰ ਸਿੰਘ, ਦਲਜੀਤ ਸਿੰਘ ਮਾਵੀ, ਮਨੀ ਜ਼ੈਲਦਾਰ, ਸਤਵਿੰਦਰ ਸਿੰਘ, ਕੁਲਦੀਪ ਸਿੰਘ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਲਖਵਿੰਦਰ ਸਿੰਘ ਪੂਨੀਆ, ਸੁਰਿੰਦਰ ਸਿੰਘ ਨੰਬਰਦਾਰ, ਸਰਬਜੀਤ ਸਿੰਘ ਸਰਾਉਂ, ਹਰਚੰਦ ਸਿੰਘ, ਪ੍ਰੀਤਕੰਵਲ ਸਿੰਘ, ਸੁਖਵਿੰਦਰ ਸਿੰਘ ਸੱਦੋਮਾਜਰਾ, ਗੁਰਤੇਜ ਸਿੰਘ ਤੇਜੀ, ਜੋਗਾ ਸਿੰਘ, ਦੀਪਇੰਦਰ ਸਿੰਘ, ਗੁਰਜੀਤ ਸਿੰਘ ਝਾਮਪੁਰ, ਜਸਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ, ਦੀਦਾਰ ਸਿੰਘ, ਰਣਧੀਰ ਸਿੰਘ, ਬਲਵਿੰਦਰ ਸਿੰਘ ਰਾਜੂ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਣ ਸਿੰਘ, ਰਘਬੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਮਨਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਸੰਦੀਪ ਸਿੰਘ, ਪਵਨਦੀਪ ਸਿੰਘ, ਜਸਜੀਤ ਸਿੰਘ, ਗੁਰਿੰਦਰ ਸਿੰਘ, ਪ੍ਰਭਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਭੁਪਿੰਦਰ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਤੇਜਵੀਰ ਸਿੰਘ, ਹਰਦੀਪ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਗੁਰਪ੍ਰੀਤ ਸਿੰਘ ਮਾਵੀ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਹਰਨੇਕ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਨਿਰਭੈ ਸਿੰਘ, ਗੁਰਪ੍ਰੀਤ ਸਿੰਘ, ਹਰਮਿੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਪਰਮਜੀਤ ਸਿੰਘ, ਜਸਲੀਤ ਸਿੰਘ, ਦਵਿੰਦਰ ਸਿੰਘ ਮੁੰਡੀ, ਸਰਬਣ ਸਿੰਘ, ਜਗਦੀਸ਼ ਸਿੰਘ, ਨਿਰਮਲ ਸਿੰਘ, ਦਿਨੇਸ਼ ਸੋਲੰਕੀ, ਦਿਲਰਾਜ ਸਿੰਘ, ਹਰਮਿੰਦਰ ਸਿੰਘ, ਸੁੱਖਾ ਸਿੰਘ, ਗੁਰਨਾਮ ਸਿੰਘ, ਮਨਜੀਤ ਸਿੰਘ, ਹਰਜਿੰਦਰ ਸਿੰਘ ਬੈਂਸ, ਬਲਦੇਵ ਸਿੰਘ ਬਲੱਗਣ ਅਤੇ ਗੁਰਮੀਤ ਸਿੰਘ।

## ਬੇਨਤੀ ਕਰਤਾ : ਸਮੂਹ ਸੰਗਤ ਇਲਾਕਾ ਸ੍ਰੀ ਫਤਿਹਗੜ੍ਹ ਸਾਹਿਬ

**ਸੰਪਰਕ : 408-648-6774, 408-628-9001, 209-456-0387**
**408-509-8052, 408-891-3515, 209-968-6118**

## ਦੂਰੋਂ ਪਾਰੋਂ



# ਸਿੱਖ ਸ਼ਰਧਾ ਅਤੇ ਸੇਵਾ ਦੀ ਵਿਲੱਖਣ ਮਿਸਾਲ

ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਮ 'ਤੇ ਸਰੀ ਵਿੱਚ ਦੂਜੀ ਸਲਾਨਾ "ਫੂਡ ਐਂਡ ਟੌਏ ਡਰਾਈਵ" ਦੌਰਾਨ ਇਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਨੇ ਦਿਨ ਰਾਤ ਇੱਕ ਕਰਕੇ $96,500 ਮੁੱਲ ਦਾ ਭੋਜਨ ਅਤੇ ਤਕਰੀਬਨ $38,000 ਮੁੱਲ ਦੇ ਖਿਡੌਣੇ ਇਕੱਤਰ ਕੀਤੇ ਹਨ, ਜੋ ਛੁੱਟੀਆਂ ਅਤੇ ਸਰਦੀਆਂ ਦੇ ਮੌਸਮ 'ਚ ਉਨ੍ਹਾਂ ਲੋੜਵੰਦਾਂ ਤੱਕ ਪਹੁੰਚਾਏ ਜਾਣਗੇ, ਜੋ ਇੰਨੇ ਖੁਸ਼ਨਸੀਬ ਨਹੀਂ ਕਿ ਆਪਣੇ ਪਰਿਵਾਰ ਲਈ ਭੋਜਨ ਖਰੀਦ ਸਕਣ ਜਾਂ ਬੱਚਿਆਂ ਨੂੰ ਕ੍ਰਿਸਮਿਸ 'ਤੇ ਖਿਡੌਣੇ ਲੈ ਕੇ ਦੇ ਸਕਣ। ਇਹ ਦਾਨ ਕੁੱਲ $134,500 ਦੇ ਕਰੀਬ ਬਣਦਾ ਹੈ, ਭਾਰਤੀ ਕਰੰਸੀ 'ਚ 67 ਲੱਖ ਰੁਪਏ। ਵੱਡੀ ਗੱਲ ਇਹ ਹੈ ਕਿ ਇਹ ਖੁਦ ਜਿਹੋ ਜਿਹੇ ਮਰਜ਼ੀ ਸਰੂਪ 'ਚ ਹੋਣ ਪਰ ਸੰਤ ਜਰਨੈਲ ਸਿੰਘ ਪ੍ਰਤੀ ਸਤਿਕਾਰ ਇਨ੍ਹਾਂ 'ਚ ਕੁੱਟ-ਕੁੱਟ ਭਰਿਆ ਹੋਇਆ ਆ। ਇਨ੍ਹਾਂ ਮੁੰਡਿਆਂ/ਕੁੜੀਆਂ ਨੇ ਤਾਂ ਕਮਾਲ ਕਰ ਦਿੱਤਾ। ਅਜਿਹੇ ਨੌਜਵਾਨ ਬੱਚਿਆਂ ਦੀ ਸੋਚ ਅਤੇ ਮਿਹਨਤ ਨੂੰ ਕਰੋੜਾਂ ਵਾਰ ਸਿਜਦਾ। ਵਾਹਿਗੁਰੂ ਇਨ੍ਹਾਂ ਸਭ ਨੂੰ ਬਹੁਤ ਤਰੱਕੀਆਂ ਅਤੇ ਖੁਸੀਆਂ ਬਖਸ਼ੇ।

The Sant Jarnail Singh Bhindranwale Food and Toy Drive raised approximately $134,500 worth of food and toys this year in Surrey BC. These youngsters raised approximately $96,500 worth of food and the total weight of the food raised was 18,429 lbs. They raised approximately $38,000 worth of toys.

These guys have done a tremendous job eh! Salute to all these hard working kids and to their thinking.

**ਗੁਰਪ੍ਰੀਤ ਸਿੰਘ ਸਹੋਤਾ,** ਪੱਤਰਕਾਰ ਸਰੀ, ਕਨੇਡਾ।









# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

1280 WINNETKA ST. PALATINE IL 60067, Contact : (847) 358-1117



## ਸ਼ਹੀਦੀ ਦਿਹਾੜੇ, ਨਵਾਂ ਸਾਲ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

**ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ, ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਅਤੇ ਨਵੇਂ ਸਾਲ ਸੰਬੰਧੀ ਮਹਾਨ ਸਮਾਗਮ ਕਰਵਾਇਆ ਜਾ ਰਿਹਾ ਹੈ।**

### 10 ਦਸੰਬਰ 2017, ਐਤਵਾਰ

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਸ਼ਹਾਦਤ ਦੇ ਸਬੰਧ ਵਿਚ ਸਹਿਜ ਪਾਠ ਆਰੰਭ ਕੀਤੇ ਗਏ ਹਨ।

### 21 ਦਸੰਬਰ 2017, ਵੀਰਵਾਰ

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

### 22 ਦਸੰਬਰ 2017, ਸ਼ੁੱਕਰਵਾਰ

ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਰੈਣ ਸਬਾਈ ਕੀਰਤਨ ਹੋ ਰਿਹਾ ਹੈ।

### 24 ਦਸੰਬਰ 2017, ਐਤਵਾਰ

ਸਹਿਜ ਪਾਠ ਸਾਹਿਬ ਦੀ ਸੰਪੂਰਨਤਾ ਸਵੇਰੇ 9.15 ਵਜੇ ਹੋਵੇਗੀ।

ਦਸੰਬਰ 24, 2017, ਐਤਵਾਰ ਦਾ ਦਿਹਾੜਾ ਵਿਸ਼ੇਸ਼ ਤੌਰ ਤੇ ਮਨਾਇਆ ਜਾਵੇਗਾ।

### 26 ਦਸੰਬਰ 2017, ਮੰਗਲਵਾਰ

ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

### 29 ਦਸੰਬਰ 2017, ਸ਼ੁੱਕਰਵਾਰ

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਫ਼ਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਦੀ ਆਰੰਭਤਾ ਸਵੇਰੇ 9.00 ਵਜੇ ਹੋਵੇਗੀ

### 31 ਦਸੰਬਰ 2017, ਐਤਵਾਰ

ਸ੍ਰੀ ਆਖੰਡ ਪਾਠ ਸਾਹਿਬ ਦੀ ਸੰਪੂਰਨਤਾ ਸਵੇਰੇ 9.15 ਵਜੇ ਹੋਵੇਗੀ।

31 ਦਸੰਬਰ, ਐਤਵਾਰ ਦਾ ਦਿਹਾੜਾ ਵਿਸ਼ੇਸ਼ ਤੌਰ ਤੇ ਮਨਾਇਆ ਜਾਏਗਾ। ਸ਼ਾਮ ਨੂੰ ਨਵੇਂ ਸਾਲ ਦੇ ਸਬੰਧ ਵਿਚ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਭਾਈ ਅਜੀਤ ਸਿੰਘ ਇੰਡਿਆਨਾ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ।

**ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

### ਪਹੁੰਚ ਰਹੇ ਕਥਾਵਾਚਕ, ਰਾਗੀ ਅਤੇ ਢਾਡੀ ਜਥੇ

ਭਾਈ ਹਰਜਿੰਦਰ ਸਿੰਘ ਜੀ ਸਭਰਾ: 25 ਦਸੰਬਰ 2017 ਤੋਂ 2 ਜਨਵਰੀ 2018 ਤੱਕ ਹਾਜ਼ਰੀ ਭਰਨਗੇ

ਭਾਈ ਅਜੀਤ ਸਿੰਘ ਇੰਡਿਆਨਾ ਵਾਲੇ: 31 ਦਸੰਬਰ 2017 ਨੂੰ ਰਾਤ ਦੇ ਦੀਵਾਨ ਵਿਚ ਹਾਜ਼ਰੀ ਭਰਨਗੇ

ਢਾਡੀ ਜਥਾ ਭਾਈ ਦੇਸਰਾਜ ਸਿੰਘ ਜੀ ਦੀਵਾਨਾ : ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗਰਪੁਰਬ ਦੇ ਸਬੰਧ ਵਿਚ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ ਜੋ 1 ਜਨਵਰੀ 2018 ਤੋਂ 7 ਜਨਵਰੀ 2018 ਤੱਕ ਹਾਜ਼ਰੀ ਭਰਨਗੇ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ 1-847-358-1117, ਸਟੇਜ ਸੈਕਟਰੀ ਹਰਜੀਤ ਸਿੰਘ ਗਿੱਲ 847-833-5340, ਪ੍ਰਧਾਨ ਮਹਾਂਵੀਰ ਸਿੰਘ ਬਰਾੜ 630-217-2478



ਭਾਈ ਅਜੀਤ ਸਿੰਘ ਜੀ ਇੰਡਿਆਨਾ ਵਾਲਿਆਂ ਦਾ ਜਥਾ



ਭਾਈ ਹਰਜਿੰਦਰ ਸਿੰਘ ਸਭਰਾ



ਭਾਈ ਦੇਸਰਾਜ ਸਿੰਘ ਜੀ ਦੀਵਾਨਾ ਦਾ ਢਾਡੀ ਜਥਾ

**ਦਾਸਰੇ : ਸਮੂਹ ਸੇਵਾਦਾਰ**
**ਗੁਰਦੁਆਰਾ ਸਾਹਿਬ ਪੈਲਾਟਾਈਨ**

SIKH Religious Society
PALATINE GURDWARA

1280 Winnetka Street, Palatine,
IL 60067 Ph: (847) 358-1117
Website: www.srschicago.org Email: contactus@srschicago.org

NOW OPEN IN MODESTO/CERES



G.S. Pannu
Immigration Consultant-LDA

PANNU'S
LEGAL SERVICES (Regd. & Bonded)
510.677.5200

IMMIGRATION ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons
open 6am to midnight
Phone: 765-478-6300



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.




PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Loves Travel Stops & Country Stores



Watch Your Favorite Channel On
FREE PREVIEW
Happy Holidays from
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Itihaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com


$20 Off For Trans-Alliance Carriers
TRANS-ALLIANCE
TOGETHER WE SAVE
SPECIAL TIRE PRICING
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

*97ਵਾਂ ਸਥਾਪਨਾ ਦਿਹਾੜੇ ਦੇ ਜਸ਼ਨ*

# ਬਾਦਲਾਂ ਵਲੋਂ ਅਕਾਲੀ ਦਲ ਦਾ ਸੱਚਾ ਵਾਰਸ ਬਣਨ ਦੀ ਕੋਸ਼ਿਸ਼

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਸ਼੍ਰੋਮਣੀ ਅਕਾਲੀ ਦਲ ਦਾ 97ਵਾਂ ਸਥਾਪਨਾ ਦਿਹਾੜਾ ਮਨਾਉਣ ਲਈ ਇੱਕਤਰ ਹੋਏ ਬਾਦਲਕਿਆਂ ਨੇ ਜਿਥੇ ਦਲ ਦੇ ਸ਼ਾਨਾਮੱਤੇ ਇਤਿਹਾਸ ਅਤੇ ਪ੍ਰਾਪਤੀਆਂ ਦੇ ਵਾਰਸ ਬਣਨ ਦੀ ਪੂਰੀ ਕੋਸ਼ਿਸ਼ ਕੀਤੀ ਉਥੇ ਇਹ ਵੀ ਸੱਦਾ ਦਿੱਤਾ ਕਿ ਦਲ ਨੂੰ ਮਜ਼ਬੂਤ ਕਰਨ ਲਈ ਠੋਸ ਉਪਰਾਲੇ ਕੀਤੇ ਜਾਣ। ਦਾਅਵਾ ਕੀਤਾ ਗਿਆ ਕਿ 1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਲੜੀ ਹਰ ਜੰਗ ਵਿੱਚ "ਜੇਤੂ ਰਿਹਾ" ਦਲ 2020 ਤੋਂ ਬਾਅਦ ਮੁੜ ਜੇਤੂ ਰਹੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਐਲਾਨ ਕੀਤਾ ਕਿ ਦਲ ਦਾ ਸਾਲ 2018 ਵਾਲਾ ਸਥਾਪਨਾ ਦਿਹਾੜਾ ਦਿੱਲੀ ਵਿਖੇ ਮਨਾਇਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੇ ਸੱਦਾ ਦਿਤਾ ਕਿ ਕਾਂਗਰਸ ਦੇ ਜਬਰ ਜੁਲਮ ਦਾ ਮੁਕਾਬਲਾ ਕਰਨ ਲਈ ਹਰ ਪਿੰਡ ਤੋਂ 10-10 ਨੌਜਵਾਨ ਅੱਗੇ ਆਉਣ।

1920 ਵਿੱਚ ਅਕਾਲ ਤਖਤ ਸਾਹਿਬ ਦੇ ਸਨਮੁਖ ਸਥਾਪਿਤ ਹੋਏ ਸ਼੍ਰੋਮਣੀ ਅਕਾਲੀ ਦਲ ਦਾ 97ਵਾਂ ਸਥਾਪਨਾ ਦਿਹਾੜਾ ਮਨਾਏ ਜਾਣ ਦੇ ਸਬੰਧ ਵਿੱਚ ਗੁਰਦੁਆਰਾ ਦੀਵਾਨ ਅਸਥਾਨ ਮੰਜੀ ਸਾਹਿਬ ਹਾਲ ਵਿਖੇ ਹਾਜ਼ਰ ਪਾਰਟੀ ਕਾਰਕੁਨਾਂ ਨੂੰ ਸੰਬੋਧਨ ਹੁੰਦਿਆਂ ਬਾਦਲ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ੋਰ ਦਿੱਤਾ ਕਿ ਪਾਰਟੀ ਕੇਡਰ ਨੂੰ ਮਜਬੂਤ ਕਰਨ ਲਈ ਹਰ ਪਿੰਡ 'ਚੋਂ ਨੌਜਵਾਨਾਂ ਨੂੰ ਪ੍ਰੇਰਤ ਕਰਕੇ ਘੱਟੋ-ਘੱਟ 10-10 ਕਾਰਜਕਰਤਾ ਜ਼ਰੂਰ ਜੋੜੇ ਜਾਣ। ਸੁਖਬੀਰ ਸਿੰਘ ਬਾਦਲ ਨੇ ਵਾਰ-ਵਾਰ ਜ਼ੋਰ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਿ ਅੰਗ੍ਰੇਜ਼ਾਂ ਦੇ ਰਾਜ ਵੇਲੇ ਗੁਰਧਾਮਾਂ ਦਾ ਪ੍ਰਬੰਧ ਹਾਸਿਲ ਕਰਨ, ਅੰਗ੍ਰੇਜ਼ੀ ਵਿਰੁੱਧ ਲੜਾਈ ਲੜਨ ਅਤੇ 1947 ਤੋਂ ਬਾਅਦ ਹਰ ਮੋਰਚੇ 'ਤੇ ਜਿੱਤ ਪ੍ਰਾਪਤ ਕੀਤੀ ਹੈ।






ਉਨ੍ਹਾਂ ਕਿਹਾ ਕਿ ਕਾਂਗਰਸ ਵਲੋਂ ਸੂਬੇ ਵਿੱਚ ਬਾਦਲ ਦਲ ਦੇ ਕਾਰਕੁਨਾਂ ਨਾਲ ਕੀਤੀਆਂ ਵਧੀਕੀਆਂ ਖਿਲਾਫ ਦਲ ਵਲੋਂ ਹਰੀਕੇ ਪੱਤਣ ਵਿਖੇ ਲਗਾਏ ਗਏ ਧਰਨੇ ਨੇ ਪਾਰਟੀ ਅੰਦਰ ਜੋਸ਼ ਭਰਿਆ ਹੈ। ਸੁਖਬੀਰ ਨੇ ਧਮਕੀ ਭਰੇ ਅੰਦਾਜ਼ 'ਚ ਕਿਹਾ ਕਿ ਜੇ ਕਾਂਗਰਸ ਨੇ ਬਾਦਲ ਦਲ ਪ੍ਰਤੀ ਆਪਣਾ ਵਤੀਰਾ ਨਹੀਂ ਬਦਲਿਆ। ਸੁਖਬੀਰ ਸਿੰਘ ਬਾਦਲ ਨੇ ਸੱਦਾ ਦਿਤਾ ਕਿ ਪਾਰਟੀ ਕਾਰਜਕਰਤਾ ਹਰ ਜ਼ੁਲਮ ਜ਼ਬਰ ਦਾ ਮੁਕਾਬਲਾ ਕਰਨ ਲਈ ਤਿਆਰ ਰਹਿਣ, ਜਿਥੇ ਕਿਤੇ ਵੀ ਕਿਸੇ ਪਾਰਟੀ ਕਾਰਜਕਰਤਾ ਨਾਲ ਵਧੀਕੀ ਹੋਈ ਉਹ ਆਪ ਮੋਹਰੀ ਹੋ ਕੇ "ਜੰਗ" ਲੜਨਗੇ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਰਤ ਦੀ ਸਭ ਤੋਂ ਪੁਰਾਣੀ ਸਿਆਸੀ ਜਮਾਤ ਅਕਾਲੀ ਦਲ ਦਾ ਸੂਬੇ ਵਿੱਚ 22 ਸਾਲ ਰਾਜ ਰਿਹਾ ਹੈ ਜਿਸ ਵਿੱਚ 19 ਸਾਲ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰਹੇ, ਉਨ੍ਹਾਂ ਨੇ 16 ਸਾਲ ਜੇਲ੍ਹ ਵੀ ਕੱਟੀ ਹੈ। ਸੁਖਬੀਰ ਨੇ ਦਾਅਵਾ ਕੀਤਾ ਕਿ ਅਕਾਲੀ ਦਲ ਬਾਦਲ ਪ੍ਰੀਵਾਰ ਦੀ ਜਾਇਦਾਦ ਨਹੀਂ ਇਹ ਕਾਰਜਕਰਤਾਵਾਂ ਦੀ ਅਮਾਨਤ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਸ਼ਾਸਨਕਾਲ ਦੀ ਤਾਰੀਫ ਦੇ ਪੁੱਲ ਬੰਨ੍ਹਦਿਆਂ ਸੁਖਬੀਰ ਸਿੰਘ ਬਾਦਲ ਇਥੋਂ ਤੀਕ ਕਹਿ ਦਿੱਤਾ ਕਿ ਲੋਕਾਂ ਦੇ ਹੱਕਾਂ ਖਾਤਿਰ 'ਅਕਾਲੀ' ਕਾਰਜਕਰਤਾਵਾਂ ਅਤੇ ਆਗੂਆਂ ਨੇ ਆਪਣੇ ਘਰ ਬਾਰ, ਵਪਾਰ ਤਿਆਗ ਦਿੱਤੇ ਤਾਂ ਜੋ ਗੁਰਧਾਮ ਬਚੇ ਰਹਿਣ ਤੇ ਸੂਬੇ ਦੇ ਲੋਕ ਖੁਸ਼ਹਾਲ ਰਹਿਣ। ਸੁਖਬੀਰ ਨੇ ਕਿਹਾ ਕਿ ਮੇਰੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵਲ ਹੀ ਵੇਖ ਲਵੋ, ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਪੋਤਰਾ ਕਿਹੜੀ ਜਮਾਤ ਵਿੱਚ ਪੜ੍ਹਦਾ ਹੈ ਪਰ ਇਹ ਜ਼ਰੂਰ ਪਤਾ ਹੈ ਕਿ ਕਿਹੜੇ ਪਿੰਡ ਵਿੱਚ ਕਿਹੜਾ ਸਰਪੰਚ ਹੈ ਤੇ ਇਹ ਵੀ ਪਤਾ ਕਿ ਉਸਦੀ ਕੀ ਘਾਲਣਾ ਹੈ। ਬਾਰ-ਬਾਰ ਦਲ ਦੀ ਮਜਬੂਤੀ ਦੀ ਗੱਲ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਾਥੋਂ ਕੋਈ ਗਲਤੀ ਹੋ ਗਈ ਹੋਵੇ ਤਾਂ ਅਸੀਂ ਮੁਆਫੀ ਚਾਹੁੰਦੇ ਹਾਂ'।

### ਮੈਂ ਜਵਾਨ ਹੋ ਜਾਣੈ-ਬਾਦਲ

ਆਪਣੇ ਸੰਬੋਧਨ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਤਨਜ ਕਰਦਿਆਂ ਕਿਹਾ ਕਿ ਮੇਰਾ 90ਵਾਂ ਜਨਮ ਦਿਨ ਸੀ ਤੇ ਸੁਖਬੀਰ ਨੇ 89ਵਾਂ ਮਨਾ ਦਿੱਤਾ। ਜੇ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਆਉਣ ਵਾਲੇ 10 ਸਾਲ ਬਾਅਦ ਉਹ ਜਵਾਨ ਹੋ ਜਾਣਗੇ। ਸਮਾਗਮ ਨੂੰ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ, ਦਿੱਲੀ ਕਮੇਟੀ ਪ੍ਰਧਾਨ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵੀ ਸੰਬੋਧਨ ਕੀਤਾ। ਦੀਵਾਨ ਅਸਥਾਨ ਵਿੱਚ ਲਗਾਈ ਗਈ ਪ੍ਰਮੁੱਖ ਸਟੇਜ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗਿਆਨੀ ਗੁਰਬਚਨ ਸਿੰਘ, ਗਿਆਨੀ ਜਗਤਾਰ ਸਿੰਘ, ਬਾਬਾ ਹਰਨਾਮ ਸਿੰਘ ਖ਼ਾਲਸਾ, ਬੀਬੀ ਜਗੀਰ ਕੌਰ, ਜਥੇਦਾਰ ਤੋਤਾ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਕਮੇਟੀ ਦੇ ਮੁਖ ਸਕੱਤਰ ਰੂਪ ਸਿੰਘ ਮੌਜੂਦ ਸਨ। ਇਕ ਵੱਖਰੀ ਸਟੇਜ 'ਤੇ ਲੱਗੀਆਂ ਕੁਰਸੀਆਂ 'ਤੇ ਪ੍ਰਕਾਸ਼ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ ਸਮੇਤ ਬਾਕੀ ਲੀਡਰ ਮੌਜੂਦ ਸਨ। ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਸੰਬੋਧਨ ਤੋਂ ਪਹਿਲਾਂ ਗਿਆਨੀ ਗੁਰਬਚਨ ਸਿੰਘ ਅਤੇ ਗੋਬਿੰਦ ਸਿੰਘ ਲੌਂਗੋਵਾਲ ਵੱਡੀ ਸਟੇਜ ਤੋਂ ਛੋਟੀ ਸਟੇਜ 'ਤੇ ਆਏ ਅਤੇ ਦੋਨਾਂ ਆਗੂਆਂ ਨੂੰ ਲੋਈ, ਸਿਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ।

## 'ਮਿਉਂਸਿਪਲ ਚੋਣਾਂ 'ਚ ਧਾਂਦਲੀਆਂ ਦੀ ਸੀ.ਬੀ. ਆਈ. ਜਾਂਚ ਕਰੇ'

### *ਕਾਂਗਰਸੀਆਂ ਦੀ ਗੁੰਡਾਗਰਦੀ ਖ਼ਿਲਾਫ਼ ਹਾਈ ਕੋਰਟ ਜਵਾਂਗੇ-ਸੁਖਬੀਰ*

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਨੇ ਸਥਾਨਕ ਚੋਣਾਂ ਵਿੱਚ ਧੱਕੇਸ਼ਾਹੀ ਦਾ ਦੋਸ਼ ਲਾਉਂਦਿਆਂ ਪੰਜਾਬ ਦੇ ਚੋਣ ਅਧਿਕਾਰੀ ਨੂੰ ਮੈਮੋਰੰਡਮ ਸੌਂਪਿਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਇਸ ਧੱਕੇਸ਼ਾਹੀ ਖ਼ਿਲਾਫ਼ ਹਾਈ ਕੋਰਟ ਜਾਣਗੇ ਤੇ ਸੀਬੀਆਈ ਜਾਂਚ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਸਥਾਨਕ ਚੋਣਾਂ ਵਿਚ ਲੋਕਾਂ ਦੀ ਆਵਾਜ਼ ਦਬਾਉਣ ਲਈ ਘੜੀ ਸਾਜ਼ਿਸ਼ ਵਿੱਚ ਪ੍ਰਦੇਸ਼ ਚੋਣ ਕਮਿਸ਼ਨ ਕਾਂਗਰਸ ਪਾਰਟੀ ਦੀ ਧਿਰ ਬਣ ਗਿਆ ਹੈ।

ਚੋਣ ਅਧਿਕਾਰੀ ਨੂੰ ਮੈਮੋਰੰਡਮ ਸੌਂਪਣ ਵਾਲੇ ਵਫ਼ਦ ਦੀ ਅਗਵਾਈ ਡਾ. ਦਲਜੀਤ ਸਿੰਘ ਚੀਮਾ ਨੇ ਕੀਤੀ। ਵਫ਼ਦ ਨੇ ਧੱਕੇਸ਼ਾਹੀਆਂ ਖ਼ਿਲਾਫ਼ ਚੋਣ ਅਧਿਕਾਰੀ ਦੇ ਦਫ਼ਤਰ ਬਾਹਰ ਧਰਨਾ ਵੀ ਦਿੱਤਾ। ਇਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਚੋਣ ਅਧਿਕਾਰੀ ਜਗਪਾਲ ਸਿੰਘ ਸਿੱਧੂ ਨੂੰ ਬਰਖਾਸਤ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਉਨ੍ਹਾਂ ਕਾਂਗਰਸ ਦਾ ਹੱਥਠੋਕਾ ਬਣ ਕੇ ਆਪਣੇ ਅਹੁਦੇ ਦੇ ਵਕਾਰ ਨੂੰ ਢਾਹ ਲਾਈ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨਰ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਲੋਕਾਂ ਦੇ ਵਿਸ਼ਵਾਸ ਨੂੰ ਤੋੜਿਆ ਹੈ। ਉਨ੍ਹਾਂ ਕਿਹਾ ਕਿ ਚੋਣ ਅਧਿਕਾਰੀ ਦਾ ਵਤੀਰਾ ਸ਼ੁਰੂ ਤੋਂ ਪੱਖਪਾਤੀ ਸੀ। ਅਕਾਲੀਆਂ ਦੇ ਵਫ਼ਦ ਨੇ ਪੰਜ ਵਾਰ ਉਨ੍ਹਾਂ ਨਾਲ ਮੁਲਾਕਾਤ ਕੀਤੀ, ਪਰ ਉਨ੍ਹਾਂ ਇੱਕ ਵਾਰ ਵੀ ਇਨਸਾਫ ਨਹੀਂ ਦਿੱਤਾ। ਪਾਰਟੀ ਪ੍ਰਧਾਨ ਨੇ ਵੋਟਰ ਸੂਚੀਆਂ ਦੇਰੀ ਨਾਲ ਦਿੱਤੇ ਜਾਣ ਅਤੇ ਅਕਾਲੀ-ਭਾਜਪਾ ਉਮੀਦਵਾਰਾਂ ਨੂੰ ਇਤਰਾਜ਼ਹੀਣਤਾ ਸਰਟੀਫਿਕੇਟ ਨਾ ਦੇਣ ਖ਼ਿਲਾਫ ਵੀ ਰੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਕਾਂਗਰਸੀਆਂ ਨੇ ਪੂਰੇ ਸੂਬੇ ਅੰਦਰ, ਖਾਸ ਕਰਕੇ ਮੁੱਖ ਮੰਤਰੀ ਦੇ ਆਪਣੇ ਸ਼ਹਿਰ ਪਟਿਆਲਾ ਵਿੱਚ ਧੱਕੇਸ਼ਾਹੀਆਂ ਕੀਤੀਆਂ ਅਤੇ ਅਕਾਲੀ-ਭਾਜਪਾ ਉਮੀਦਵਾਰਾਂ ਉੱਤੇ ਹਮਲੇ ਕਰਨ ਲਈ ਸਟੇਟ ਮਸ਼ੀਨਰੀ ਦਾ ਇਸਤੇਮਾਲ ਕੀਤਾ। ਉਨ੍ਹਾਂ ਪਟਿਆਲਾ ਦੇ ਸਾਰੇ ਵਾਰਡਾਂ ਦੀ ਚੋਣ ਨੂੰ ਤੁਰੰਤ ਰੱਦ ਕਰਨ ਦੇ ਨਾਲ ਨਾਲ ਕਾਂਗਰਸੀਆਂ ਵੱਲੋਂ ਕੀਤੀ ਹਿੰਸਾ ਅਤੇ ਹੇਰਾਫੇਰੀਆਂ ਦੀ ਉੱਚ-ਪੱਧਰੀ ਜਾਂਚ ਅਤੇ ਕਾਂਗਰਸੀ ਏਜੰਟਾਂ ਵਜੋਂ ਕੰਮ ਕਰਨ ਵਾਲੇ ਸਿਵਲ ਅਤੇ ਪੁਲੀਸ ਅਧਿਕਾਰੀਆਂ ਖ਼ਿਲਾਫ ਕੇਸ ਦਰਜ ਕਰਨ ਦੀ ਵੀ ਮੰਗ ਕੀਤੀ।

## ਸ਼੍ਰੋਮਣੀ ਅਕਾਲੀ ਦਲ ਵਲੋਂ ਜਬਰ ਤੇ ਜ਼ੁਲਮ ਖ਼ਿਲਾਫ਼ ਜੰਗ ਜਾਰੀ ਰੱਖਣ ਦਾ ਅਹਿਦ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਨੇ ਇਥੇ ਆਪਣਾ 97ਵਾਂ ਸਥਾਪਨਾ ਦਿਵਸ ਮਨਾਉਂਦਿਆਂ ਐਲਾਨ ਕੀਤਾ ਕਿ ਪਾਰਟੀ ਵੱਲੋਂ ਜਬਰ ਅਤੇ ਜ਼ੁਲਮ ਖ਼ਿਲਾਫ਼ ਜੰਗ ਜਾਰੀ ਰਹੇਗੀ। ਪਾਰਟੀ ਵੱਲੋਂ ਮੁੜ ਅੰਮ੍ਰਿਤਸਰ ਵਿਚ ਇਕ ਦਫਤਰ ਸਥਾਪਤ ਕਰਨ ਦਾ ਵੀ ਐਲਾਨ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਲੰਮੇ ਅਰਸੇ ਮਗਰੋਂ ਸਿੱਖਾਂ ਦੀ ਸਿਆਸੀ ਰਾਜਧਾਨੀ ਰਹੀ ਅੰਮ੍ਰਿਤਸਰ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਉਣਾ ਸ਼ੁਰੂ ਕੀਤਾ ਹੈ। ਇਸ ਤਹਿਤ ਇਥੇ ਪਾਰਟੀ ਦਾ 97ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਇਸ ਸਬੰਧੀ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ। ਗੁਰਬਾਣੀ ਕੀਰਤਨ ਮਗਰੋਂ ਪਾਰਟੀ ਦੇ ਸੀਨੀਅਰ ਆਗੂਆਂ ਨੇ ਆਪਣੇ ਵਿਚਾਰ ਪ੍ਰਗਟਾਏ। ਸੀਨੀਅਰ ਆਗੂਆਂ ਵਿਚ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ ਤੇ ਹੋਰ ਆਗੂ ਸ਼ਾਮਲ ਸਨ। ਇਸ ਮੌਕੇ ਅਕਾਲੀ ਆਗੂਆਂ ਨੇ ਐਲਾਨ ਕੀਤਾ ਕਿ ਪਾਰਟੀ ਵੱਲੋਂ ਇਕ ਦਫ਼ਤਰ ਅੰਮ੍ਰਿਤਸਰ ਵਿਚ ਵੀ ਸਥਾਪਤ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਪਾਰਟੀ ਦਾ ਦਫਤਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹੁੰਦਾ ਸੀ, ਜਿਸ ਨੂੰ ਦੋ ਦਹਾਕੇ ਪਹਿਲਾਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਗਿਆ ਸੀ। ਇਸ ਵਾਰ ਵਿਧਾਨ ਸਭਾ ਚੋਣਾਂ ਵਿਚ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਮੁੜ ਅੰਮ੍ਰਿਤਸਰ ਵੱਲ ਧਿਆਨ ਕੀਤਾ ਹੈ। ਜਿਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਉਹ ਮੁੜ ਪੰਥਕ ਏਜੰਡੇ ਵੱਲ ਪਰਤ ਰਹੇ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੌਕੇ ਦੇਸ਼ ਵੰਡ ਤੋਂ ਪਹਿਲਾਂ ਅਤੇ ਬਾਅਦ ਦੀ ਸਥਿਤੀ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਜਬਰ ਅਤੇ ਜ਼ੁਲਮ ਦਾ ਡਟ ਕੇ ਸਾਹਮਣਾ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਪੰਜਾਬੀਆਂ ਨਾਲ ਹੋਏ ਵਿਤਕਰਿਆਂ ਦੀ ਗੱਲ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਚੰਡੀਗੜ੍ਹ ਮੁੱਖ ਦਫ਼ਤਰ ਵਿਚ ਇਕ ਅਜਾਇਬ ਘਰ ਸਥਾਪਤ ਕੀਤਾ ਜਾਵੇਗਾ, ਜਿਥੇ ਪਾਰਟੀ ਵਰਕਰਾਂ ਦੀਆਂ ਫੋਟੋਆਂ ਸਥਾਪਤ ਹੋਣਗੀਆਂ। ਸਮਾਗਮ ਨੂੰ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਵੀ ਸੰਬੋਧਨ ਕੀਤਾ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਤੇ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਮੰਚ ਸੰਚਾਲਨ ਡਾ. ਦਲਜੀਤ ਸਿੰਘ ਚੀਮਾ ਨੇ ਕੀਤਾ। ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਸੰਬੋਧਨ ਤੋਂ ਪਹਿਲਾਂ ਗਿਆਨੀ ਗੁਰਬਚਨ ਸਿੰਘ ਅਤੇ ਗੋਬਿੰਦ ਸਿੰਘ ਲੌਂਗੋਵਾਲ ਵੱਡੀ ਸਟੇਜ ਤੋਂ ਛੋਟੀ ਸਟੇਜ 'ਤੇ ਆਏ ਅਤੇ ਦੋਨਾਂ ਆਗੂਆਂ ਨੂੰ ਲੋਈ, ਸਿਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ।

## ਸਰਕਾਰੀ ਅਦਾਰਿਆਂ 'ਚ ਅਜੇ ਵੀ ਬੋਲਦੀ ਹੈ ਅਕਾਲੀ-ਭਾਜਪਾ ਦੀ ਤੂਤੀ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿੱਚ ਸੱਤਾ ਤਬਦੀਲੀ ਦੇ ਨੌਂ ਮਹੀਨਿਆਂ ਬਾਅਦ ਵੀ ਸਰਕਾਰ ਦੇ ਕਈ ਮਹੱਤਵਪੂਰਨ ਅਦਾਰਿਆਂ 'ਤੇ ਅਕਾਲੀ ਦਲ ਦੇ ਆਗੂਆਂ ਦਾ ਕਬਜ਼ਾ ਬਰਕਰਾਰ ਰਹਿਣ ਨਾਲ ਰਾਜਸੀ ਹਲਕਿਆਂ ਵਿੱਚ 'ਸਿਆਸੀ ਸਾਂਝੇਦਾਰੀਆਂ' ਦੀ ਚਰਚਾ ਭਾਰੂ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੁਲੀਸ ਤੇ ਸਿਵਲ ਪ੍ਰਸ਼ਾਸਨ ਵਿਚਲੇ ਵੱਡੇ ਅਹੁਦਿਆਂ 'ਤੇ ਬੈਠੇ ਅਧਿਕਾਰੀਆਂ ਦੇ ਰੁਤਬੇ ਹੀ ਬਰਕਾਰ ਨਹੀਂ ਰੱਖੇ, ਸਗੋਂ ਸਿਆਸੀ ਅਹੁਦੇਦਾਰਾਂ ਨੂੰ ਲਾਹੁਣ ਦਾ ਵੀ ਫੈਸਲਾ ਨਹੀਂ ਲਿਆ। ਇਨ੍ਹਾਂ ਅਦਾਰਿਆਂ ਵਿੱਚ ਅਹਿਮ ਸੰਸਥਾ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ (ਐਸ.ਐਸ.ਬੋਰਡ) ਹੈ। ਇਸ ਬੋਰਡ ਦੇ ਚੇਅਰਮੈਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਮੀਤ ਸਿੰਘ ਦਾਦੂਵਾਲ ਹਨ। ਪੰਜਾਬ ਦੇ ਸਮੂਹ ਵਿਭਾਗਾਂ ਵਿੱਚ ਮੁਲਾਜ਼ਮਾਂ ਦੀ ਭਰਤੀ ਲਈ ਕਾਇਮ ਕੀਤੀ ਇਸ ਸੰਸਥਾ ਵੱਲੋਂ ਕੈਪਟਨ ਸਰਕਾਰ ਦੇ ਹੋਂਦ 'ਚ ਆਉਣ ਤੋਂ ਬਾਅਦ ਭਰਤੀ ਦਾ ਕੰਮ ਵੀ ਅਰੰਭ ਦਿੱਤਾ ਗਿਆ ਹੈ। ਐਸ.ਐਸ. ਬੋਰਡ ਵੱਲੋਂ ਇਨ੍ਹੀਂ ਦਿਨੀ ਕਲਰਕਾਂ, ਡਰਾਈਵਰਾਂ ਅਤੇ ਕਰ ਤੇ ਆਬਕਾਰੀ ਵਿਭਾਗ ਦੇ ਇੰਸਪੈਕਟਰਾਂ ਸਮੇਤ ਕੁੱਝ ਹੋਰ ਵਰਗ ਦੇ ਮੁਲਾਜ਼ਮਾਂ ਦੀ ਭਰਤੀ ਪ੍ਰਕਿਰਿਆ ਅਰੰਭੀ ਗਈ ਹੈ। ਪੰਜਾਬ ਵਿੱਚ ਆਮ ਤੌਰ 'ਤੇ ਇਹੀ ਰਵਾਇਤ ਰਹੀ ਹੈ ਕਿ ਪੁਰਾਣੀ ਸਰਕਾਰ ਵੱਲੋਂ ਕਾਇਮ ਕੀਤੇ ਬੋਰਡਾਂ ਅਤੇ ਨਿਗਮਾਂ ਨੂੰ ਭੰਗ ਕਰਕੇ ਨਵੇਂ ਸਿਰੇ ਤੋਂ ਗਠਿਤ ਕੀਤਾ ਜਾਂਦਾ ਹੈ ਤੇ ਹਾਕਮ ਪਾਰਟੀ ਆਪਣੇ ਆਗੂਆਂ ਦੀਆਂ ਨਿਯੁਕਤੀਆਂ ਕਰਦੀ ਹੈ। ਇਥੋਂ ਤੱਕ ਕਿ ਡੀ.ਜੀ.ਪੀ. ਤੇ ਮੁੱਖ ਸਕੱਤਰ ਵੀ ਬਦਲ ਦਿੱਤੇ ਜਾਂਦੇ ਹਨ। ਪੰਜਾਬ ਵਿੱਚ 16 ਮਾਰਚ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਹੋਂਦ ਵਿੱਚ ਆਈ। ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਜੋ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਮੰਨੇ ਜਾਂਦੇ ਸਨ ਨੂੰ ਕਾਂਗਰਸ ਸਰਕਾਰ ਨੇ ਕਾਇਮ ਰੱਖਿਆ। ਇਸ ਤੋਂ ਬਾਅਦ ਬੋਰਡਾਂ ਅਤੇ ਨਿਗਮਾਂ ਨੂੰ ਭੰਗ ਕਰਨ ਦੀ ਕਾਰਵਾਈ ਨੂੰ ਵੀ ਇੱਕ ਤਰ੍ਹਾਂ ਨਾਲ ਠੰਡੇ ਬਸਤੇ ਵਿੱਚ ਹੀ ਪਾ ਦਿੱਤਾ ਗਿਆ ਹੈ। ਐਸ.ਐਸ.ਬੋਰਡ ਨੂੰ ਭੰਗ ਨਾ ਕਰਨਾ ਰਾਜਸੀ ਤੇ ਪ੍ਰਸ਼ਾਸਕੀ ਹਲਕਿਆਂ ਅੰਦਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।



ਸੁਖਬੀਰ ਸਿੰਘ ਬਾਦਲ ਅਤੇ ਗੁਰਮੀਤ ਸਿੰਘ ਦਾਦੂਵਾਲ ਦੀ ਫਾਈਲ ਫੋਟੋ।

ਸੂਤਰਾਂ ਅਨੁਸਾਰ ਐਸ.ਐਸ.ਬੋਰਡ ਨੇ ਸਰਕਾਰੀ ਪਹਿਲਕਦਮੀ ਦੀ ਭਿਣਕ ਲੈਣ ਲਈ ਭਰਤੀ ਦਾ ਸ਼ਡਿਊਲ ਪ੍ਰਸੋਨਲ ਵਿਭਾਗ ਨੂੰ ਜਾਣਕਾਰੀ ਹਿਤ ਕੁੱਝ ਮਹੀਨੇ ਪਹਿਲਾਂ ਭੇਜਿਆ ਸੀ। ਇਹ ਵਿਭਾਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਧੀਨ ਹੈ ਤੇ ਇਸ ਵਿਭਾਗ ਨੇ ਅਕਾਲੀਆਂ ਦੇ ਬੋਰਡ ਵੱਲੋਂ ਭਰਤੀ ਕੀਤੇ ਜਾਣ ਵਾਲੇ ਸ਼ਡਿਊਲ ਨੂੰ ਮਾਨਤਾ ਦੇ ਦਿੱਤੀ ਹੈ। ਪੰਜਾਬ ਸਰਕਾਰ ਦੇ ਰਿਕਾਰਡ ਮੁਤਾਬਕ ਐਸ.ਐਸ. ਬੋਰਡ ਦੇ ਚੇਅਰਮੈਨ ਗੁਰਮੀਤ ਸਿੰਘ ਦਾਦੂਵਾਲ ਹਨ ਤੇ ਮੈਂਬਰਾਂ ਵਿੱਚ ਜੀਵਨ ਧਵਨ, ਦਰਸ਼ਨ ਲਾਲ ਜੇਠੂਮਜਾਰਾ, ਰਾਜਿੰਦਰ ਸਿੰਘ ਦਾਲਮ, ਗੁਰਚਰਨ ਸਿੰਘ ਗਰੇਵਾਲ, ਅਨਵਰ ਮਸੀਹ, ਸ੍ਰੀਮਤੀ ਸੁਰਿੰਦਰ ਕੌਰ ਦਿਆਲ, ਨਰਿੰਦਰ ਪਰਮਾਰ, ਅਸ਼ੋਕ ਲੂੰਬਾ, ਜਤਿੰਦਰ ਕਾਲਰਾ ਅਤੇ ਡਾ. ਰਚਨਾ ਸ਼ਰਮਾ ਸ਼ਾਮਲ ਹਨ। ਇਹ ਸਾਰੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਹਨ।

**ਜਾਖੜ ਮੁੱਖ ਮੰਤਰੀ ਕੋਲ ਉਠਾਵੇਗਾ ਮਸਲਾ**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਐਸ.ਐਸ.ਬੋਰਡ ਵਰਗੇ ਅਦਾਰੇ 'ਤੇ ਅਕਾਲੀ-ਭਾਜਪਾ ਨਾਲ ਸਬੰਧਤ ਵਿਅਕਤੀਆਂ ਦੀ ਨਿਯੁਕਤੀ ਬਰਕਾਰ ਰਹਿਣ ਦਾ ਮਾਮਲਾ ਫਿਲਹਾਲ ਮੇਰੇ ਧਿਆਨ ਵਿੱਚ ਨਹੀਂ ਹੈ। ਫਿਰ ਵੀ ਜੇਕਰ ਕਾਂਗਰਸ ਸਰਕਾਰ ਨੇ ਬੋਰਡ ਭੰਗ ਨਹੀਂ ਕੀਤਾ ਤਾਂ ਇਸ ਮਾਮਲੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰਾਂਗਾ।

# ਯੋਰੋਸ਼ਲਮ: ਮੁਸਲਿਮ ਦੇਸ਼ਾਂ ਨੂੰ ਪ੍ਰਵਾਨ ਨਹੀਂ ਟਰੰਪ ਦਾ ਫ਼ੈਸਲਾ

**ਮੋਹਨ ਸਿੰਘ (ਡਾ.)**
(ਸੰਪਰਕ: 78883- 37695)

**ਓਆਈਸੀ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਅਮਰੀਕਾ ਨੇ ਯੋਰੋਸ਼ਲਮ ਬਾਰੇ ਫ਼ੈਸਲਾ ਕਰਕੇ ਆਪਣੇ ਆਪ ਨੂੰ ਇਜ਼ਰਾਈਲ ਅਤੇ ਫਲਸਤੀਨ ਦੀ ਸ਼ਾਂਤੀ ਪ੍ਰਕਿਰਿਆ ਵਿੱਚੋਂ ਬਾਹਰ ਕਰ ਲਿਆ ਹੈ। ਮਤੇ ਰਾਹੀਂ ਸਾਰੇ ਦੇਸ਼ਾਂ ਨੂੰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਫਲਸਤੀਨ ਨੂੰ ਇਕ ਦੇਸ਼ ਵਜੋਂ ਅਤੇ ਇਸ ਦੀ ਰਾਜਧਾਨੀ ਪੂਰਬੀ ਯੋਰੋਸ਼ਲਮ ਵਜੋਂ ਮਾਨਤਾ ਦੇਣੀ ਚਾਹੀਦੀ ਹੈ। ਟਰੰਪ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਇਸ ਨੂੰ ਸ਼ਾਂਤੀ ਪ੍ਰਕਿਰਿਆ ਨੂੰ ਭੰਗ ਕਰਨ ਅਤੇ ਅਤਿਵਾਦ ਤੇ ਦਹਿਸ਼ਤਵਾਦ ਪੈਦਾ ਕਰਨ ਵਾਲਾ ਕਰਾਰ ਦਿੱਤਾ। ਅਰਦੋਗਨ ਨੇ ਇਹ ਵੀ ਕਿਹਾ ਕਿ ਇਸਲਾਮੀ ਦੇਸ਼ ਫਲਸਤੀਨ ਦੀ ਰਾਜਧਾਨੀ ਪੂਰਬੀ ਯੋਰੋਸ਼ਲਮ ਬਣਾਏ ਜਾਣ ਦੀ ਮੰਗ ਕਦੇ ਨਹੀਂ ਛੱਡਣਗੇ। ਪਰ ਭਾਰਤ ਨੇ ਅਮਰੀਕਾ ਦੇ ਯੋਰੋਸ਼ਲਮ ਬਾਰੇ ਟਰੰਪ ਦੇ ਐਲਾਨ ਉਪਰ ਆਪਣਾ ਕੋਈ ਜ਼ੋਰਦਾਰ ਪ੍ਰਤੀਕਰਮ ਨਹੀਂ ਦਿੱਤਾ। ਭਾਰਤ ਸਰਕਾਰ ਨੇ ਸਿਰਫ ਐਨਾ ਹੀ ਕਿਹਾ ਕਿ ਭਾਰਤ ਦੀ ਪੁਜੀਸ਼ਨ ਪਹਿਲਾਂ ਵਾਲੀ ਹੈ ਅਤੇ ਇਹ ਆਪਣੇ ਹਿੱਤਾਂ ਦੀ ਗੱਲ ਕਰਦਾ ਹੈ, ਕਿਸੇ ਦੇਸ਼ ਦੇ ਮਗਰ ਲੱਗ ਕੇ ਫ਼ੈਸਲੇ ਨਹੀਂ ਲੈਂਦਾ।**



ਮਰੀਕਾ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ਼ ਦੀ ਰਾਜਧਾਨੀ ਬਣਾਉਣ ਦਾ ਐਲਾਨ ਫਲਸਤੀਨੀ ਲੋਕਾਂ ਦੇ ਕੌਮੀ ਜਮਹੂਰੀ ਹੱਕਾਂ 'ਤੇ ਇਕ ਹੋਰ ਮਾਰੂ ਹਮਲਾ ਹੈ। ਇਹ ਬੰਬਾਂ, ਬੰਦੂਕਾਂ, ਡਰੋਨਾਂ ਤੇ ਮਿਸਾਈਲਾਂ ਦੀ ਦਰਿੰਦਗੀ ਝੱਲਦੇ ਅਰਬੀ ਲੋਕਾਂ ਦੀ ਸ਼ਾਂਤਮਈ ਆਸ ਦੀ ਕਿਰਨ ਲਈ ਇਕ ਹੋਰ ਸਦਮਾ ਹੈ। ਇਸ ਐਲ਼ਾਨ ਨਾਲ ਇਸਲਾਮੀ ਭਾਈਚਾਰੇ ਦਾ ਸਵੈਮਾਣ ਇਕ ਵਾਰ ਫਿਰ ਵਲੂੰਧਰਿਆ ਗਿਆ ਹੈ। ਦੂਜੀ ਸੰਸਾਰ ਜੰਗ ਤੋਂ ਪਹਿਲਾਂ ਫਲਸਤੀਨ ਬਰਤਾਨਵੀ ਸ਼ਾਸਨ ਦੇ ਅਧੀਨ ਸੀ। ਜੰਗ ਦੌਰਾਨ ਬਰਤਾਨਵੀਂ ਸਾਮਰਾਜ ਕਮਜ਼ੋਰ ਹੋਣ ਦੇ ਬਾਵਜੂਦ ਆਪਣਾ ਇਹ ਗ਼ਲਬਾ ਕਾਇਮ ਰੱਖਣ ਲਈ ਯਹੂਦੀਆਂ ਨੂੰ ਵਸਾ ਕੇ ਮੱਧ-ਪੂਰਬ ਵਿੱਚ ਇਕ ਫੌਜੀ ਚੌਕੀ ਬਣਾਉਣਾ ਚਾਹੁੰਦਾ ਸੀ। ਫਲਸਤੀਨ ਵਿੱਚ ਯਹੂਦੀਆਂ ਦੀ ਵੱਸੋਂ 10-15 ਪ੍ਰਤੀਸ਼ਤ ਸੀ। ਨਾ ਹੀ ਸੰਸਾਰ ਪੱਧਰ 'ਤੇ ਯਹੂਦੀਆਂ ਦੀ ਕੋਈ ਸਾਂਝੀ ਬੋਲੀ, ਸਾਂਝੀ ਮੰਡੀ ਜਾਂ ਇਕ ਬੱਝਵਾਂ ਇਲਾਕਾ ਸੀ, ਜੋ ਕਿਸੇ ਕੌਮ ਲਈ ਮੁੱਢਲੀਆਂ ਸ਼ਰਤਾਂ ਬਣਦੇ ਹਨ, ਸਿਰਫ ਸਾਂਝੇ ਧਰਮ ਦਾ ਹੋਣਾ ਹੀ ਇਨ੍ਹਾਂ ਦੀ ਸਾਂਝ ਸੀ। ਇਸ ਦੇ ਬਾਵਜੂਦ 1947 ਵਿੱਚ ਬਰਤਾਨੀਆ ਅਤੇ ਸੰਯੁਕਤ ਰਾਸ਼ਟਰ ਨੇ ਫਲਸਤੀਨ ਅਤੇ ਯੋਰੋਸ਼ਲਮ ਦੀ ਵੰਡ ਕਰ ਦਿੱਤੀ। ਸੰਸਾਰ ਜੰਗ ਤੋਂ ਬਾਅਦ ਅਮਰੀਕਾ ਇਕ ਮਹਾਂਸ਼ਕਤੀ ਬਣ ਕੇ ਉਭਰਿਆ। ਅਮਰੀਕਾ ਅੰਦਰ ਸ਼ਕਤੀਸ਼ਾਲੀ ਯਹੂਦੀ ਲਾਬੀ ਦਾ ਅਮਰੀਕਨ ਸਰਕਾਰ ਉਪਰ ਇਸਰਾਈਲ ਦੀ ਮਦਦ ਕਰਨ ਦਾ ਦਬਾਅ ਸੀ। ਅਮਰੀਕਾ ਦੀ ਸੰਸਾਰ ਪੱਧਰੀ ਯੁੱਧ-ਨੀਤੀ ਅਨੁਸਾਰ ਮੱਧ-ਪੂਰਬ ਉਪਰ ਗਲਬਾ ਜਮਾਉਣ ਲਈ ਵੀ ਇਸਰਾਈਲ ਵਰਗੀ ਇਕ ਫੌਜੀ ਚੌਕੀ ਦੀ ਜ਼ਰੂਰਤ ਸੀ। ਇਸ ਤਰ੍ਹਾਂ ਸਾਰੇ ਸਾਮਰਾਜੀ ਦੇਸ਼ਾਂ ਨੇ ਰਲ ਕੇ ਫਲਸਤੀਨੀ ਲੋਕਾਂ ਦਾ ਉਜਾੜਾ ਕਰਕੇ ਦੁਨੀਆਂ ਭਰ ਦੇ ਯਹੂਦੀਆਂ ਨੂੰ ਉਨ੍ਹਾਂ ਦੀ ਜੱਦੀ ਮਾਂ- ਧਰਤੀ ਦੀ ਹਿੱਕ ਉਪਰ ਜਬਰੀ ਬਿਠਾ ਦਿੱਤਾ।

ਸੰਯੁਕਤ ਰਾਸ਼ਟਰ ਨੇ 1947 ਵਿੱਚ ਫਲਸਤੀਨ ਦੀ ਵੰਡ ਕੀਤੀ ਤਾਂ ਯੋਰੋਸ਼ਲਮ ਨੂੰ ਨਾ ਯਹੂਦੀਆਂ ਅਤੇ ਨਾ ਹੀ ਅਰਬ ਦੇਸ਼ਾਂ ਦੇ ਹਵਾਲੇ ਕੀਤਾ ਸਗੋਂ ਇਸ ਨੂੰ ਇਕ ਕੌਮਾਂਤਰੀ ਸ਼ਹਿਰ ਦੇ ਤੌਰ 'ਤੇ ਮਾਨਤਾ ਦਿੱਤੀ ਸੀ। ਇਸ ਤੋਂ ਬਾਅਦ ਇਜ਼ਰਾਈਲ ਅਤੇ ਜੌਰਡਨ ਨੇ ਜੰਗ ਰਾਹੀਂ ਇਸ ਨੂੰ ਪੱਛਮੀ ਅਤੇ ਪੂਰਬੀ ਯੋਰੋਸ਼ਲਮ ਵਿੱਚ ਕ੍ਰਮਵਾਰ ਵੰਡ ਲਿਆ। ਦੋ ਦਹਾਕੇ ਬਾਅਦ 1967 ਵਿੱਚ ਇਜ਼ਰਾਈਲ ਨੇ ਪੂਰਬੀ ਯੋਰੋਸ਼ਲਮ ਉਪਰ ਕਬਜਾ ਕਰ ਲਿਆ ਅਤੇ ਅਰਬੀ ਲੋਕਾਂ ਨੂੰ ਸ਼ਹਿਰ ਵਿੱਚ ਵਿਸ਼ੇਸ਼ ਅਧਿਕਾਰ ਦੇਣ ਦਾ ਵਾਅਦਾ ਕੀਤਾ। ਪਰ ਅਮਲੀ ਤੌਰ 'ਤੇ ਇਜ਼ਰਾਈਲ ਨੇ ਯੋਰੋਸ਼ਲਮ ਨੂੰ ਆਪਣੀ ਰਾਜਧਾਨੀ ਬਣਾ ਕੇ ਸਾਰਾ ਪ੍ਰਬੰਧ ਅਤੇ ਸ਼ਹਿਰ ਦੀ ਸੁਰੱਖਿਆ ਆਪਣੇ ਹੱਥ ਲੈ ਲਈ। ਫਲਸਤੀਨ ਲੋਕਾਂ ਨੇ 1987 ਤੋਂ 1993 ਦੌਰਾਨ ਇਜ਼ਰਾਈਲ ਵਿਰੁੱਧ ਲਗਾਤਾਰ ਵਿਦਰੋਹ ਜਾਰੀ ਰੱਖਿਆ। ਫਲਸਤੀਨ ਦੇ ਇਸ ਵਿਦਰੋਹ ਕਾਰਨ ਓਸਲੋ (ਨਾਰਵੇ) ਸਮਝੌਤੇ ਲਈ ਅਮਰੀਕਾ ਦੀ ਵਿਚੋਲਗੀ ਅਧੀਨ ਲੰਬੀ ਵਾਰਤਾ ਸ਼ੁਰੂ ਹੋਈ। ਇਸ ਤਹਿਤ 1993 ਵਿੱਚ ਫਲਸਤੀਨੀਆਂ ਦੀ ਖ਼ੁਦਮੁਖਤਿਆਰ 'ਫਲਸਤੀਨੀ ਅਥਾਰਟੀ' ਕਾਇਮ ਕੀਤੀ ਗਈ ਜਿਸ ਵਿੱਚ ਗਾਜ਼ਾ ਪੱਟੀ ਅਤੇ ਪੱਛਮੀ ਤੱਟ ਉਪਰ ਫਲਸਤੀਨ ਨੂੰ ਸੀਮਤ ਖ਼ੁਦਮੁਖਤਿਆਰੀ ਦੇਣ ਦਾ ਸਮਝੌਤਾ ਹੋਇਆ ਪਰ ਯੋਰੋਸ਼ਲਮ ਦੀ ਵੰਡ ਅਤੇ ਇਜ਼ਰਾਈਲ ਤੇ ਫਲਸਤੀਨ ਦੀ ਪੱਕੀ ਹੱਦਬੰਦੀ ਵਰਗੇ ਮੁੱਦੇ ਅੰਤਿਮ ਸ਼ਾਂਤੀ ਸਮਝੌਤੇ ਲਈ ਛੱਡ ਦਿੱਤੇ ਗਏ। ਪਰ ਯਹੂਦੀ ਲਾਬੀ ਦੇ ਦਬਾਅ ਕਾਰਨ ਅਮਰੀਕੀ ਕਾਂਗਰਸ ਨੇ 1995 ਵਿੱਚ ਅਮਰੀਕੀ ਸਫ਼ਾਰਤਖਾਨੇ ਨੂੰ ਯੋਰੋਸ਼ਲਮ ਤਬਦੀਲ ਕਰਨ ਦਾ ਮਤਾ ਪਾਸ ਕਰ ਦਿੱਤਾ। ਇਸੇ ਕਰਕੇ ਅਮਰੀਕੀ ਰਾਸ਼ਟਰਪਤੀ ਲਈ ਸਾਰੇ ਉਮੀਦਵਾਰ ਹਰੇਕ ਚੋਣ ਪ੍ਰਚਾਰ ਸਮੇਂ ਅਮਰੀਕੀ ਸਫ਼ਾਰਤਖਾਨੇ ਨੂੰ ਯੋਰੋਸ਼ਲਮ ਵਿੱਚ ਤਬਦੀਲ ਕਰਨ ਦੇ ਵਾਅਦੇ ਕਰਦੇ ਹਨ ਪਰ ਅਮਰੀਕੀ ਸਰਕਾਰਾਂ ਲਈ ਸਫ਼ਾਰਤਖਾਨਾ ਯੋਰੋਸ਼ਲਮ ਤਬਦੀਲ ਕਰਨਾ ਹਾਲੇ ਤਕ ਮੁਮਕਿਨ ਨਹੀਂ ਹੋ ਸਕਿਆ।

ਅਮਰੀਕਾ ਨੇ ਹਾਲੇ ਤਕ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਦੇ ਤੌਰ 'ਤੇ ਭਾਵੇਂ ਬਾਕਾਇਦਾ ਮਾਨਤਾ ਨਹੀਂ ਦਿੱਤੀ ਸੀ ਪਰ ਇਸ ਦੇ ਬਾਵਜੂਦ ਉਹ ਅਮਲ਼ੀ ਤੌਰ 'ਤੇ ਰਾਜਧਾਨੀ ਵਾਂਗੂੰ ਸਰਕਾਰੀ ਕੰਮ ਲਈ ਵਰਤਦਾ ਆ ਰਿਹਾ ਸੀ। ਪਰ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੁਣ ਇਕਤਰਫ਼ਾ ਤੌਰ 'ਤੇ ਅਮਰੀਕਾ ਦਾ ਸਫ਼ਾਰਤਖਾਨਾ ਤੇਲ ਅਵੀਵ ਤੋਂ ਬਦਲ ਕੇ ਯੋਰੋਸ਼ਲਮ ਕਰਨ ਦਾ ਐਲਾਨ ਕਰਕੇ ਫਲਸਤੀਨ, ਮੱਧ ਪੂਰਬ, ਯੂਰਪੀ ਯੂਨੀਅਨ ਅਤੇ ਦੁਨੀਆਂ ਭਰ ਦੀ ਪ੍ਰਵਾਹ ਨਹੀਂ ਕੀਤੀ। 'ਤੇ ਕਬਜ਼ਾ ਕਰਨ ਦੇ ਵਿਵਾਦ ਨੂੰ ਇਜ਼ਰਾਈਲ ਅਤੇ ਫਲਸਤੀਨ ਗੱਲਬਾਤ ਰਾਹੀਂ ਹੱਲ ਕਰ ਸਕਦੇ ਹਨ। ਮਿਸਰ ਦੇ ਸਫੀਰ ਨੇ ਇਸ ਨੂੰ ਖ਼ਤਰਨਾਕ ਰੁਝਾਨ ਦੱਸਿਆ। ਪਰ ਅਮਰੀਕਾ ਦੀ ਸੰਯੁਕਤ ਰਾਸ਼ਟਰ ਵਿੱਚ ਰਾਜਦੂਤ ਹੈਲੇ ਨਿੱਕੀ ਨੇ ਅਮਰੀਕਾ ਦੇ ਫ਼ੈਸਲੇ ਨੂੰ ਦਰੁਸਤ ਠਹਿਰਾਉਂਦਿਆਂ ਕਿਹਾ ਕਿ ਯੋਰੋਸ਼ਲਮ 1948 ਤੋਂ ਹੀ ਇਜ਼ਰਾਈਲ ਦੀ ਰਾਜਧਾਨੀ ਹੈ। ਉਸ ਦੇ



ਇਸ ਦੀ ਦੁਨੀਆਂ ਭਰ ਵਿੱਚ ਨਿੰਦਿਆ ਹੋ ਰਹੀ ਹੈ। ਸੰਯੁਕਤ ਰਾਸ਼ਟਰ ਦੀ 15 ਮੈਂਬਰੀ ਸੁਰੱਖਿਆ ਕੌਂਸਲ ਦੀ ਇਕ ਹੰਗਾਮੀ ਮੀਟਿੰਗ ਵਿੱਚ 14 ਮੈਂਬਰਾਂ ਨੇ ਅਮਰੀਕਾ ਦੇ ਇਸ ਕਦਮ ਦੀ ਸਖ਼ਤ ਅਲੋਚਨਾ ਕੀਤੀ। ਬਰਤਾਨੀਆ, ਸਵੀਡਨ, ਮਿਸਰ, ਬੋਲੀਵੀਆ ਅਤੇ ਫਰਾਂਸ ਨੇ ਇਸ ਕਦਮ ਨੂੰ, ਸੰਯੁਕਤ ਰਾਸ਼ਟਰ ਦੇ ਇਜ਼ਰਾਈਲ ਅਤੇ ਫਲਸਤੀਨ ਵੱਲੋਂ ਗੱਲਬਾਤ ਰਾਹੀਂ ਹੱਲ ਕੱਢਣ ਦੇ ਪਾਸ ਮਤਿਆ ਦੇ ਉਲਟ ਗਰਦਾਨਿਆ। ਬੋਲੀਵੀਆ ਦੇ ਸੰਯੁਕਤ ਰਾਸ਼ਟਰ ਵਿੱਚ ਰਾਜਦੂਤ ਨੇ ਕਿਹਾ ਕਿ ਸੁਰੱਖਿਆ ਕੌਂਸਲ ਨੂੰ ਅਮਰੀਕਾ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ। ਸੁਰੱਖਿਆ ਕੌਂਸਲ ਨੇ ਆਪਣੇ ਪ੍ਰੈਸ ਬਿਆਨ ਵਿੱਚ ਕਿਹਾ ਕਿ 1967 ਦੀ ਜੰਗ ਸਮੇਂ ਇਜ਼ਰਾਈਲ ਵੱਲੋਂ ਪੂਰਬੀ ਯੋਰੋਸ਼ਲਮ ਪੱਖ ਵਿੱਚ ਕੇਵਲ ਇਜ਼ਰਾਈਲ ਦਾ ਰਾਜਦੂਤ ਡੈਨੀ ਡੈਨਨ ਸੀ। ਬਰਤਾਨੀਆ, ਸਵੀਡਨ, ਫਰਾਂਸ ਅਤੇ ਜਰਮਨੀ ਨੇ ਸੁਰੱਖਿਆ ਕੌਂਸਲ ਦੀ ਮੀਟਿੰਗ ਤੋਂ ਬਾਹਰ ਇਕ ਸਾਂਝੇ ਬਿਆਨ ਵਿੱਚ, ਅਮਰੀਕਾ ਦੀ ਬਦਲ਼ੀ ਪੁਜੀਸ਼ਨ ਨੂੰ ਸੰਯੁਕਤ ਰਾਸ਼ਟਰ ਦੇ ਮਤਿਆਂ ਨਾਲ ਬੇਮੇਲ ਅਤੇ ਮੱਧ-ਪੂਰਬ ਖਿੱਤੇ ਦੀ ਸ਼ਾਂਤੀ ਨੂੰ ਭੰਗ ਕਰਨ ਵਾਲੀ ਕਿਹਾ। ਮੁਸਲਮ ਜਗਤ ਵਿੱਚ ਅਮਰੀਕਾ ਦੇ ਇਸ ਐਲਾਨ ਦਾ ਤਿੱਖਾ ਵਿਰੋਧ ਹੋਇਆ ਹੈ। ਫਲਸਤੀਨੀਆਂ ਤੇ ਅਰਬ ਦੇਸ਼ਾਂ ਵਿੱਚ ਅਮਰੀਕੀ ਫੈਸਲੇ ਖ਼ਿਲਾਫ਼ ਲਗਾਤਾਰ ਪ੍ਰਦਰਸ਼ਨ ਹੋ ਰਹੇ ਹਨ। ਤੁਰਕੀ ਦੇ ਰਾਸ਼ਟਰਪਤੀ ਰਿਸਪ ਤਾਇਪ ਅਰਦੋਗਿਨ ਨੇ ਮੁਸਲਿਮ ਮਿਲਵਰਤਨ ਜਥੇਬੰਦੀ (ਓਆਈਸੀ), ਜੋ ਇਸ ਦੇ ਮੌਜੂਦਾ ਪ੍ਰਧਾਨ ਵੀ ਹਨ, ਦੀ ਮੀਟਿੰਗ ਬੁਲਾ ਕੇ ਟਰੰਪ ਦੇ ਫ਼ੈਸਲੇ ਵਿਰੁੱਧ ਸਾਰੇ ਇਸਲਾਮੀ ਦੇਸ਼ਾਂ ਦ ਸਾਂਝਾ ਪ੍ਰਤੀਕਰਮ ਦੇਣ ਦਾ ਸੱਦਾ ਦਿੱਤਾ।

ਓਆਈਸੀ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਅਮਰੀਕਾ ਨੇ ਯੋਰੋਸ਼ਲਮ ਬਾਰੇ ਫ਼ੈਸਲਾ ਕਰਕੇ ਆਪਣੇ ਆਪ ਨੂੰ ਇਜ਼ਰਾਈਲ ਅਤੇ ਫਲਸਤੀਨ ਦੀ ਸ਼ਾਂਤੀ ਪ੍ਰਕਿਰਿਆ ਵਿੱਚੋਂ ਬਾਹਰ ਕਰ ਲਿਆ ਹੈ। ਮਤੇ ਰਾਹੀਂ ਸਾਰੇ ਦੇਸ਼ਾਂ ਨੂੰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਫਲਸਤੀਨ ਨੂੰ ਇਕ ਦੇਸ਼ ਵਜੋਂ ਅਤੇ ਇਸ ਦੀ ਰਾਜਧਾਨੀ ਪੂਰਬੀ ਯੋਰੋਸ਼ਲਮ ਵਜੋਂ ਮਾਨਤਾ ਦੇਣੀ ਚਾਹੀਦੀ ਹੈ। ਟਰੰਪ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਇਸ ਨੂੰ ਸ਼ਾਂਤੀ ਪ੍ਰਕਿਰਿਆ ਨੂੰ ਭੰਗ ਕਰਨ ਅਤੇ ਅਤਿਵਾਦ ਤੇ ਦਹਿਸ਼ਤਵਾਦ ਪੈਦਾ ਕਰਨ ਵਾਲਾ ਕਰਾਰ ਦਿੱਤਾ। ਅਰਦੋਗਨ ਨੇ ਇਹ ਵੀ ਕਿਹਾ ਕਿ ਇਸਲਾਮੀ ਦੇਸ਼ ਫਲਸਤੀਨ ਦੀ ਰਾਜਧਾਨੀ ਪੂਰਬੀ ਯੋਰੋਸ਼ਲਮ ਬਣਾਏ ਜਾਣ ਦੀ ਮੰਗ ਕਦੇ ਨਹੀਂ ਛੱਡਣਗੇ। ਪਰ ਭਾਰਤ ਨੇ ਅਮਰੀਕਾ ਦੇ ਯੋਰੋਸ਼ਲਮ ਬਾਰੇ ਟਰੰਪ ਦੇ ਐਲਾਨ ਉਪਰ ਆਪਣਾ ਕੋਈ ਜ਼ੋਰਦਾਰ ਪ੍ਰਤੀਕਰਮ ਨਹੀਂ ਦਿੱਤਾ। ਭਾਰਤ ਸਰਕਾਰ ਨੇ ਸਿਰਫ ਐਨਾ ਹੀ ਕਿਹਾ ਕਿ ਭਾਰਤ ਦੀ ਪੁਜੀਸ਼ਨ ਪਹਿਲਾਂ ਵਾਲੀ ਹੈ ਅਤੇ ਇਹ ਆਪਣੇ ਹਿੱਤਾਂ ਦੀ ਗੱਲ ਕਰਦਾ ਹੈ, ਕਿਸੇ ਦੇਸ਼ ਦੇ ਮਗਰ ਲੱਗ ਕੇ ਫ਼ੈਸਲੇ ਨਹੀਂ ਲੈਂਦਾ। ਇਸ ਰਵੱਈਏ ਨੂੰ ਦੇਖ ਕੇ ਇਸਲਾਮੀ ਦੇਸ਼ਾਂ ਦੇ ਭਾਰਤ ਵਿਚਲੇ ਰਾਜਦੂਤਾਂ ਨੇ ਵਿਦੇਸ਼ ਮੰਤਰਾਲੇ ਨਾਲ ਇਸ ਬਾਰੇ ਮੀਟਿੰਗ ਕਰਕੇ ਭਾਰਤ ਵੱਲੋਂ ਸਖ਼ਤ ਪ੍ਰਤੀਕਰਮ ਪ੍ਰਗਟਾਉਣ 'ਤੇ ਜ਼ੋਰ ਪਾਇਆ। ਭਾਰਤ ਦੇ ਵਿਦੇਸ਼ ਰਾਜ ਮੰਤਰੀ ਇਸ 'ਤੇ ਟੱਸ ਤੋਂ ਮੱਸ ਨਹੀਂ ਹੋਏ। ਅਸਲੀਅਤ ਇਹ ਹੈ ਕਿ ਭਾਰਤ ਨੇ ਆਪਣੀਆਂ ਨੀਤੀਆਂ ਹੁਣ ਅਮਰੀਕਾ ਨਾਲ ਨੱਥੀ ਕਰ ਲਈਆਂ ਹਨ। ਅਮਰੀਕਾ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ਼ ਦੀ ਰਾਜਧਾਨੀ ਐਲਾਨਣ ਪਿੱਛੇ ਕਈ ਕਾਰਨ ਹਨ। ਟਰੰਪ ਅਮਰੀਕਾ ਅੰਦਰ ਗੋਰੇ ਅਤੇ ਗ਼ੈਰ-ਗੋਰੇ ਭਾਈਚਾਰਿਆਂ ਦਾ ਧਰੁਵੀਕਰਨ ਕਰਕੇ ਅਮਰੀਕੀ ਲੋਕਾਂ ਦਾ ਧਿਆਨ, ਅਮਰੀਕਾ ਦੇ ਆਰਥਿਕ ਸੰਕਟ ਦੇ ਸਤਾਏ ਲੋਕਾਂ ਦੀ ਇਕਮੁੱਠਤਾ ਵਿੱਚ ਪਾੜਾ ਪਾਉਣਾ ਚਾਹੁੰਦਾ ਹੈ। ਉਹ ਯਹੂਦੀ ਲਾਬੀ ਨੂੰ ਆਪਣੇ ਪੱਖ ਵਿੱਚ ਵਰਤਣਾ ਚਾਹੁੰਦਾ ਹੈ। ਉਸ ਦੀ ਇਸ ਚਾਲ ਵਿੱਚ ਵੱਡੇ ਖ਼ਤਰੇ ਸਮੋਏ ਹਨ। ਟਰੰਪ ਦੇ ਇਸ ਫੈਸਲੇ ਦੇ ਪ੍ਰਤੀਕਰਮ ਵਜੋਂ ਮੁਸਲਿਮ ਭਾਈਚਾਰੇ ਵਿੱਚ ਆਈਐਸ ਵਰਗੇ ਹੋਰ ਦਹਿਸ਼ਤਗਰਦ ਸੰਗਠਨ ਪੈਦਾ ਹੋਣਗੇ। ਮੱਧ-ਪੂਰਬ ਵਿੱਚ ਦਹਿਸ਼ਤਗਰਦੀ ਦੀਆਂ ਘਟਨਾਵਾਂ ਹੋਰ ਵਧ ਸਕਦੀਆਂ ਹਨ ਜਿਸ ਕਾਰਨ ਸ਼ਰਨਾਰਥੀ ਸਮੱਸਿਆ ਹੋਰ ਗੰਭੀਰ ਬਣੇਗੀ।

---

## ਅਮਰੀਕਾ ਦਾ ਯੋਰੋਸ਼ਲਮ ਬਾਰੇ ਫ਼ੈਸਲਾ ਮੁਸਲਮਾਨਾਂ ਖ਼ਿਲਾਫ਼ ਜੰਗ: ਸਈਦ

**ਲਾਹੌਰ/ਬਿਊਰੋ ਨਿਊਜ਼,** ਦਸ ਮਹੀਨੇ ਘਰ ਵਿੱਚ ਨਜ਼ਰਬੰਦੀ ਹੰਢਾਉਣ ਮਗਰੋਂ ਰਿਹਾਅ ਹੋਇਆ ਜਮਾਤ ਉਦ ਦਾਵਾ ਮੁਖੀ ਤੇ ਮੁੰਬਈ ਹਮਲਿਆਂ ਦਾ ਮੁੱਖ ਸਾਜ਼ਿਸ਼ਘਾੜਾ ਹਾਫ਼ਿਜ਼ ਸਈਦ ਆਪਣੇ ਜੇਹਾਦੀ ਏਜੰਡੇ ਨੂੰ ਸਰਗਰਮੀ ਨਾਲ ਲਾਗੂ ਕਰਨ ਦੇ ਰਾਹ ਪੈ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੋਰੋਸ਼ਲਮ ਨੂੰ ਇਸਰਾਇਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਐਲਾਨ ਦੀ ਨਿਖੇਧੀ ਕਰਦਿਆਂ ਸਈਦ ਨੇ ਅਮਰੀਕਾ ਨੂੰ ਇਹ ਫ਼ੈਸਲਾ ਵਾਪਸ ਲੈਣ ਲਈ ਕਿਹਾ ਹੈ। ਲਸ਼ਕਰੇ ਤੋਇਬਾ ਦੇ ਬਾਨੀ ਸਈਦ, ਜਿਸ ਦੇ ਸਿਰ 'ਤੇ ਇਕ ਕਰੋੜ ਅਮਰੀਕੀ ਡਾਲਰ ਦਾ ਇਨਾਮ ਹੈ, ਨੇ ਕਿਹਾ ਕਿ ਅਮਰੀਕਾ ਦਾ ਉਪਰੋਕਤ ਫ਼ੈਸਲਾ ਮੁਸਲਮਾਨਾਂ ਖ਼ਿਲਾਫ਼ ਧਰਮ ਯੁੱਧ ਛੇੜਨ ਦਾ ਐਲਾਨ ਹੈ। ਇਥੇ ਇਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਈਦ ਨੇ ਕਿਹਾ,'ਇਹ ਮੁਸਲਿਮ ਭਾਈਚਾਰੇ ਖ਼ਿਲਾਫ਼ ਖੁੱਲ੍ਹੀ ਜੰਗ ਦਾ ਐਲਾਨ ਹੈ।' ਲਸ਼ਕਰੀ ਜਥੇਬੰਦੀ ਦੇ ਬਾਨੀ ਸਈਦ ਨੇ ਦਾਅਵਾ ਕੀਤਾ ਕਿ ਯਹੂਦੀ ਲੌਬੀ ਦਾ ਅਗਲਾ ਨਿਸ਼ਾਨਾ ਸਾਊਦੀ ਅਰਬ ਵਿਚਲੀ ਮੁਸਲਿਮ ਭਾਈਚਾਰੇ ਦੀਆਂ ਪਵਿੱਤਰ ਥਾਵਾਂ ਮੱਕਾ ਤੇ ਮਦੀਨਾ ਹੋਣਗੇ। ਧਰਮ ਯੁੱਧ ਵਿੱਢਣ ਵਾਲੇ ਮੁਲਕਾਂ ਖ਼ਿਲਾਫ਼ ਮੁਸਲਿਮ ਮੁਹਿੰਮ ਦੀ ਅਗਵਾਈ ਕਰਨ ਵਾਲੇ ਬਾਰ੍ਹਵੀਂ ਸਦੀ ਦੇ ਫ਼ੌਜੀ ਕਮਾਂਡਰ ਦਾ ਹਵਾਲਾ ਦਿੰਦਿਆਂ ਸਈਦ ਨੇ ਕਿਹਾ, 'ਸਾਨੂੰ ਇਸ ਮੁੱਦੇ ਨੂੰ ਉਭਾਰਨ ਲਈ ਸਰਕਾਰ ਵੱਲ ਨਹੀਂ, ਬਲਕਿ ਪਾਕਿਸਤਾਨ ਦੇ ਲੋਕਾਂ ਨੂੰ ਜਗਾਉਣਾ ਹੋਵੇਗਾ। ਮੁਸਲਿਮ ਜਗਤ ਨੂੰ ਅੱਜ ਸਲਾਹੂਦੀਨ ਅਯੂਬੀ ਵਰਗੇ ਆਗੂ ਦੀ ਲੋੜ ਹੈ, ਕਿਉਂਕਿ ਹੋਰ ਕੋਈ ਵੀ ਸ਼ਾਸਕ ਯੋਰੋਸ਼ਲਮ ਨੂੰ ਆਜ਼ਾਦ ਕਰਾਉਣ ਲਈ ਜੇਹਾਦ ਨਹੀਂ ਛੇੜ ਸਕਦਾ।' ਭਾਰਤ ਦੀ ਗੱਲ ਕਰਦਿਆਂ ਸਈਦ ਨੇ ਕਿਹਾ ਕਿ ਕਸ਼ਮੀਰੀ ਆਪਣੀ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣਗੇ ਤੇ ਗੁਆਂਢੀ ਮੁਲਕ ਉਨ੍ਹਾਂ ਨੂੰ ਦਬਾਅ ਨਹੀਂ ਸਕਦਾ।

## ਯੂਐਨ ਦੇ ਯੋਰੋਸ਼ਲਮ ਬਾਰੇ ਮਤੇ ਵਿਰੁਧ ਅਮਰੀਕਾ ਦੀ ਵੀਟੋ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਅ ਚੋਪੇਰਾਸ਼ਟਰਪਤੀ ਡੋਨਲਡ ਟਰੰਪ ਨੂੰ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਵਾਪਸ ਲੈਣ ਦਾ ਸੱਦਾ ਦਿੰਦੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤੇ ਨੂੰ ਅਮਰੀਕਾ ਨੇ ਰੋਕ ਦਿੱਤਾ। ਅਮਰੀਕਾ ਨੇ ਛੇ ਵਰ੍ਹਿਆਂ ਵਿੱਚ ਪਹਿਲੀ ਵਾਰ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕੀਤੀ ਹੈ। ਦੱਸਣਯੋਗ ਹੈ ਕਿ ਰਾਸ਼ਟਰਪਤੀ ਟਰੰਪ ਨੇ 6 ਦਸੰਬਰ ਨੂੰ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਅਮਰੀਕੀ ਸਫ਼ਾਰਤਖਾਨੇ ਨੂੰ ਤਲ ਅਵੀਵ ਤੋਂ ਯੋਰੋਸ਼ਲਮ ਲਿਜਾਣ ਬਾਰੇ ਐਲਾਨ ਕੀਤਾ ਸੀ। ਅਮਰੀਕੀ ਰਾਸ਼ਟਰਪਤੀ ਦੇ ਇਸ ਕਦਮ ਦੀ ਸਖ਼ਤ ਆਲੋਚਨਾ ਕਰਦਿਆਂ ਵਿਸ਼ਵ ਭਰ 'ਚ ਰੋਸ ਪ੍ਰਦਰਸ਼ਨ ਹੋਏ ਸਨ। ਸੰਯੁਕਤ ਰਾਸ਼ਟਰ ਦੀ ਸਭ ਤੋਂ ਸ਼ਕਤੀਸ਼ਾਲੀ 15 ਮੈਂਬਰੀ ਸਲਾਮਤੀ ਕੌਂਸਲ ਵਿਚਲੇ ਅਮਰੀਕਾ ਦੇ ਸਭ ਤੋਂ ਕਰੀਬੀ ਸਾਥੀਆਂ ਨੇ ਇਸ ਮਤੇ ਦੇ ਹੱਕ ਵਿੱਚ ਫ਼ਤਵਾ ਦਿੱਤਾ ਸੀ। ਮਿਸਰ ਵੱਲੋਂ ਤਿਆਰ ਕੀਤੇ ਇਕ ਸਫੇ ਦੇ ਇਸ ਮਤੇ ਵਿੱਚ ਯੋਰੋਸ਼ਲਮ 'ਤੇ ਇਜ਼ਰਾਈਲ ਦੇ ਪ੍ਰਭੁਤਾ ਵਾਲੇ ਦਾਅਵੇ ਨੂੰ ਰੱਦ ਕਰਦਿਆਂ ਪਿਛਲੇ 50 ਸਾਲਾਂ ਦੇ ਕਈ ਮਤਿਆਂ ਵਿੱਚ ਸੁਰੱਖਿਆ ਕੌਂਸਲ ਦੇ ਚਿਰਾਂ ਤੋਂ ਚੱਲੇ ਆ ਰਹੇ ਸਟੈਂਡ ਨੂੰ ਦੁਹਰਾਇਆ ਗਿਆ ਸੀ। ਵੀਟੋ ਦੀ ਵਰਤੋਂ ਦਾ ਬਚਾਅ ਕਰਦਿਆਂ ਯੂਐਨ ਵਿੱਚ ਅਮਰੀਕੀ ਸਫ਼ੀਰ ਨਿੱਕੀ ਹੇਲੀ ਨੇ ਕਿਹਾ, ਅਸਲ ਵਿੱਚ ਇਹ ਵੀਟੋ ਅਮੈਰਿਕਨ ਪ੍ਰਭੁਸੱਤਾ ਦੀ ਰੱਖਿਆ ਲਈ ਵਰਤੀ ਗਈ ਹੈ ਅਤੇ ਮੱਧ ਪੂਰਬ ਸ਼ਾਂਤੀ ਪ੍ਰਕਿਰਿਆ ਵਿੱਚ ਅਮਰੀਕਾ ਦੀ ਭੂਮਿਕਾ ਦੀ ਰਾਖੀ ਸਾਡੇ ਲਈ ਉਲਝਣ ਨਹੀਂ ਹੈ। ਸੁਰੱਖਿਆ ਕੌਂਸਲ ਦੇ ਬਾਕੀ ਮੈਂਬਰਾਂ ਨੂੰ ਇਸ ਲਈ ਨਮੋਸ਼ੀ ਹੋਣੀ ਚਾਹੀਦੀ ਹੈ।'

## ਗੁਰਦੁਆਰਾ ਸਾਹਿਬ ਟਰੇਸੀ ਵਿਖੇ ਧਾਰਮਿਕ ਕਵੀ ਦਰਬਾਰ ਕਰਵਾਇਆ

**ਟਰੇਸੀ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਵਿਰਸਾ ਅਤੇ ਗੁਰੂ ਇਤਿਹਾਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਟਰੇਸੀ (11770 Clover Road Tracy CA. 95304) ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਗੁਰਦੁਆਰਾ ਸਕੱਤਰ ਭਾਈ ਤਰਨਜੀਤ ਸਿੰਘ ਸੰਧੂ ਨੇ ਪੰਜਾਬੀ ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਜਾਣ ਪਛਾਣ ਕਰਵਾਉਂਦੇ ਹੋਏ ਧਾਰਮਿਕ ਕਵੀ ਦਰਬਾਰ ਦੀ ਕਾਰਵਾਈ ਨਿਭਾਉਣ ਦਾ ਸੱਦਾ ਦਿੱਤਾ ਗਿਆ।

ਪ੍ਰਵਾਨਾ ਨੇ ਮੰਚ ਸੰਭਾਲਦਿਆਂ ਕਿਹਾ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਰ ਤੋਂ ਸੇਧ ਲੈ ਕੇ ਦੂਰ ਦਰਾਜ਼ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ ਜਿਸ ਦਾ ਮਨੋਰਥ ਹੈ ਕਿ ਕਾਵਿ ਪ੍ਰਵਾਹ ਰਾਹੀਂ ਗੌਰਵਮਈ ਸਿੱਖ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ ਜਾ ਸਕੇ। ਉਨ੍ਹਾਂ ਦਸਿਆ ਕਿ ਗੁਰਮਤਿ ਆਸ਼ੇ ਅਨੁਸਾਰ ਇਹ ਧਾਰਮਿਕ ਕਵੀ ਦਰਬਾਰ ਸਜਾਏ ਜ਼ਾਦੇ ਹਨ।

ਧਾਰਮਿਕ ਕਵੀ ਦੌਰਾਨ ਦੇ ਦੌਰਾਨ ਰਚਨਾਵਾਂ ਦੇ ਦੌਰ ਵਿਚ ਮਾਸਟਰ ਸੁਰਜੀਤ ਸਿੰਘ ਟਰੇਸੀ, ਜਸਦੀਪ ਸਿੰਘ ਫਰੀਮੌਂਟ ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁੰਮਨ ਮਹਿੰਦਰ ਸਿੰਘ ਰਾਜਪੂਤ ਸੰਗਤਾਂ ਦੇ ਰੂ ਬ ਰੂ ਹੋਏ। ਸੰਗਤਾਂ ਤੇ ਪ੍ਰਬੰਧਕਾਂ ਦੇ ਭਰਵੇਂ ਹੁੰਗਾਰੇ ਨਾਲ ਸਫ਼ਲ ਪ੍ਰੋਗਰਾਮ ਸੰਪੰਨ ਹੋਇਆ।

ਵਰਨਣਯੋਗ ਹੈ ਕਿ ਸਾਲ 2006 ਵਿਚ ਸਥਾਪਤ ਹੋਏ ਗੁਰਦੁਆਰਾ ਸਾਹਿਬ ਟਰੇਸੀ ਦਾ ਪ੍ਰਬੰਧ ਸੰਗਤਾਂ ਵੱਲੋਂ ਸ਼ਾਤੀਪੂਰਵਕ ਚਲਾਇਆ ਜਾ ਰਿਹਾ ਹੈ।

ਸਾਕਾ ਚਮਕੌਰ

# ਜਿਸ ਜਗ੍ਹਾ ਪਰ ਹੈ ਬੱਚੋਂ ਕੋ ਕਟਾਨਾ, ਯਹ ਵ੍ਹੀ ਹੈ...

**ਇਕਵਾਕ ਸਿੰਘ ਪੱਟੀ**



ਦਸੰਬਰ 1704 ਦਾ ਉਹ ਸ਼ਹੀਦੀ ਹਫ਼ਤਾ ਜਦੋਂ ਮੇਰੇ ਚੋਜੀ ਪ੍ਰੀਤਮ, ਸਾਹਿਬ-ਏ-ਕਮਾਲ, ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਤੇ ਕਹਿਰ ਬਣ ਕੇ ਆਇਆ, ਜਦ ਜ਼ੁਲਮ ਦੀ ਵੀ ਅੱਤ ਹੋ ਗਈ। ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ 6 ਮਹੀਨੇ ਦੇ ਲੰਬੇ ਸਮੇਂ ਦੇ ਘੇਰੇ ਤੋਂ ਬਾਅਦ, ਕਿਸ ਤਰ੍ਹਾਂ ਜਦ ਝੂਠੀਆਂ ਕਸਮਾਂ ਖਾ ਕੇ ਦਸਮੇਸ਼ ਪਿਤਾ ਜੀ ਨੂੰ ਕਿਲ੍ਹਾ ਖਾਲੀ ਕਰਨ ਲਈ ਕਿਹਾ ਗਿਆ ਅਤੇ ਬਾਅਦ ਵਿੱਚ ਜਿਸ ਤਰ੍ਹਾਂ ਉਹਨਾਂ ਕਸਮਾਂ ਨੂੰ ਛਿੱਕੇ ਤੇ ਟੰਗ ਕੇ ਦਸਮੇਸ਼ ਪਿਤਾ ਦੇ ਭੁੱਖੇ-ਭਾਣੇ ਸਿੱਖਾਂ, ਅਤੇ ਗੁਰੂ ਸਾਹਿਬ ਦੇ ਪੂਰੇ ਪਰਿਵਾਰ ਤੇ ਹਮਲਾ ਕਰ ਦਿੱਤਾ ਗਿਆ।

ਪਿੱਛੇ ਜਾਲਮ ਫੌਜਾਂ ਦਾ ਟਿੱਡੀ ਦਲ, ਦੂਜੇ ਪਾਸੇ ਗਿਣਤੀ ਵਿੱਚ ਸਿੱਖਾਂ ਦੀ ਗਿਣਤੀ ਅਤੇ ਉਹਨਾਂ ਦਾ ਪੂਰਾ ਪਰਿਵਾਰ, ਅੱਗੇ ਸਰਸਾ ਨਦੀ ਵੀ ਚੜ੍ਹੀ ਹੋਈ ਅਤੇ ਉਤੋਂ ਪੋਹ ਦਾ ਸਰਦ ਮਹੀਨਾ ਅਤਿ ਦੀ ਠੰਡੀ ਰਾਤ ਦਾ ਸਮਾਂ ਤੇ ਅੱਗੇ ਸਰਸਾ ਦਾ ਠੰਡਾ ਪਾਣੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੰਘਾਂ ਨੇ ਆਪਣੇ ਘੋੜੇ ਸਰਸਾ ਨਦੀ ਵਿੱਚ ਠੇਲ੍ਹ ਦਿੱਤੇ। ਇਸ ਸਰਸਾ ਨਦੀ ਦੇ ਕੰਢੇ ਤੇ ਸਗਿਰੂ ਜੀ ਦਾ ਪਰਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ, ਜੋ ਮੁੜ ਕਦੇ ਮਿਲ ਨਾ ਸਕਿਆ। ਇੱਕ ਕਵੀ ਲਿਖਦਾ ਹੈ:

ਖੁਸ਼ੀ ਨਾਲ ਕੁਰਬਾਨੀਆਂ ਦੇਣ ਚੱਲੇ, ਜੋੜੀ ਏਸ ਪਾਸੇ, ਜੋੜੀ ਓਸ ਪਾਸੇ।

ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਇੱਕ ਪਾਸੇ, ਗੁਰੂ ਕੇ ਮਹਿਲ ਇੱਕ ਪਾਸੇ ਅਤੇ ਸਤਿਗੁਰੂ ਜੀ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਗਿਣਤੀ ਦੇ ਕੁੱਲ 40 ਸਿੰਘਾਂ ਦੇ ਨਾਲ ਤੀਜੇ ਹਿੱਸੇ ਵਿੱਚ ਵੰਡੇ ਇੱਕ ਪਾਸੇ ਨੂੰ ਚੱਲ ਪਏ। ਪੂਰਾ ਪਰਿਵਾਰ ਵਿਛੜ ਗਿਆ, ਉਸ ਸਥਾਨ ਤੇ ਅੱਜ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਸਥਿਤ ਹੈ।

ਰਸਤੇ ਵਿੱਚ ਚਲਦਿਆਂ ਗੁਰੂ ਕੇ ਸਿੰਘਾ ਨੇ ਪਾਤਸ਼ਾਹ ਨੂੰ ਸਵਾਲ ਕਰ ਦਿੱਤਾ, ਪਾਤਸ਼ਾਹ ਜੀਉ! ਛੋਟੇ ਸਾਹਿਬਜ਼ਾਦੇ ਕਿੱਧਰ ਨੂੰ ਚਲੇ ਗਏ ਹਨ? ਤਾਂ ਪਾਤਸ਼ਾਹ ਮੁਸਕਰਾਉਂਦੇ ਹੋਏ ਕਹਿਣ ਲੱਗੇ, ਉਹ ਆਪਣਾ ਫਰਜ਼ ਨਿਭਾਉਣ ਲਈ ਆਪਣੀ ਮੰਜਿਲ ਨੂੰ ਚਲੇ ਗਏ ਹਨ ਤਾਂ ਸਿੱਖਾਂ ਨੇ ਦੂਜਾ ਸਵਾਲ ਕਰ ਦਿੱਤਾ ਕਿ ਸਤਿਗੁਰੂ ਜੀ ਹੁਣ ਆਪਾ ਕਿੱਧਰ ਨੂੰ ਜਾਣਾ ਹੈ ਤਾਂ ਪਾਤਸ਼ਾਹ ਫਿਰ ਬੋਲੇ ਜੋ ਕਿਸੇ ਕਵੀ ਨੇ ਬੜਾ ਸੁਹਣਾ ਲਿਖਿਆ ਹੈ:

ਹਮਨੇ ਭੀ ਪਹੁੰਚਣਾ ਹੈ, ਉਸ ਮੁਕਾਮ ਪਰ ਜਲਦ ਤਰ।
ਕਟਵਾਣੇ ਹੋਂਗੇ ਜਹਾਂ ਜਾ ਕਰ, ਤੁਮਕੋ ਆਪਣੇ ਸਰ (ਸਿਰ/ਸੀਸ)।
ਹੋਂਗੇ ਸ਼ਹੀਦ ਲੜ ਕਰ, ਯਹ ਦੋਨੋਂ ਪਿਸ਼ਰ।
ਰਹਿ ਜਾਉਂਗਾ ਇਕੇਲਾ, ਮੈਂ ਕੱਲ੍ਹ ਤੱਕ ਲੁਟਾ ਕੇ ਘਰ।
ਪਹਿਲੇ ਬਾਪ ਕਟਵਾਇਆ, ਅਬ ਬੇਟੇ ਕਟਵਾਉਂਗਾ,
ਗੁਰੂ ਨਾਨਕ ਕਾ ਬਾਗ ਹੈ, ਖ਼ੂਨ-ਏ-ਜਿਗਰ ਸੇ ਸਜਾਉਂਗਾ।

ਇਸ ਤਰ੍ਹਾਂ ਸਤਿਗੁਰੂ ਜੀ ਸਰਸਾ ਪਰਵਾਰ ਕਰਕੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਪੁਜੇ, ਤਾਂ ਸਿੱਖਾਂ ਫਿਰ ਪੁੱਛ ਕੀਤੀ, ਪਾਤਸ਼ਾਹ! ਇਹ ਕਿਹੜੀ ਜਗ੍ਹਾ ਹੈ? ਤਾਂ ਦਸਮੇਸ਼ ਪਿਤਾ ਜੀ ਨੇ ਜੁਆਬ ਦਿੰਦਿਆਂ ਕਿਹਾ,

ਜਿਸ ਖਿੱਤੇ ਮੇਂ ਕਹਿਤੇ ਥੇ ਆਣਾ, ਯਹ ਵ੍ਹੀ ਹੈ।
ਜਿਸ ਜਗ੍ਹਾ ਸੇ ਲੂਟ ਕਰ ਹੈ ਜਾਣਾ, ਯਹ ਵ੍ਹੀ ਹੈ।
ਜਿਸ ਜਗ੍ਹਾ ਪਰ ਹੈ, ਬੱਚੋਂ ਕੋ ਕਟਾਨਾ, ਯਹ ਵ੍ਹੀ ਹੈ।
ਮਾਟੀ ਕਹਿ ਦੇਤੀ ਹੈ ਟਿਕਾਣਾ, ਯਹ ਵ੍ਹੀ ਹੈ।

ਇੱਥੇ ਚਮਕੌਰ ਵਿਖੇ ਚੌਧਰੀ ਬੁੱਧੀ ਚੰਦ ਦੀ ਗੜ੍ਹੀ ਨੁਮਾ ਹਵੇਲੀ ਵਿੱਚ ਸੰਸਾਰ ਦੀ ਇੱਕ ਬੇ-ਮਿਸਾਲ ਜੰਗ ਸ਼ੁਰੂ ਹੋਈ। ਦਸਮੇਸ਼ ਪਿਤਾ ਨੇ ਚਮਕੌਰ ਦੀ ਇਸ ਕੱਚੀ ਗੜ੍ਹੀ ਵੱਲ ਤੱਕ ਕੇ ਸਿੰਘਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਜੋ ਪਾਂਧੀ ਨਨਕਾਣਵੀ ਨੇ ਆਪਣੀ ਕਵੀਤਾ 'ਇਹ ਚਮਕੌਰ ਹੈ' ਵਿੱਚ ਇਸ ਤਰ੍ਹਾਂ ਲਿਖਿਆ ਹੈ:

ਬਿਫਰੇ ਸ਼ੇਰਾਂ ਵੱਲ ਤੱਕ ਕੇ ਕਿਹਾ ਗੋਬਿੰਦ, ਇਹ ਚਮਕੌਰ ਹੈ ਰਣ ਭਖਾਉਣ ਦੀ ਥਾਂ।
ਆਹੂ ਲਾਹ ਕੇ ਮੁਗਲ ਚੁਗੱਤਿਆਂ ਦੇ, ਨਾਲ ਖ਼ੂਨ ਦੇ ਮਹਿੰਦੀਆਂ ਲਾਉਣ ਦੀ ਥਾਂ।
ਰੱਤ ਪੀਣੀਆਂ ਬਿਜਲੀਆਂ ਹੱਥ ਤੋਲੋ, ਦੱਸ ਲੱਖ ਗੁਲਾਮ ਲਿਤਾੜ ਸੁਟੋ।
ਸਿੰਘੋ ਸੂਰਿਓ! ਉਠੋ ਤੂਫਾਨ ਬਣਕੇ, ਮੁਗਲ ਰਾਜ ਨੂੰ ਜੜੋਂ ਉਖਾੜ ਸੁਟੋ।
ਤੁਹਾਡੇ ਹੱਥ ਵਿੱਚ ਪੱਤ ਅੱਜ ਖ਼ਾਲਸੇ ਦੀ, ਅੰਗ ਖ਼ਾਲਸੇ ਦਾ ਤੁਸਾਂ ਪਾਲਣਾ ਹੈ।
ਭਾਵੇਂ ਚਾਲੀ ਹੋ, ਐਪਰ ਨਿਡਰ ਹੋ ਕੇ, ਤੁਸਾਂ ਤੇਗ਼ ਦਾ ਜੌਹਰ ਦਿਖਾਲਣਾ ਹੈ।

ਅੱਗੋ ਸਿੰਘਾਂ ਨੇ ਵੀ ਜੁਆਬ ਵਿੱਚ ਕਿਹਾ, ਸਤਿਗੁਰੂ ਜੀਉ!

ਟਿੱਡੀ ਦਲ ਵੱਲ ਤੱਕ ਕੇ ਸਿੰਘ ਗਰਜੇ, ਅਸੀਂ ਖ਼ਾਲਸੇ ਹਾਂ, ਮਰਨਾ ਜਾਣਦੇ ਹਾਂ।
ਸਵਾ ਲੱਖ ਨਾਲ ਇੱਕ-ਇੱਕ ਭਿੜ ਜਾਈਏ, ਲਾੜੀ ਮੌਤ ਨੂੰ ਵਰਨਾ ਜਾਣਦੇ ਹਾਂ।
ਕਲਗੀ ਵਾਲਿਆਂ ਤੇਰੀ ਆਸੀਸ ਲੈ ਕੇ, ਅਸੀਂ ਵਾਂਗ ਹਿਮਾਲਿਆ ਦੇ ਡੱਟ ਜਾਂ ਗੇ।
ਅਸਾਂ ਪੰਥ ਗੁਲਾਮ ਨਹੀਂ ਹੋਣ ਦੇਣਾ, ਭਾਵੇਂ ਕੱਟ ਦੇ, ਕੱਟ ਦੇ ਕੱਟ ਜਾਂ ਗੇ।

ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਮੁਖਾਤਿਬ ਹੁੰਦੇ ਕਹਿਣ ਲੱਗੇ ਪਟਨਾ ਸਾਹਿਬ ਸਿੱਖੀ ਦਾ ਪੰਘੂੜਾ ਸੀ, ਜਿੱਥੇ ਖਾਲਸਾ ਖੇਡਿਆ ਹੈ, ਸ੍ਰੀ ਅਨੰਦਪੁਰ ਸਾਹਿਬ ਸਿੱਖੀ ਦਾ ਸਕੂਲ ਸੀ, ਜਿਥੇ ਖ਼ਾਲਸੇ ਨੇ ਗੁਰਮਤਿ ਦੀ ਵਿੱਦਿਆ ਗ੍ਰਹਿਣ ਕੀਤੀ ਹੈ ਅਤੇ ਅੱਜ ਇਹ ਚਮਕੌਰ ਦੀ ਕੱਚੀ ਗੜ੍ਹੀ ਮੇਰੇ ਖਾਲਸੇ ਦੀ ਯੂਨੀਵਰਸਿਟੀ ਹੈ, ਮੈਂ ਦੇਖਦਾ ਅੱਜ ਮੇਰਾ ਖਾਲਸਾ ਕਿੰਨੇ ਨੰਬਰ ਲੈ ਕੇ ਪਾਸ ਹੁੰਦਾ ਹੈ।

ਇੱਥੇ ਸੰਸਾਰ ਦਾ ਅਨੋਖਾ ਯੁੱਧ ਸ਼ੁਰੂ ਹੋਇਆ। ਇੱਕ ਪਾਸੇ ਕੱਚੀ ਗੜ੍ਹੀ ਅਤੇ ਭੁੱਖੇ ਭਾਣੇ ਗਿਣਤੀ ਦੇ ਸਿੰਘ ਦੂਜੇ ਪਾਸੇ ਲੱਖਾਂ ਦੀ ਫ਼ੌਜ ਦਾ ਲਾਓ ਲਸ਼ਕਰ। ਮੁਗਲਾਂ ਦੇ ਘੇਰਾ ਘੱਤਦਿਆਂ ਹੋਇਆ ਅਪੀਲ ਕੀਤੀ ਕਿ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦਿੱਤਾ ਜਾਵੇ ਪਰ ਚਮਕੌਰ ਦੀ ਗੜ੍ਹੀ ਵਿੱਚੋਂ ਇੱਕੋ ਨਾਅਰਾ ਬੁਲੰਦ ਹੋਇਆ:

ਗਗਨ ਦਮਾਮਾ ਬਾਜਿਓ ਪਰਿਉ ਨਿਸ਼ਾਨੇ ਘਾਉ॥
ਖੇਤ ਜੋ ਮਾਂਡਿਓ ਸੁਰਮਾ, ਅਬ ਜੂਝਣ ਕੋ ਦਾਓ॥

ਕਾਰਣ ਕੀ ਸੀ? ਕਾਰਨ ਇਹ ਸੀ ਕਿ ਸਤਿਗੁਰੂ ਜੀ ਯੋਗ ਅਗਵਾਈ ਕਰ ਰਹੇ ਸਨ। ਪਾਤਸ਼ਾਹ ਨੇ ਸਿੰਘਾਂ ਦੀ ਡਿਊਟੀਆਂ ਲਗਾ ਦਿੱਤੀਆਂ। 5-5 ਸਿੰਘਾਂ ਦਾ ਜੱਥਾ ਗੜ੍ਹੀ ਵਿੱਚੋਂ ਬਾਹਰ ਨਿਕਲਦਾ, ਭੁੱਖੇ ਸ਼ੇਰਾਂ ਦੀ ਤਰ੍ਹਾਂ ਮੁਗਲਾਂ ਉੱਪਰ ਝਪਟ ਕਰਦਾ ਅਤੇ ਦੁਸ਼ਮਣਾ ਦਾ ਸਫਾਇਆ ਕਰਦਾ ਹੋਇਆ ਸ਼ਹਾਦਤਾਂ ਦਾ ਜਾਮ ਆਪਣੇ ਬੁਲ੍ਹਾਂ ਨਾਲ ਲਗਾ ਕੇ ਸਦਾ ਲਈ ਅਮਰ ਹੋ ਜਾਂਦਾ। ਹੌਲੀ-ਹੌਲੀ ਗੜ੍ਹੀ ਵਿੱਚੋਂ ਸਿੰਘਾਂ ਦੀ ਗਿਣਤੀ ਘੱਟਦੀ ਗਈ। ਕੁੱਝ ਸਿੰਘਾਂ ਨੇ ਆ ਕੇ ਪਾਤਸ਼ਾਹ ਨੂੰ ਬੇਨਤੀ ਕੀਤੀ, ਸਤਿਗੁਰੂ ਜੀਓ, ਆਪ ਜੀ ਅਤੇ ਦੋਵੇਂ ਸਾਹਿਬਜ਼ਾਦੇ ਕਿਸੇ ਤਰ੍ਹਾਂ ਬੱਚ ਕੇ ਇੱਥੋਂ ਨਿਕਲ ਜਾਵੋ ਤਾਂ ਕਿ ਆਪ ਸੱਭ ਦੀ ਜਾਨ ਬਚ ਸਕੇ, ਪਰ ਦਸਮੇਸ਼ ਪਿਤਾ ਸਿੰਘਾਂ ਨੂੰ ਕਹਿਣ ਲੱਗੇ ਉਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਓ? ਤੁਸੀਂ ਸੱਭ ਮੇਰੇ ਸਾਹਿਬਜ਼ਾਦੇ ਹੋ ਉ ਇਹ ਸੁਣ ਕੇ ਸੱਭ ਸਿੰਘ ਚੁੱਪ ਕਰ ਗਏ।

ਸਿੰਘਾਂ ਦੀ ਗਿਣਤੀ ਘੱਟਦੀ ਦੇਖ ਕੇ ਅਤੇ ਚੜ੍ਹਦੀ ਕਲਾ ਵਿੱਚ ਸਿੰਘਾਂ ਵੱਲੋਂ ਸ਼ਹਾਦਤਾਂ ਪੀਣ ਦੇ ਦ੍ਰਿਸ਼ਾਂ ਨੂੰ ਦੇਖਕੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਆ ਕੇ ਪਾਤਸ਼ਾਹ ਕੋਲ ਬੇਨਤੀ ਕੀਤੀ, ਕਿ ਪਿਤਾ ਜੀ, ਮੈਨੂੰ ਵੀ ਆਗਿਆ ਦੇਵੋ, ਮੈਂ ਵੀ ਦੁਸ਼ਮਣ ਨਾਲ ਦੋ ਹੱਥ ਕਰਨੇ ਚਾਹੁੰਦਾ ਹਾਂ। ਉਸ ਸਮੇਂ ਆਪ ਜੀ ਦੀ ਉਮਰ 18 ਵਰ੍ਹਿਆਂ ਦੇ ਕਰੀਬ ਸੀ। ਤਾਂ ਸਤਿਗੁਰੂ ਜੀ ਨੇ ਆਪਣੇ ਹੱਥੀ ਆਪਣੇ ਪੁੱਤਰ ਨੂੰ ਲਾੜੀ ਮੌਤ ਵਿਆਹੁਣ ਲਈ ਮੈਦਾਨ-ਏ-ਜੰਗ ਵੱਲ ਤੋਰਿਆ। ਬਾਬਾ ਅਜੀਤ ਸਿੰਘ ਨੇ ਵੀ ਸਪੱਸ਼ਟ ਕਰ ਦਿੱਤਾ ਜੋ ਇੱਕ ਕਵੀ ਦੀ ਜੁਬਾਨੀ ਹੈ:

ਨਾਮ ਕਾ ਅਜੀਤ ਹੂੰ, ਜੀਤਾ ਨਹੀਂ ਜਾਊਂਗਾ,
ਅਗਰ ਜੀਤਾ ਭੀ ਗਿਆ, ਤੋ ਜੀਤਾ ਨਹੀਂ ਆਊਂਗਾ।

ਬਾਬਾ ਅਜੀਤ ਸਿੰਘ ਜੀ ਮੈਦਾਨੇ ਜੰਗ ਵਿੱਚ ਉਤਰਦਿਆਂ ਹੀ ਦੁਸ਼ਮਣ ਦੱਲ ਤੇ ਇਵੇਂ ਪਏ ਕੇ ਮੁਗਲ ਅੱਲਾ, ਅੱਲਾ ਪੁਕਾਰ ਉਠੇ। ਹਰ ਪਾਸੇ ਹਾਹਕਾਰ ਮੱਚ ਗਈ। ਇਸੇ ਤਰ੍ਹਾਂ ਸੈਂਕੜੇ ਮੁਗਲਾਂ ਦਾ ਸਫਾਇਆ ਕਰਦਿਆਂ ਹੋਇਆ, ਮੇਰੇ ਚੋਜੀ ਪ੍ਰੀਤਮ ਦੀਆਂ ਅੱਖਾਂ ਸਾਹਵੇਂ ਸਤਿਗੁਰੂ ਜੀ ਦੇ ਵੱਡੇ ਫਰਜੰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹਾਦਤ ਦਾ ਜਾਮ ਪੀ ਗਏ। ਜਦ ਇਹ ਸ਼ਹਾਦਤ ਤੱਕੀ ਤਾਂ ਪਾਤਸ਼ਾਹ ਨੇ ਜੈਕਾਰਾ ਲਗਾ ਕੇ ਉਸ ਅਕਾਲ ਪੁਰਖ ਦਾ ਧੰਨਵਾਦ ਕੀਤਾ, ਮਿਰਜ਼ਾ ਮੁਹੰਮਦ ਅਬਦੁਲ ਗਨੀ ਲਿਖਦਾ ਹੈ:

ਸ਼ੁਕਰ ਅਕਾਲ ਕਾ ਕੀਆ ਤਬ ਉਠਾ ਕੇ ਸਰ।
ਔਰ ਅਰਜ਼ ਕੀ, ਕਿ ਬੰਦੇ ਪਰ ਕ੍ਰਿਪਾ ਕੀ ਕਰ ਨਜ਼ਰ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੁਈ।
ਬੇਟੇ ਕੀ ਜਾਂ (ਜਾਨ), ਧਰਮ ਕੀ ਖ਼ਾਤਰ ਫਿਦਾ ਹੁਈ।

ਜਦ ਬਾਬਾ ਜੁਝਾਰ ਸਿੰਘ ਨੇ ਵੱਡੇ ਵੀਰ ਦੀ ਸ਼ਹਾਦਤ ਅੱਖੀ ਡਿੱਠੀ ਤਾਂ ਆਪ ਜੀ ਨੇ ਵੀ ਆ ਕੇ ਪਿਤਾ ਗੋਬਿੰਦ ਸਿੰਘ ਨੂੰ ਅਰਜ਼ ਕੀਤੀ ਕਿ ਮੈਨੂੰ ਵੀ ਇਜ਼ਾਜ਼ਤ ਦੇਵੋ ਤਾਂ ਕਿ ਮੈਂ ਵੀ ਵੱਡੇ ਵੀਰ ਦੀ ਤਰ੍ਹਾਂ ਆਪਣਾ ਧਰਮ ਨਿਭਾ ਸਕਾਂ। ਪਾਤਸ਼ਾਹ ਨੇ ਕਿਹਾ ਮੈਨੂੰ ਕੋਈ ਇਨਕਾਰ ਨਹੀਂ ਹੈ, ਪਰ ਤੇਰੀ ਉਮਰ ਅਜੇ ਖੇਡਣ ਮੱਲ੍ਹਣ ਦੀ ਹੈ। ਤੇਰਾ ਜਿਸਮ/ਸਰੀਰ ਅਜੇ ਦੁਸ਼ਮਣਾਂ ਦੇ ਫੱਟ ਜ਼ਰਣ ਵਾਲਾ ਨਹੀਂ ਤਾਂ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੇ ਪਾਤਸ਼ਾਹ ਨੂੰ ਮੁਖਾਤਿਬ ਹੁੰਦਿਆਂ ਕਿਹਾ,

ਲੜਨਾ ਨਹੀਂ ਆਤਾ ਮੁਝੇ, ਮਰਨਾ ਤੋ ਆਤਾ ਹੈ
ਖੁਦ ਬੜ੍ਹਾ ਕੇ ਗਲਾ ਤੇਗ ਪੇ, ਧਰਨਾ ਤੋ ਆਤਾ ਹੈ।

ਤਾਂ ਪਾਤਸ਼ਾਹ ਨੇ ਵੱਡੇ ਪੁੱਤਰ ਦੀ ਤਰ੍ਹਾਂ ਛੋਟੇ ਸਾਹਿਬਜ਼ਾਦੇ ਨੂੰ ਵੀ ਹੱਥੀ ਤਿਆਰ ਕਰਕੇ ਮੌਤ ਵਿਆਹੁਣ ਲਈ ਵਿਦਾ ਕੀਤਾ ਅਤੇ ਆਪਣੇ ਲਖਤੇ ਜਿਗਰ ਨੂੰ ਮੈਦਾਨੇ-ਏ-ਜੰਗ ਵਿੱਚ ਤੋਰਦਿਆਂ ਕਿਹਾ ਜੋ ਬੜਾ ਸੋਹਣਾ ਲਿਖਿਆ ਹੈ:

ਲੈ ਜਾਉ ਸਿਧਾਰੋ ਤੁਮਹੇ ਕਰਤਾਰ ਕਉ ਸੌਂਪਾ।
ਮਰ ਜਾਉ ਯਾ ਮਾਰੋ, ਤੁਮਹੇ ਕਰਤਾਰ ਕਉ ਸੌਂਪਾ।
ਰੱਬ ਕੋ ਨਾ ਬਿਸਾਰੋ ਤੁਮਹੇ ਕਰਤਾਰ ਕਉ ਸੌਂਪਾ।
ਸਿੱਖੀ ਕਉ ਉਭਾਰੋ, ਤੁਮਹੇ ਕਰਤਾਰ ਕਉ ਸੌਂਪਾ।

ਅਤੇ ਤਮੰਨਾ ਜ਼ਾਹਰ ਕੀਤੀ:

ਖਵਾਹਿਸ਼ ਹੈ ਤੁਮਹੇ ਤੇਗ਼ ਚਲਾਤੇ ਹੁਏ ਦੇਖੂੰ ।
ਹਮ ਆਂਖ ਸੇ ਬਰਛੀ ਤੁਮਹੇ ਖਾਤੇ ਹੂਏ ਦੇਖੂੰ।

ਸਾਹਿਬਜ਼ਾਦਾ ਜੁਝਾਰ ਸਿੰਘ ਨੇ ਆਪਣੀ ਬੀਰਤਾ ਨਾਲ ਦੁਸ਼ਮਣਾਂ ਵਿੱਚ ਭਾਜੜ ਪਾ ਦਿੱਤੀ ਅਤੇ ਆਪ ਜੀ ਨੇ ਵੀ ਦੁਸ਼ਮਣ ਦਲ ਦਾ ਆਹੂ ਲਾਹੁੰਦਿਆਂ ਹੋਇਆ ਅੰਤ ਸ਼ਹੀਦੀ ਪ੍ਰਾਪਤ ਕੀਤੀ। ਬੜਾ ਵਧੀਆ ਲਿਖਿਆ ਹੈ ਯੋਗੀ ਅੱਲ਼ਾ ਯਾਰ ਖਾਂ ਨੇ:

ਲਾਖੋਂ ਕੀ ਜਾਨ ਲੇ ਕੇ, ਦਲੇਰੋਂ ਨੇ ਜਾਨ ਦੀ,
ਸਤਿਗੁਰੂ ਗੋਬਿੰਦ ਕੇ, ਸ਼ੇਰੋਂ ਨੇ ਜਾਨ ਦੀ।

ਇਸ ਤਰ੍ਹਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਫਰਜੰਦਾਂ ਨੇ ਚਮਕੌਰ ਦੀ ਧਰਤੀ ਉੱਪਰ ਆਪਣੀ ਸ਼ਹਾਦਤ ਦਿੱਤੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਸਰਹੰਦ ਦੀ ਧਰਤੀ ਤੇ ਆਪਣੇ ਆਪ ਨੂੰ ਨੀਹਾਂ ਵਿੱਚ ਚਿਣਵਾ ਕੇ ਸਿੱਖੀ ਦੀ ਨੀਂਹ ਹੋਰ ਮਜਬੂਤ ਕਰ ਦਿੱਤੀ। ਸ਼ਹੀਦੀ ਪ੍ਰਵਾਨ ਕਰ ਲਈ ਪਰ ਵਜੀਰ ਖਾਨ ਦੇ ਕਿਸੇ ਵੀ ਤਰ੍ਹਾਂ ਦੇ ਲਾਲਚ ਵਿੱਚ ਆ ਕੇ ਆਪਣਾ ਧਰਮ ਛੱਡਣਾ ਪ੍ਰਵਾਨ ਨਾ ਕੀਤਾ। ਇਹਨਾਂ ਨੂੰ ਦੋਹਾਂ ਸਾਕਿਆਂ ਨੂੰ 'ਸਾਕਾ ਚਮਕੌਰ' ਅਤੇ 'ਸਾਕਾ ਸਰਹੰਦ' ਦੇ ਨਾਮ ਨਾਲ ਜਾਣਿਆ ਜਾਂਦਾ ਹੈ ਤੇ ਹਰ ਸਾਲ ਦਸੰਬਰ ਦੇ ਉਸ ਕਹਿਰੀ ਹਫ਼ਤੇ ਨੂੰ ਯਾਦ ਕੀਤਾ ਜਾਂਦਾ ਹੈ।

ਧੰਨ ਸੀ ਜੇਰਾ ਮੇਰੇ ਕਲਗੀਆਂ ਵਾਲੇ ਦਾ, ਜਿਹਨਾਂ ਨੇ ਆਪਣੇ ਪੁੱਤਰਾਂ ਦੀ ਸ਼ਹਾਦਤ ਨੂੰ ਸਾਹਮਣੇ ਦੇਖ ਕੇ ਸਾਨੂੰ ਆਪਣੇ ਪੁੱਤਰਾਂ ਦਾ ਮਾਣ ਦਿੱਤਾ। ਬੜਾ ਸੁਹਣਾ ਲਿਖਦਾ ਹੈ ਇੱਕ ਕਵੀ

ਦੋਂਹ ਨੇ ਧਰਤੀ ਚਮਕੌਰ ਦੀ ਰੰਗ ਦਿੱਤੀ,
ਦੋ ਸਰਹੰਦ ਦੀ ਧਰਤੀ ਸ਼ਿੰਗਾਰ ਗਏ ਨੇ।

ਸ਼ਾਇਦ ਇਸੇ ਕਰਕੇ ਲਿਖਿਆ ਹੈ, ਯੋਗੀ ਅੱਲਾ ਯਾਰ ਖਾਂ ਨੇ

ਬੱਸ ਏਕ ਹੀ ਤੀਰਥ ਹੈ ਹਿੰਦ ਮੇਂ ਯਾਤਰਾ ਕੇ ਲੀਏ।
ਕਟਵਾਏ ਬਾਪ ਨੇ ਬੇਟੇ ਜਹਾਂ ਖੁਦਾ ਕੇ ਲੀਏ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਨੇ ਇਕੱਠੇ ਹੋ ਕਰ ਕੇ ਗੁਰਮਤਾ ਕੀਤਾ ਕਿ ਦਸਮੇਸ਼ ਪਿਤਾ ਗੜ੍ਹੀ ਖਾਲੀ ਕਰ ਜਾਣ। ਪਾਤਸ਼ਾਹ ਨੇ ਬੇਨਤੀ ਪ੍ਰਵਾਨ ਕਰਦਿਆਂ ਰਾਤ ਸਮੇਂ ਦੁਸ਼ਮਣਾਂ ਨੂੰ ਲਲਕਾਰ ਕੇ ਗੜ੍ਹੀ ਵਿੱਚੋਂ ਨਿਕਲੇ ਨਾਲ ਭਾਈ ਦਇਆ ਸਿੰਘ ਜੀ ਦਾ ਜ਼ਿਕਰ ਆਉਂਦਾ ਹੈ।

ਦਸਮੇਸ਼ ਪਿਤਾ ਜੀ ਨੇ ਸਾਰੇ ਪੰਥ ਨੂੰ ਆਪਣੇ ਪੁੱਤਰਾਂ ਵਾਲਾ ਮਾਣ ਦਿੱਤਾ, ਪਰ ਅੱਜ ਅਫਸੋਸ ਅਤਿ ਅਫਸੋਸ ਕਿ ਅੱਜ ਅਸੀਂ ਪਾਤਸ਼ਾਹ ਦੀਆਂ ਕੁਰਬਾਨੀਆਂ, ਸਿੱਖਿਆਵਾਂ, ਗੁਰਮਤਿ ਅਸੂਲਾਂ ਨੂੰ ਭੁੱਲ ਕੇ ਆਪ ਹੀ ਬੇਦਾਵਾ ਲਿਖ ਕੇ ਦੇ ਰਹੇ ਹਾਂ। ਅੱਜ ਆਪਣੇ ਅੰਦਰ ਝਾਤ ਮਾਰ ਕੇ ਆਪਾ ਪੜਚੋਲ ਕਰਨ ਦੀ ਲੋੜ ਹੈ। ਆਉ ਦਸੰਬਰ ਦੇ ਇਸ ਸ਼ਹੀਦੀ ਹਫਤੇ ਵਿੱਚ ਉਹਨਾਂ ਦੀ ਉਹ ਪਵਿੱਤਰ ਧਰਤੀ ਨੂੰ ਨਤਮਸਤਕ ਹੋ ਕੇ ਆਪਣੇ ਸੁੱਤੇ ਹੋਏ ਜਮੀਰਾਂ ਅਤੇ ਅਣਖ ਨੂੰ ਜਗਾਈਏ ਕਿਤੇ ਇਹ ਵੀ ਇੱਕ ਮੇਲੇ ਦੀ ਤਰ੍ਹਾਂ ਹੀ ਨਾ ਲੰਘ ਜਾਵੇ:

ਜਾਗੇ ਅਣਖ਼ ਚਮਕੌਰ ਨੂੰ ਵੇਖਦਿਆਂ ਹੀ, ਸੁੱਤਾ ਜਿੱਥੇ ਅਜੀਤ ਜੁਝਾਰ ਤੇਰਾ।
ਢੱਠੇ ਹੋਏ ਸੱਭ ਦਿਲ ਖਲੋ ਜਾਂਦੇ, ਚਿਣਿਆ ਕੰਧਾਂ ਵਿੱਚ ਵੇਖ ਪਰਵਾਰ ਤੇਰਾ।

ਅੰਤ ਵਿੱਚ ਇਕ ਦਰਦੀ ਦਿਲ ਸ਼ਾਇਰ ਦੀਆਂ ਕੁੱਝ ਸਤਰਾਂ ਲਿਖ ਕੇ ਕਲਮ ਨੂੰ ਰੋਕਦਾ ਹਾਂ:

ਮੈਂ ਡੁਬਦੇ ਵੇਖਦਾਂ ਸੂਰਜ ਤੇ ਚੜ੍ਹਦੇ ਚੰਨ ਵੇਖਦਾ ਹਾਂ।
ਇੱਥੇ ਔਕੜਾਂ ਵਿੱਚ ਇਸ਼ਕ ਨੂੰ, ਆਨੰਦ ਵੇਖਦਾ ਹਾਂ।
ਜਿੱਥੇ ਫਲਸਫੇ ਤੇਰੇ ਮੁਕੰਮਲ ਰੂਪ ਪਾਇਆ ਏ,
ਕਿਤੇ ਚਮਕੌਰ ਵੇਖਦਾਂ ਤੇ ਕਿਤੇ ਸਰਹੰਦ ਵੇਖਦਾ ਹਾਂ।

# ਫਿਰ ਅਟਕ ਗਿਆ ਹੈ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਮਹੱਲ ਦੀ ਉਸਾਰੀ ਦਾ ਕੰਮ

**ਅੰਮ੍ਰਿਤਸਰ/ਬਿਊਰੋ ਨਿਊਜ਼:** ਮਹਾਰਾਜਾ ਰਣਜੀਤ ਸਿੰਘ ਵਲੋਂ ਅੰਮ੍ਰਿਤਸਰ ਸ਼ਹਿਰ 'ਚ ਗੁਰੂ ਰਾਮਦਾਸ ਜੀ ਦੇ ਨਾਂਅ 'ਤੇ ਲਗਵਾਏ 'ਰਾਮ ਬਾਗ਼' ਦੀ ਸੁਸਤ ਚਾਲੇ ਚੱਲ ਰਹੀ ਨਵਉਸਾਰੀ ਦਾ ਕੰਮ ਇਕ ਵਾਰ ਫਿਰ ਤੋਂ ਬਿਨ੍ਹਾਂ ਕਾਰਨ ਦੱਸੇ ਅੱਧ ਵਿਚਾਲੇ ਰੋਕ ਦਿੱਤਾ ਗਿਆ ਹੈ । ਨਵਉਸਾਰੀ ਕਰਵਾ ਰਹੀ ਕੰਸਟਰਕਸ਼ਨ ਕੰਪਨੀ ਨੇ ਇਹ ਵਿਰਾਸਤੀ ਸਮਾਰਕ ਦਾ ਸਾਰਾ ਕੰਮ ਨੇਪਰੇ ਚਾੜ੍ਹ ਕੇ ਅਕਤੂਬਰ 2017 ਤੱਕ ਇਹ ਦੇਸ਼ ਵਾਸੀਆਂ ਦੇ ਸਪੁਰਦ ਕੀਤੇ ਜਾਣ ਦਾ ਐਲਾਨ ਕੀਤਾ ਸੀ । ਨਵ ਉਸਾਰੀ ਦਾ ਕੰਮ ਵਿਚਾਲੇ ਰੋਕ ਦਿੱਤੇ ਜਾਣ ਕਾਰਨ ਸਮਰ ਪੈਲੇਸ ਦੀ ਪਹਿਲਾਂ ਵਾਲੀ ਸ਼ਾਨ ਦੇ ਪਰਤਣ 'ਚ ਅਜੇ ਹੋਰ ਸਮਾਂ ਲੱਗ ਸਕਦਾ ਹੈ । ਦੱਸਣਯੋਗ ਹੈ ਕਿ 15 ਅਕਤੂਬਰ 2004 ਨੂੰ ਰਾਮ ਬਾਗ਼ ਦੇ ਅੱਧ ਵਿਚਕਾਰ ਮੌਜੂਦ ਸਮਰ ਪੈਲੇਸ ਤੇ ਹੋਰਨਾਂ ਸਮਾਰਕਾਂ ਦੀ ਨਵ-ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਜੋ 13 ਵਰ੍ਹੇ ਬੀਤ ਜਾਣ ਬਾਅਦ ਵੀ ਅਜੇ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕਿਆ ਹੈ । ਉਸਾਰੀ ਦੇ ਅਤੇ ਹੋਰ ਕੰਮ ਕਰਵਾ ਰਹੇ ਠੇਕੇਦਾਰਾਂ ਅਨੁਸਾਰ ਇਸ ਬਾਰੇ ਦਾਅਵੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿ ਉਕਤ ਸਮਾਰਕ ਦੀ ਉਸਾਰੀ ਨੂੰ ਮੁਕੰਮਲ ਹੋਣ ਲੱਗਿਆਂ ਅਜੇ ਹੋਰ ਕਿੰਨ੍ਹਾਂ ਸਮਾਂ ਲੱਗੇਗਾ । ਸ਼ਾਹੀ ਮਹੱਲ ਤੋਂ 15-20 ਕਦਮ ਦੀ ਦੂਰੀ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਫਰੈਂਚ ਜਨਰਲ ਵੈਨਤੂਰਾ ਵਲੋਂ 20 ਹਜ਼ਾਰ ਰੁਪਏ ਦੀ ਲਾਗਤ ਨਾਲ ਸ਼ਾਹੀ ਔਰਤਾਂ ਦੇ ਇਸ਼ਨਾਨ ਲਈ ਬਣਾਇਆ ਸਵੀਮਿੰਗ ਪੂਲ ਲੱਖਾਂ ਰੁਪਏ ਖ਼ਰਚ ਕੇ ਨਵਨਿਰਮਾਣ ਕਰਵਾਏ ਜਾਣ ਦੇ ਬਾਵਜੂਦ ਉਸਾਰੀ ਦਾ ਕੰਮ ਵਿਚਾਲੇ ਰੋਕ ਦੇਣ ਕਾਰਨ ਫਿਰ ਤੋਂ ਪਹਿਲਾਂ ਵਾਲੀ ਸਥਿਤੀ 'ਚ ਪਹੁੰਚ ਚੁੱਕਿਆ ਹੈ । ਬਾਗ਼ ਅਤੇ ਉਕਤ ਸਮਾਰਕਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਲੋਕਾਂ ਵਲੋਂ ਅਣਗਹਿਲੀ ਨਾਲ ਇਸ ਦੀਆਂ ਨਕਾਸ਼ੀਦਾਰ ਜਾਲੀਆਂ ਤੋੜ ਦਿੱਤੀਆਂ ਗਈਆਂ ਹਨ ਅਤੇ ਸਵੀਮਿੰਗ ਪੂਲ ਦੇ ਅੰਦਰ ਗ਼ੰਦਗੀ ਦੇ ਢੇਰ ਲੱਗੇ ਹੋਏ ਹਨ ।

ਵਿਰਾਸਤ ਪ੍ਰੇਮੀਆਂ ਨੇ ਬਾਗ਼ ਅਤੇ ਬਾਗ਼ ਵਿਚਲੇ ਸਮਾਰਕਾਂ ਦੀ ਸੁਸਤ ਚਾਲੇ ਚੱਲਦੀ ਆ ਰਹੀ ਨਵਉਸਾਰੀ ਨੂੰ ਅਚਾਨਕ ਰੋਕੇ ਜਾਣ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਿਆਂ ਇਸ ਮਾਮਲੇ ਦੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ । ਇਸ ਦੇ ਨਾਲ ਹੀ ਉਨ੍ਹਾਂ ਕੰਸਟਰਕਸ਼ਨ ਕੰਪਨੀ ਵਲੋਂ ਸਮਾਰਕ ਦੇ ਚੁਫੇਰੇ ਹਿੰਦੀ ਤੇ ਅੰਗਰੇਜ਼ੀ 'ਚ ਲਿਖ ਕੇ ਲਗਾਏ ਬੋਰਡਾਂ ਦੇ ਨਾਲ ਹੀ ਪੰਜਾਬੀ 'ਚ ਲਿਖੇ ਬੋਰਡ ਲਗਾਏ ਜਾਣ ਦੀ ਵੀ ਮੰਗ ਕੀਤੀ ਹੈ ।

# ਕਿਹੜੇ ਸਵਾਲ ਦਾ ਉਤਰ ਲੱਭਣ ਦੀ ਲੋੜ ਹੈ

**ਮਹਿੰਦਰ ਸਿੰਘ ਖਹਿਰਾ**



ਬ੍ਰਾਹਮਣਵਾਦੀ ਸੰਘ (ਆਰ.ਐੱਸ.ਐੱਸ.) ਭਾਰਤੀ ਢਾਂਚੇ ਅਧੀਨ ਰਹਿੰਦੇ ਮੁਸਲਮਾਨਾਂ, ਸਿੱਖਾਂ, ਈਸਾਈਆਂ ਤੇ ਬੋਧੀਆਂ ਤੋਂ ਇਲਾਵਾ ਡਾ: ਅੰਬੇਡਕਰ ਦੇ ਮਿਸ਼ਨ ਨੂੰ ਸਮਰਪਿਤ ਦਲਿਤਾਂ ਵਿਰੁੱਧ ਵੀ ਬਹੁਤ ਹੀ ਘਿਨਾਉਣੀਆਂ ਸਾਜਿਸ਼ਾਂ ਵਿੱਚ ਸਰਗਰਮ ਹੈ। ਇਸ ਜਥੇਬੰਦੀ ਦਾ ਮੱਕੜੀ ਜਾਲ ਹਿੰਦੋਸਤਾਨ ਦੇ ਹਰ ਖੇਤਰ ਵਿੱਚ ਹੈ ਪਰ ਇਹ ਲਿਖਤ ਦਾ ਕੇਂਦਰ ਬਿੰਦੂ ਇਸ ਜਥੇਬੰਦੀ ਦੀਆਂ ਸਿੱਖਾਂ ਨਾਲ ਸਬੰਧਤ ਕਾਰਵਾਈਆਂ ਹੀ ਹਨ।

ਜਦੋਂ ਤੋਂ ਦੇਸ਼ ਵਿੱਚ ਆਰ.ਐੱਸ.ਐੱਸ./ਬੀ.ਜੇ.ਪੀ. ਦੀ ਸਰਕਾਰ ਮੋਦੀ ਦੀ ਅਗਵਾਈ ਹੇਠ ਹੋਂਦ ਵਿੱਚ ਆਈ ਹੈ, ਉਸ ਸਮੇਂ ਤੋਂ ਹੀ ਬੀ.ਜੇ.ਪੀ. ਦੇ ਨੇਤਾ ਬੜੇ ਹੈਂਕੜ ਭਰੇ ਬਿਆਨ ਭਾਰਤ ਦੇ ਮੁੱਖ ਧਾਰਾ ਮੀਡੀਏ ਵਿੱਚ ਦਿੰਦੇ ਆ ਰਹੇ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਿੱਲੀ ਦੇ ਸੂਬਾ ਪ੍ਰਧਾਨ ਰਿਖਬਰ ਚੰਦ ਜੈਨ ਇਕ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ 'ਚ ਸਪੱਸ਼ਟ ਸ਼ਬਦਾਂ ਵਿੱਚ ਕਹਿੰਦਾ ਹੈ ਕਿ ਸੰਵਿਧਾਨ ਵਿੱਚ ਹਿੰਦੂ ਰਾਸ਼ਟਰ' ਲਿਖਆ ਹੋਵੇ ਜਾਂ ਨਾ, ਹਿੰਦੂ ਰਾਸ਼ਟਰ ਤਾਂ ਹੈ ਹੀ। ਹਿੰਦੂ ਬਹੁ-ਗਿਣਤੀ ਹਨ, ਇਸ ਲਈ ਹਿੰਦੂ ਰਾਸ਼ਟਰ ਹੈ। ਇਹ ਸਾਡੀ ਪੁਰਾਤਨ ਪਛਾਣ ਹੈ। ਸਾਡੇ ਧਰਮ ਵਿੱਚ ਸਹਿਣ ਸ਼ੀਲਤਾ ਅਤੇ ਸਾਰਿਆਂ ਨੂੰ ਸਵੀਕਾਰ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ, ਅਸੀਂ ਇਹ ਕਰ ਵੀ ਰਹੇ ਹਾਂ। ਵਰ੍ਹਿਆਂ ਤੋਂ ਇਹੀ ਕਰਦੇ ਆਏ ਹਾਂ ਤਾਂ ਹੀ ਇਹ ਲੋਕ (ਗ਼ੈਰ ਹਿੰਦੂ) ਇਥੇ ਹਨ।

ਆਰ.ਐੱਸ.ਐੱਸ. ਦਾ ਮੁਖੀ ਮੋਹਨ ਭਾਗਵਤ ਵੀ ਬਾਰ-ਬਾਰ ਇਹ ਬਿਆਨ ਦੇ ਰਿਹਾ ਹੈ ਕਿ ਹਿੰਦੋਸਤਾਨ ਹਿੰਦੂਆਂ ਦਾ ਦੇਸ਼ ਹੈ ਅਤੇ ਮੋਹਨ ਭਾਗਵਤ ਇਹ ਵੀ ਦਾਅਵਾ ਕਰ ਰਿਹਾ ਹੈ ਕਿ ਹਿੰਦੂ ਧਰਮ ਦੇ ਵਿੱਚ ਹੋਰ ਪੰਥਾਂ (ਖਾਲਸਾ ਪੰਥ) ਨੂੰ ਹਜ਼ਮ ਕਰਨ ਦੀ ਤਾਕਤ ਹੈ, ਇਹ ਹਾਜ਼ਮਾ ਥੋੜ੍ਹਾ ਵਿਗੜ ਗਿਆ ਸੀ, ਹੁਣ ਇਹ ਹਾਜ਼ਮਾ ਰਾਸ਼ਟਰੀ ਸਿੱਖ ਸੰਗਤ ਰੂਪੀ ਦਵਾਈ ਨਾਲ ਠੀਕ ਕੀਤਾ ਜਾਵੇਗਾ।ਇਸ ਕਰਕੇ ਹੀ ਸਿੱਖ ਧਰਮ ਦੇ ਨਿਆਰੇਪਣ ਅਤੇ ਖਾਲਸਾ ਪੰਥ (ਸਿੱਖ ਕੌਮ) ਦੀ ਸੁਤੰਤਰ ਅਤੇ ਅੱਡਰੀ ਅਜ਼ਾਦ ਹੋਂਦ ਹਸਤੀ ਦਾ ਮਲੀਆਮੇਟ ਕਰਕੇ ਸਿੱਖ ਧਰਮ ਦਾ ਹਿੰਦੂ ਧਰਮ ਨਾਲ ਮਿਲਗੋਭਾ ਕਰਨ ਲਈ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਪਿਤ ਤਸਵੀਰ ਨੂੰ ਦਸ਼ਮੇਸ਼ ਪਿਤਾ ਦੀ ਆਤਮਿਕ ਚਿੰਨ੍ਹ ਵਜੋਂ ਸਥਾਪਤ ਕਰਕੇ ਭੋਲੇ ਭਾਲੇ ਸਿੱਖਾਂ ਨੂੰ ਮੂਰਤੀ-ਪੂਜਾ ਵੱਲ ਨੂੰ ਤੋਰਿਆ ਜਾ ਰਿਹਾ ਹੈ। ਆਰ.ਐੱਸ.ਐੱਸ. ਵੱਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜਾ ਮਨਾਉਣ ਦੀ ਆੜ ਹੇਠ ਇਹ ਪ੍ਰਚਾਰ, ਕਰ ਅਤੇ ਕਰਵਾ ਰਹੀ ਹੈ ਕਿ

(1) ਸਿੱਖ ਗੁਰੂ ਸਾਹਿਬਾਨ ਹਿੰਦੋਸਤਾਨ ਦੇ ਰਾਸ਼ਟਰੀ ਆਗੂ ਹਨ।

(2) ਗੁਰਬਾਣੀ ਐਸੀ ਗਿਆਨ ਗੰਗਾ ਹੈ ਜੋ ਵੇਦਾਂ ਦੀ ਗੰਗੋਤਰੀ ਵਿੱਚੋਂ ਫੁੱਟਦੀ ਹੈ ਅਤੇ ਜਪੁ ਜੀ ਗੀਤਾ ਦਾ ਛੋਟਾ ਰੂਪ ਹੈ।

(3) ਜਿਹੜੇ ਸਿੱਖ ਸਿੱਖਾਂ ਨੂੰ ਵੱਖਰੀ ਕੌਮ ਦੱਸਦੇ ਹਨ, ਉਹ ਅੱਤਵਾਦੀ ਤੇ ਵੱਖਵਾਦੀ ਹਨ।

ਆਰ.ਐੱਸ.ਐੱਸ. ਤੇ ਭਾਜਪਾ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸੌ ਕਰੋੜ ਦੀ ਲਾਗਤ ਵਾਲੇ ਪ੍ਰੋਗਰਾਮ ਦਾ ਅਸਲ ਨਿਸ਼ਾਨਾ ਹੈ ਦਸ਼ਮੇਸ਼ ਦੇ ਅੰਮ੍ਰਿਤ, ਸਿੱਖੀ ਦੀ ਰਹਿਤ, ਗੁਰੂ ਗ੍ਰੰਥ, ਗੁਰੂ ਖਾਲਸਾ ਪੰਥ ਦੀ ਗੁਰਿਆਈ, ਸਿੱਖ ਇਤਿਹਾਸ ਦੇ ਜੁਝਾਰੂ ਖਾਲਸੇ ਨੂੰ ਖਤਮ ਕਰਕੇ ਸਥਾਈ ਬਹੁ-ਗਿਣਤੀ ਸੱਭਿਆਚਾਰ ਵਿੱਚ ਇਸ ਤਰ੍ਹਾਂ ਰੰਗ ਦੇਣਾ ਕਿ ਸਿੱਖ ਕੌਮ ਦੀ ਵੱਖਰੀ ਪਛਾਣ ਹੀ ਮਿਟ ਜਾਵੇ ਅਤੇ ਸਿੱਖ ਹਮੇਸ਼ਾ ਲਈ ਭਾਰਤ ਵਿੱਚ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣ, ਅਰਥਾਤ ਬਹੁ-ਗਿਣਤੀ ਦੀ ਗੁਲਾਮੀ ਖਿੜ੍ਹੇ ਮੱਥੇ ਪ੍ਰਵਾਨ ਕਰ ਲੈਣ।

ਸਾਨੂੰ ਯਾਦ ਰਹੇ ਕਿ ਵਿਸਾਖੀ 1978 ਦੇ ਨਿਰੰਕਾਰੀ ਕਾਂਡ ਤੋਂ ਬਾਅਦ ਸਿੱਖ ਕੌਮ ਨੂੰ ਯੋਜਨਾਬੱਧ ਤਰੀਕੇ ਨਾਲ ਬਦਨਾਮ ਅਤੇ ਰੁੱਸਵਾ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਇਸੇ ਹੀ ਸਬੰਧ ਵਿੱਚ ਇੰਡੀਅਨ ਐਕਸਪ੍ਰੈੱਸ' ਨੇ ਆਪਣੇ 12-13 ਅਤੇ 14 ਮਈ 1982 ਦੇ ਪਰਚਿਆਂ ਵਿੱਚ ਅਰੁਣ ਸ਼ੋਰੀ ਨਾਂ ਦੇ ਆਪਣੇ ਹੀ ਇਕ ਕਾਲਮ ਨਵੀਸ ਦੇ ਤਿੰਨ ਲੇਖ ਛਾਪੇ ਸਨ। ਇਨ੍ਹਾਂ ਲੇਖਾਂ ਦੁਆਰਾ ਇਸ ਕਾਲਮ ਨਵੀਸ ਨੇ ਸਿੱਖ ਕੌਮ ਦੇ ਪਰਮ-ਪਵਿੱਤਰ ਸਿਧਾਂਤਾਂ ਅਤੇ ਰਵਾਇਤਾਂ ਦਾ ਮੂੰਹ ਮੁਹਾਂਦਰਾ ਹੀ ਨਹੀਂ ਵਿਗਾੜਿਆ, ਸਗੋਂ ਉਨ੍ਹਾਂ ਦੀ ਖਿੱਲੀ ਉਡਾਉਣ ਦੀ ਅਤਿ ਨਿੰਦਾ ਜਨਕ ਕੋਸ਼ਿਸ਼ ਵੀ ਕੀਤੀ ਤਾਂ ਜੋ ਸਮੁੱਚੀ ਸਿੱਖ ਕੌਮ ਨੂੰ ਨਸ਼ਰ ਅਤੇ ਨਿਰ-ਉਤਸ਼ਾਹ (Demoralize) ਕੀਤਾ ਜਾ ਸਕੇ। ਇਨ੍ਹਾਂ ਲੇਖਾਂ ਦਾ ਸਾਰ-ਅੰਸ਼ ਸੀ ਕਿ "ਸਿੱਖ ਕੌਮ ਹਮੇਸ਼ਾ ਤੋਂ ਹੀ ਦੇਸ਼ ਧ੍ਰੋਹੀ ਰਹੀ ਹੈ। ਸਿੱਖ ਕੌਮ ਦੇ ਆਗੂ ਹਮੇਸ਼ਾ ਬੇ-ਸਮਝ ਅਤੇ ਬੇ-ਮਕਸਦ ਹੀ ਰਹੇ ਹਨ, ਜਿਸ ਕਾਰਨ ਉਹ ਇਤਿਹਾਸ ਵਿੱਚ ਕਦੇ ਵੀ ਕੋਈ ਉਸਾਰੂ ਭੂਮਿਕਾ ਨਹੀਂ ਨਿਭਾ ਸਕੇ।"

(ਹਾਲਾਂਕਿ ਸੱਚ ਇਹ ਹੈ ਕਿ ਜੇ ਸਿੱਖ ਨਾ ਹੁੰਦੇ ਤਾਂ ਭਾਰਤ ਨਾਂਅ ਦਾ ਕੋਈ ਦੇਸ਼ ਵਜੂਦ ਵਿੱਚ ਹੀ ਨਹੀਂ ਸੀ ਆਉਣਾ ਅਤੇ ਅਰੁਣ ਸ਼ੋਰੀ ਵਰਗਿਆਂ ਦੀ ਸੁੰਨਤ ਹੋਈ ਹੋਣੀ ਸੀ) ਅਤੇ ਸਿੱਖ ਕੌਮ ਨਾਲ ਭਾਰਤ ਵਿੱਚ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਹੋ ਰਿਹਾ, ਪੰਥ ਨੂੰ ਖਤਰੇ' ਦਾ ਨਾਅਰਾ ਐਵੇਂ ਸ਼ੋਸ਼ਾ ਹੀ ਹੈ-ਸਿੱਖ ਤਾਂ ਹਿੰਦੂ ਮਤ ਦਾ ਹਿੱਸਾ ਹੀ ਹਨ, ਇਨ੍ਹਾਂ ਦੀ ਆਪਣੀ ਨਾਂ ਤਾਂ ਕੋਈ ਅੱਡਰੀ ਹਸਤੀ ਅਤੇ ਨਾ ਕੋਈ ਅੱਡਰਾ ਮਜ਼੍ਹਬ। ਖਾਲਸਾ ਦਾ ਮਤਲਬ ਕੇਵਲ ਖਾਲਸ (Pure) ਹੈ ਅਤੇ ਇਸ ਦੇ ਕਕਾਰ ਅਤੇ ਰਹਿਤ ਮਰਿਯਾਦਾ ਵਕਤੀ ਹੀ ਸੀ, ਜਿਸ ਦੀ ਅਜੋਕੀ ਦੁਨੀਆਂ ਵਿੱਚ ਕੋਈ ਤੁੱਕ ਨਹੀਂ ਹੈ। ਇਥੇ ਵੀ ਦੱਸਣਯੋਗ ਹੈ ਕਿ ਸ: ਦਵਿੰਦਰ ਸਿੰਘ ਦੁੱਗਲ ਨੇ ਅਰੁਣ ਸ਼ੋਰੀ ਦੇ ਉਕਤ ਲੇਖਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਸੀ, ਸ: ਦਵਿੰਦਰ ਸਿੰਘ ਦੇ ਜੁਆਬੀ ਲੇਖਾਂ ਨੂੰ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਨੇ ਕਿਤਾਬਚੇ ਦੇ ਰੂਪ ਵਿੱਚ ਛੱਪਵਾਇਆ ਸੀ, ਸਿੱਖ ਕੌਮ ਦਾ ਸ਼ਾਨਦਾਰ ਵਿਰਸਾ'।

ਆਪਣੇ ਲੇਖਾਂ ਦੇ ਅੰਤ ਵਿੱਚ ਅਰੁਣ ਸ਼ੋਰੀ ਨੇ ਭਾਰਤ ਸਰਕਾਰ ਨੂੰ ਦੋ ਸਲਾਹਾਂ ਦਿੱਤੀਆਂ (1) ਜੇ ਮੁਲਕ ਵਿੱਚ ਅਮਨ ਚੈਨ ਨਾਲ ਰਹਿਣਾ ਚਾਹੁੰਦੇ ਹੋ ਤਾਂ ਸਿੱਖ ਕੌਮ ਨੂੰ ਪੂਰੀ ਸਖਤੀ ਨਾਲ ਦਬਾਉ ਅਤੇ ਇਸ ਨੂੰ ਉਤਨੀ ਦੇਰ ਤੱਕ ਸੁੱਖ ਦਾ ਸਾਹ ਨਾ ਲੈਣ ਦਿਉ, ਜਦ ਤੱਕ ਇਹ ਆਪਣੀ ਅੱਡਰੀ ਹਸਤੀ ਮਿਟਾ ਕੇ ਹਿੰਦੂ ਧਰਮ ਵਿੱਚ ਸ਼ਾਮਿਲ ਨਹੀਂ ਹੋ ਜਾਂਦੀ। ਇਸੇ ਹੀ ਉਦੇਸ਼ ਲਈ ਕੌਮ ਪ੍ਰਸਤੀ ਦੇ ਇਸ ਠੇਕੇਦਾਰ ਨੇ ਭਾਰਤੀ ਸੰਵਿਧਾਨ ਦੀਆਂ ਕੁਝ ਕੁ ਧਾਰਾਵਾਂ ਨੂੰ ਅੱਖੋਂ ਉਹਲੇ ਕਰਕੇ ਭਾਰਤ ਸਰਕਾਰ ਨੂੰ ਇਹ ਸਲਾਹ ਵੀ ਦਿੱਤੀ ਸੀ ਕਿ ਭਾਰਤ ਵਰਸ਼ ਵਿੱਚ ਵੱਸਣ ਵਾਲੀਆਂ ਸਾਰੀਆਂ ਕੌਮਾਂ 'ਤੇ ਇਕੋ ਜਿਹਾ ਹੀ ਸਿਵਲ ਕੋਡ ਅਰਥਾਤ ਹਿੰਦੂ ਕੋਡ ਬਿੱਲ ਸਖਤੀ ਨਾਲ ਲਾਗੂ ਕੀਤਾ ਜਾਵੇ, ਭਾਵੇਂ ਕਿਸੇ ਕੌਮ ਦੀਆਂ ਵਿਸ਼ੇਸ਼ ਧਾਰਮਿਕ ਜਾਂ ਸੱਭਿਆਚਾਰਕ ਰਵਾਇਤਾਂ ਅਤੇ ਰੀਤਾਂ ਕੁਝ ਵੀ ਹੋਣ"।

ਅੱਜ ਸੰਘ ਅਤੇ ਭਾਜਪਾ ਸਰਕਾਰ ਸਿੱਖ ਕੌਮ ਦੀ ਅੱਡਰੀ ਤੇ ਸੁਤੰਤਰ ਹਸਤੀ ਖਤਮ ਕਰਨ ਲਈ ਅਰੁਣ ਸ਼ੋਰੀ ਦੀਆਂ ਸਲਾਹਾਂ 'ਤੇ ਹੀ ਅਮਲ ਕਰਦੀ ਨਜ਼ਰ ਆ ਰਹੀ ਹੈ। ਉਸ ਵੇਲੇ ਅਰੁਣ ਸ਼ੋਰੀ ਨੂੰ ਸ: ਦਵਿੰਦਰ ਸਿੰਘ ਵੱਲੋਂ ਦਿੱਤੇ ਹੋਏ ਮੂੰਹ ਤੋੜਵੇਂ ਜੁਆਬੀ ਲੇਖਾਂ ਨੂੰ ਜਿਵੇਂ ਧਰਮ ਪ੍ਰਚਾਰ ਕਮੇਟੀ ਨੇ ਕਿਤਾਬਚੇ ਦੇ ਰੂਪ ਵਿੱਚ ਛਪਵਾ ਕੇ ਵੰਡਿਆ ਸੀ, ਪਰ ਅੱਜ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ (ਜਿਸ ਨੇ ਸਟੇਟ ਨਾਲ ਇਸ ਕਰਕੇ ਮੱਥਾ ਲਾਇਆ ਸੀ ਕਿ ਸਿੱਖ ਇਕ ਵੱਖਰੀ ਕੌਮ ਹੈ ਤੇ ਅਸੀਂ ਭਾਰਤ ਵਿੱਚ ਪਹਿਲੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਹੈ, ਗੁਲਾਮ ਬਣ ਕੇ ਨਹੀਂ ਰਹਿਣਾ) ਦੇ ਵਚਨਾਂ ਨੂੰ ਕਿਤਾਬਚਿਆਂ ਦੀ ਸ਼ਕਲ ਵਿੱਚ ਛਪਵਾ ਕੇ ਵੰਡਣ ਅਤੇ ਪਹੁੰਚਾਰਨ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਾਰਸ ਕਹਾਉਣ ਵਾਲੇ ਅਤੇ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵਾਲੇ ਕੰਨੀਂ ਕਿਉਂ ਕਤਰਾ ਰਹੇ ਹਨ? ਇਸ ਸੁਆਲ ਦਾ ਜੁਆਬ ਲੱਭਣਾ ਸਮੇਂ ਦੀ ਮੁੱਖ ਲੋੜ ਹੈ। ਸੰਘ ਅਤੇ ਰਾਸ਼ਟਰੀ ਸਿੱਖ ਸੰਗਤ ਦਾ ਵਿਰੋਧ ਕਰਨ ਲਈ ਕੇਵਲ ਬਿਆਨ ਦੇਣੇ ਹੀ ਕਾਫੀ ਨਹੀਂ ਹਨ, ਅਮਲੀ ਤੌਰ 'ਤੇ ਗੁਰੂ ਗ੍ਰੰਥ, ਗੁਰੂ ਖਾਲਸਾ ਪੰਥ ਦੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਸਤੇ ਸਿੱਖ ਸੰਸਥਾਵਾਂ ਨੂੰ ਸ਼ਿੱਦਤ ਨਾਲ ਉਪਰਾਲੇ ਕਰਨੇ ਚਾਹੀਦੇ ਹਨ।

(ਸਿੱਖ ਸਿਆਸਤ ਵਿਚੋਂ ਧੰਨਵਾਦ ਸਹਿਤ)

# ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਦੀ ਜ਼ਿੱਦ

**ਚਮਨ ਲਾਲ (ਪ੍ਰੋ.)***
(ਸੰਪਰਕ: 98687-74820)




ਇਸ ਸਾਲ 17 ਨਵੰਬਰ ਨੂੰ ਦਿਆਲ ਸਿੰਘ ਕਾਲਜ ਦਿੱਲੀ ਦੀ ਗਵਰਨਿੰਗ ਬਾਡੀ ਦੀ ਇੱਕ ਅਸਾਧਾਰਨ ਮੀਟਿੰਗ ਤੋਂ ਬਾਅਦ ਕਾਲਜ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਹੁਣ



ਤੋਂ ਬਾਅਦ ਦਿਆਲ ਸਿੰਘ ਕਾਲਜ (ਈਵਨਿੰਗ ਤੋਂ ਮੌਰਨਿੰਗ ਬਣਾਏ) ਦਾ ਨਾਂ 'ਵੰਦੇ ਮਾਤਰਮ ਕਾਲਜ' ਹੋਵੇਗਾ। ਇਹ ਐਲਾਨ ਅਗਲੇ ਦਿਨ ਦੇ ਅਖ਼ਬਾਰਾਂ ਵਿੱਚ ਛਪਣ ਦੇ ਨਾਲ ਹੀ ਪੰਜਾਬ ਤੇ ਦਿੱਲੀ ਦੇ ਪੰਜਾਬੀ ਬੁੱਧੀਜੀਵੀਆਂ ਅਤੇ ਹੋਰ ਲੋਕਾਂ ਨੂੰ ਡੂੰਘਾ ਸਦਮਾ ਲੱਗਾ ਅਤੇ ਉਨ੍ਹਾਂ ਦੇ ਰੋਸ ਦਾ ਪ੍ਰਗਟਾਵਾ -ਮਤਿਆਂ, ਮੁਜ਼ਾਹਰਿਆਂ ਤੇ ਯਾਦ-ਪੱਤਰਾਂ ਰਾਹੀਂ ਸ਼ੁਰੂ ਹੋ ਗਿਆ।

ਕਾਲਜ ਪ੍ਰਧਾਨ ਅਮਿਤਾਭ ਸਿਨਹਾ ਦੇ ਇਸ ਮਨਮਾਨੇ ਤੇ ਗ਼ੈਰਕਾਨੂੰਨੀ ਫ਼ੈਸਲੇ ਤੋਂ ਦਿੱਲੀ ਅਤੇ ਪੰਜਾਬ ਦੇ ਆਪਣੀ ਵਿਰਾਸਤ ਪ੍ਰਤੀ ਸੁਹਿਰਦ ਪੰਜਾਬੀਆਂ ਨੂੰ ਇਹ ਲੱਗਿਆ ਜਿਵੇਂ ਪੰਜਾਬ ਦੀ ਸ਼ਾਨ ਦਿਆਲ ਸਿੰਘ ਮਜੀਠੀਆ ਵਰਗੇ ਮਹਾਨ ਦਾਨਵੀਰ ਪੰਜਾਬੀ ਦੀ ਵਿਰਾਸਤ ਦਾ ਅਪਮਾਨ ਕੀਤਾ ਜਾ ਰਿਹਾ ਹੈ, ਜਿਸ ਨੇ ਸੰਸਥਾਵਾਂ ਦੇ ਨਿਰਮਾਣ ਲਈ ਆਪਣੀ ਸਾਰੀ ਦੌਲਤ ਪੰਜਾਬੀ ਸਮਾਜ ਦੇ ਹਵਾਲੇ ਕਰ ਦਿੱਤੀ ਸੀ। ਸ. ਦਿਆਲ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਲਾਹੌਰ ਤੋਂ ਅੰਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਅਤੇ ਪੰਜਾਬ ਨੈਸ਼ਨਲ ਬੈਂਕ ਦੀ ਸ਼ੁਰੂਆਤ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਹੋ ਚੁੱਕੀ ਸੀ। 1848 ਵਿੱਚ ਜਨਮੇ ਅਤੇ 1898 ਵਿੱਚ ਭਰ ਉਮਰੇ ਚਲ ਵਸੇ ਦਿਆਲ ਸਿੰਘ ਮਜੀਠੀਆ ਨੇ ਆਪਣੀ ਵਸੀਅਤ, ਜਿਸ ਨੂੰ ਉਨ੍ਹਾਂ ਦੇ ਦੇਹਾਂਤ ਉਪਰੰਤ ਖੋਲ੍ਹਿਆ ਗਿਆ, ਵਿੱਚ ਆਪਣੀ ਲਗਪਗ ਸਾਰੀ ਦੌਲਤ ਇੱਕ ਟਰੱਸਟ ਹਵਾਲੇ ਕਰ ਦਿੱਤੀ ਸੀ, ਜਿਸ ਦੇ ਮੈਂਬਰ ਉਨ੍ਹਾਂ ਖ਼ੁਦ ਹੀ ਨਾਮਜ਼ਦ ਕਰ ਦਿੱਤੇ ਸਨ। ਇਨ੍ਹਾਂ ਵਿੱਚ ਰਾਜਾ ਨਰਿੰਦਰ ਨਾਥ, ਬਾਬੂ ਜੋਗਿੰਦਰ ਚੰਦਰ ਬੋਸ, ਲਾਲਾ ਹਰਕਿਸ਼ਨ, ਲਾਲਾ ਰੁਚੀ ਰਾਮ ਸਾਹਨੀ ਅਤੇ ਉਸ ਵੇਲੇ ਦੀਆਂ ਹੋਰ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਸਨ। ਇਸ ਟਰੱਸਟ ਨੇ ਵਿੱਦਿਅਕ ਸੰਸਥਾਵਾਂ ਦਾ ਨਿਰਮਾਣ ਕਰਨਾ ਸੀ ਅਤੇ ਇਨ੍ਹਾਂ ਸੰਸਥਾਵਾਂ ਅਤੇ ਟ੍ਰਿਬਿਊਨ ਅਖ਼ਬਾਰ ਦੀ ਦੇਖ-ਭਾਲ ਕਰਨੀ ਸੀ। ਟ੍ਰਿਬਿਊਨ 1881 ਤੋਂ ਹੀ ਲਾਹੌਰ ਤੋਂ ਪ੍ਰਕਾਸ਼ਿਤ ਹੋ ਰਿਹਾ ਸੀ। ਇਸ ਟਰੱਸਟ ਨੇ 1908 ਵਿੱਚ ਦਿਆਲ ਸਿੰਘ ਪਬਲਿਕ ਲਾਇਬ੍ਰੇਰੀ ਅਤੇ 1910 ਵਿੱਚ ਦਿਆਲ ਸਿੰਘ ਕਾਲਜ ਨਿਸਬਤ ਰੋਡ ਲਾਹੌਰ ਵਿਖੇ ਸਥਾਪਤ ਕੀਤੇ, ਜੋ ਅੱਜ ਵੀ ਜਾਰੀ ਹਨ। 1947 ਦੀ ਦੇਸ਼ ਵੰਡ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਦਿਆਲ ਸਿੰਘ ਕਾਲਜ ਨੂੰ ਸਰਕਾਰੀ ਹੱਥਾਂ ਵਿੱਚ ਲੈ ਕੇ ਇਸ ਦਾ ਨਾਂ ਸਰਕਾਰੀ ਦਿਆਲ ਸਿੰਘ ਕਾਲਜ ਕਰ ਦਿੱਤਾ ਅਤੇ 2000 ਤੋਂ ਬਾਅਦ ਦਿਆਲ ਸਿੰਘ ਰਿਸਰਚ ਅਤੇ ਸੱਭਿਆਚਾਰਕ ਕੇਂਦਰ ਵੀ ਪਾਕਿਸਤਾਨ ਸਰਕਾਰ ਵੱਲੋਂ ਕਾਇਮ ਕੀਤਾ ਗਿਆ। ਦਿਆਲ ਸਿੰਘ ਕਾਲਜ, ਲਾਹੌਰ ਦੇ ਪਹਿਲੇ ਪ੍ਰਿੰਸੀਪਲ ਐੱਨ.ਜੀ. ਵੇਲਿੰਕਰ ਨੂੰ ਬਣਾਇਆ ਗਿਆ। ਬਾਅਦ ਵਿੱਚ 1912-15 ਦਰਮਿਆਨ ਪ੍ਰਸਿੱਧ ਸ਼ਖ਼ਸੀਅਤ ਸਾਧੂ ਟੀ.ਐੱਲ.ਵਾਸਵਾਨੀ ਇਸ ਦੇ ਪ੍ਰਿੰਸੀਪਲ ਰਹੇ। ਪੰਡਿਤ ਹੇਮਰਾਜ ਲੰਬਾ ਸਮਾਂ ਪ੍ਰਿੰਸੀਪਲ ਰਹੇ। ਵੰਡ ਸਮੇਂ ਦਇਆ ਨਾਥ ਭੱਲਾ ਪ੍ਰਿੰਸੀਪਲ ਸਨ, ਜਿਨ੍ਹਾਂ ਨੇ ਵੰਡ ਤੋਂ ਬਾਅਦ ਦਿੱਲੀ ਵਿੱਚ ਫਿਰ ਦਿਆਲ ਸਿੰਘ ਕਾਲਜ ਦੇ ਪ੍ਰਿੰਸੀਪਲ ਅਤੇ ਪੰਜਾਬ ਯੂਨੀਵਰਸਿਟੀ ਦੇ ਪਹਿਲੇ ਰਜਿਸਟਰਾਰ ਦੀ ਜ਼ਿੰਮੇਵਾਰੀ ਸੰਭਾਲੀ। (ਹਵਾਲੇ-ਡਾ. ਸੱਯਦ ਸੁਲਤਾਨ ਮਹਿਮੂਦ ਹੁਸੈਨ ਦੀ ਲਾਹੌਰ ਤੋਂ ਛਪੀ ਅੰਗਰੇਜ਼ੀ ਕਿਤਾਬ-ਦਿਆਲ ਸਿੰਘ ਕਾਲਜ ਦੇ ਸੌ ਵਰ੍ਹੇ-1910-2010)।

ਬਟਵਾਰੇ ਤੋਂ ਬਾਅਦ ਦਿਆਲ ਸਿੰਘ ਟਰੱਸਟ ਦੇ ਮੋਢੀ ਟਰੱਸਟੀ ਰਾਜਾ ਨਰਿੰਦਰ ਨਾਥ ਦੇ ਬੇਟੇ ਦੀਵਾਨ ਆਨੰਦ ਕੁਮਾਰ ਨੇ ਭਾਰਤ ਵਿੱਚ ਦਿਆਲ ਸਿੰਘ ਸੰਸਥਾਵਾਂ ਦੀ ਸ਼ੁਰੂਆਤ ਦੇ ਯਤਨ ਆਰੰਭੇ। ਦਿੱਲੀ ਵਿੱਚ ਪੰਜਾਬ ਯੂਨੀਵਰਸਿਟੀ ਦੇ ਨਾਲ ਜੁੜੇ ਕੈਂਪ ਕਾਲਜ ਨੂੰ 1948 ਵਿੱਚ ਸ਼ੁਰੂ ਕੀਤਾ ਗਿਆ। 1952 ਵਿੱਚ ਰੌਜ਼ ਐਵੇਨਿਊ ਦਿੱਲੀ ਤੋਂ ਦਿਆਲ ਸਿੰਘ ਕਾਲਜ, ਲਾਇਬ੍ਰੇਰੀ ਅਤੇ ਟ੍ਰਿਬਿਊਨ ਦਫ਼ਤਰ ਸ਼ੁਰੂ ਕੀਤਾ ਗਿਆ। ਦਿਆਲ ਸਿੰਘ ਟਰੱਸਟ ਸੁਸਾਇਟੀ, ਕਰਨਾਲ ਤੋਂ ਰਜਿਸਟਰ ਕਰਵਾ ਕੇ ਕਰਨਾਲ ਤੇ ਦਿੱਲੀ ਵਿੱਚ ਦਿਆਲ ਸਿੰਘ ਕਾਲਜ ਤੇ ਸਕੂਲ ਖੋਲ੍ਹੇ। 1959 ਵਿੱਚ ਕੈਂਪ ਕਾਲਜ ਨੂੰ ਦਿਆਲ ਸਿੰਘ ਕਾਲਜ ਵਿੱਚ ਮਿਲਾ ਕੇ ਦਿੱਲੀ ਯੂਨੀਵਰਸਿਟੀ ਨਾਲ ਜੋੜਿਆ ਗਿਆ। 1961 ਵਿੱਚ ਦਿਆਲ ਸਿੰਘ ਕਾਲਜ ਨੂੰ ਲੋਧੀ ਰੋਡ 'ਤੇ ਮੌਜੂਦਾ ਜਗ੍ਹਾ ਦਿੱਤੀ ਗਈ, ਜਿੱਥੇ ਅਕਤੂਬਰ 1962 ਤੋਂ ਕਾਲਜ ਤਬਦੀਲ ਹੋਇਆ। 1963-66 ਤਕ ਕਾਲਜ ਦੋ ਸ਼ਿਫ਼ਟਾਂ ਵਿੱਚ ਚੱਲਿਆ ਅਤੇ 1967 ਤੋਂ ਦਿਆਲ ਸਿੰਘ ਕਾਲਜ (ਸ਼ਾਮ ਦੀਆਂ ਕਲਾਸਾਂ) ਸ਼ੁਰੂ ਕੀਤਾ ਗਿਆ। 1997 ਤੋਂ ਬਾਕਾਇਦਾ ਦਿਆਲ ਸਿੰਘ ਕਾਲਜ (ਸ਼ਾਮ) ਦੇ ਪ੍ਰਿੰਸੀਪਲ/ਸਟਾਫ ਦੀ ਨਿਯੁਕਤੀ ਹੋਈ। ਇਸੇ ਸ਼ਾਮ ਵਾਲੇ ਕਾਲਜ ਨੂੰ ਹੁਣ ਸਵੇਰ ਦੇ ਕਾਲਜ ਵਿੱਚ ਬਦਲ ਕੇ ਇਸ ਦਾ ਨਾਮ 'ਵੰਦੇ ਮਾਤਰਮ ਕਾਲਜ' ਰੱਖਣ ਦੇ ਯਤਨ ਹੋ ਰਹੇ ਹਨ, ਜੋ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਸੰਭਵ ਨਹੀਂ।

ਅਸਲ ਵਿੱਚ ਦਿਆਲ ਸਿੰਘ ਟਰੱਸਟ ਸੁਸਾਇਟੀ ਨੇ 1976 ਵਿੱਚ ਜ਼ਮੀਨ ਅਤੇ ਕਾਲਜ ਬਿਲਡਿੰਗ ਲਈ ਬਿਨਾਂ ਕਿਸੇ ਇਵਜ਼ਾਨੇ ਤੋਂ ਦਿੱਲੀ ਯੂਨੀਵਰਸਿਟੀ ਨੂੰ ਇਸ ਕਾਲਜ ਨੂੰ ਯੂਨੀਵਰਸਿਟੀ ਕਾਲਜ ਬਣਾਉਣ ਲਈ ਪ੍ਰਸਤਾਵ ਦਿੱਤਾ, ਜਿਸ ਅਨੁਸਾਰ 1978 ਵਿੱਚ ਦਿਆਲ ਸਿੰਘ ਸੁਸਾਇਟੀ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਸਮਝੌਤੇ ਮਗਰੋਂ ਇਹ ਕਾਲਜ ਦਿੱਲੀ ਯੂਨੀਵਰਸਿਟੀ ਦਾ ਕਾਂਸਟੀਚੂਐਂਟ ਕਾਲਜ ਬਣਾ ਦਿੱਤਾ ਗਿਆ। ਪਰ ਇਸ ਸਮਝੌਤੇ ਦੀ ਸ਼ਰਤ ਨੰ. 12 ਅਨੁਸਾਰ ਇਸ ਕਾਲਜ ਦਾ ਨਾਂ ਨਹੀਂ ਬਦਲਿਆ ਜਾ ਸਕਦਾ। ਸ਼ਰਤ ਨੰ. 12 ਅਨੁਸਾਰ ਕਾਲਜ ਦੀ ਜ਼ਮੀਨ ਤੇ ਇਮਾਰਤ ਕੇਂਦਰੀ ਸਰਕਾਰ ਦੇ ਲੈਂਡ ਐਂਡ ਡਿਵੈਲਪਮੈਂਟ ਦਫ਼ਤਰ ਤੋਂ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਮਿਲਣ ਬਾਅਦ ਹੀ ਦਿੱਲੀ ਯੂਨੀਵਰਸਿਟੀ ਨੂੰ ਤਬਦੀਲ ਹੋ ਸਕਦੀ ਸੀ, ਜੋ ਇਹ ਸਰਟੀਫਿਕੇਟ ਨਾ ਮਿਲਣ ਕਰਕੇ ਅੱਜ ਤਕ ਤਬਦੀਲ ਨਹੀਂ ਹੋਈ। 1984 ਵਿੱਚ ਕਾਲਜ ਨੂੰ ਮਿਲੀ ਕੁਝ ਹੋਰ ਜ਼ਮੀਨ ਵੀ ਦਿਆਲ ਸਿੰਘ ਟਰੱਸਟ ਦੇ ਨਾਂ ਹੀ ਦਿੱਤੀ ਗਈ ਅਤੇ ਅੱਜ ਤਕ ਵੀ ਬਿਜਲੀ ਦਾ ਬਿੱਲ, ਸੁਸਾਇਟੀ ਦੇ ਨਾਂ ਹੀ ਆਉਂਦਾ ਹੈ।

ਵੰਡ ਤੋਂ ਬਾਅਦ ਸਥਾਪਤ ਦਿੱਲੀ ਦੇ ਦਿਆਲ ਸਿੰਘ ਕਾਲਜ ਨਾਲ ਵੀ ਕਾਲਜ ਪ੍ਰਧਾਨ ਅਤੇ ਪ੍ਰਿੰਸੀਪਲ ਰੂਪ ਵਿੱਚ ਉੱਘੀਆਂ ਸ਼ਖ਼ਸੀਅਤਾਂ ਜੁੜੀਆਂ ਰਹੀਆਂ ਹਨ। ਲਾਹੌਰ ਤੋਂ ਹੀ ਉੱਘੇ ਦੇਸ਼ ਭਗਤ ਅਤੇ ਲੇਖਕ-ਸੰਪਾਦਕ ਲਾਲਾ ਫ਼ਿਰੋਜ਼ ਚੰਦ, ਲਾਲਾ ਬ੍ਰਿਸ਼ ਭਾਨ, ਦੀਵਾਨ ਆਨੰਦ ਕੁਮਾਰ, ਪ੍ਰੋ. ਵੀ.ਪੀ.ਦੱਤ, ਪ੍ਰੋ. ਸ਼ਾਹਿਦ ਮਾਹਦੀ, ਸ਼ੈਲਜਾ ਚੰਦਰ, ਐੱਸ ਐੱਸ. ਗਿੱਲ ਵਰਗੇ ਨਾਮੀਂ-ਗਿਰਾਮੀ ਵਿਅਕਤੀ ਇਸ ਕਾਲਜ ਦੇ ਪ੍ਰਧਾਨ ਰਹੇ। ਬੀ.ਐੱਮ. ਭੱਲਾ ਇਸ ਦੇ ਲੰਬਾ

ਬਾਕੀ ਸਫ਼ਾ 30 'ਤੇ


Sir Speedy Tustin
Printers to the Community
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x11' Promo Flag
Only $29/-
Pole & Spike $55/-
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਤਵਾਰੀਖੀ ਖੁਲਾਸਾ : 1971 ਦੀ ਜੰਗ ਦੀਆਂ ਯਾਦਾਂ

**ਕਰਨਲ ਬਲਬੀਰ ਸਿੰਘ ਸਰਾਂ**

ਹਰ ਸਾਲ ਦਸੰਬਰ ਵਿੱਚ ਭਾਰਤੀ ਸੈਨਾਵਾਂ ਦਾ 'ਝੰਡਾ ਦਿਵਸ' ਅਤੇ ਇਸ ਦੇ ਪਿੱਛੇ ਦੇਸ਼ ਲਈ ਫ਼ੌਜੀ ਕੁਰਬਾਨੀਆਂ ਦਾ ਇਤਿਹਾਸ ਯਾਦ ਆਉਂਦਾ ਹੈ। ਇਸ ਦੇ ਨਾਲ ਹੀ 1971 ਦੀ ਭਾਰਤ-ਪਾਕਿਸਤਾਨ ਜੰਗ। ਇੱਕ ਨਿਰਣਾਇਕ ਜਿੱਤ। ਇੱਕ ਨਵੇਂ ਮੁਲਕ ਬੰਗਲਾਦੇਸ਼ ਦਾ ਜਨਮ। ਤਕਰੀਬਨ ਇੱਕ ਲੱਖ ਪਾਕਿਸਤਾਨੀ ਸੈਨਿਕਾਂ ਵੱਲੋਂ ਹਥਿਆਰ ਸੁੱਟ ਕੇ ਆਤਮ-ਸਮਰਪਣ। ਬੰਗਲਾਦੇਸ਼ ਦਾ ਨਿਰਮਾਤਾ ਸ਼ੇਖ ਮੁਜੀਬਰ ਰਹਿਮਾਨ ਅਤੇ ਉਹ ਇਤਿਹਾਸਕ ਫੋਟੋ ਜਿਸ ਵਿੱਚ ਭਾਰਤੀ ਪੂਰਬੀ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਮੇਜਰ ਜਨਰਲ ਜੇ.ਐੱਫ.ਆਰ. ਜੈਕਬ, ਹੋਰ ਸੀਨੀਅਰ ਭਾਰਤੀ ਅਫ਼ਸਰ, ਪਾਕਿਸਤਾਨੀ ਫ਼ੌਜ ਦੀ ਅਗਵਾਈ ਕਰਨ ਵਾਲਾ ਲੈਫਟੀਨੈਂਟ ਜਨਰਲ ਏ.ਏ.ਕੇ. ਨਿਆਜ਼ੀ ਸਮਰਪਣ ਦੇ ਕਾਗਜ਼ 'ਤੇ ਦਸਤਖਤ ਕਰਦਾ ਹੋਇਆ ਆਦਿ ਸਭ ਕੁਝ ਯਾਦ ਆਉਂਦਾ ਹੈ। ਅੱਜ 46 ਸਾਲ ਹੋ ਗਏ ਹਨ।

1971 ਦੇ ਯੁੱਧ ਤੋਂ ਥੋੜ੍ਹਾ ਪਹਿਲਾਂ ਤੋਂ ਗੱਲ ਸ਼ੁਰੂ ਕਰੀਏ। ਮੈਂ ਜੁਲਾਈ 1969 ਤੋਂ ਸਿੱਕਿਮ ਵਿੱਚ 'ਬਲੈਕ ਕੈਟ' ਡਿਵੀਜ਼ਨ ਵਿੱਚ ਕੈਪਟਨ ਤਾਇਨਾਤ ਸਾਂ। ਕੰਮ ਇੰਟੈਲੀਜੈਂਸ ਅਤੇ ਅਪਰੇਸ਼ਨਜ਼ ਦਾ ਸੀ। ਸਾਡੇ ਉਪਰਲੇ ਅਫ਼ਸਰ ਬਹੁਤ ਹੀ ਤਜਰਬੇਕਾਰ ਸਨ। ਅਸੀਂ ਹੇਠਲੀ ਕੜੀ ਦਾ ਹਿੱਸਾ ਸਾਂ। ਸਾਡੇ ਡਿਵੀਜ਼ਨ ਦਾ ਘੈਂਛ, ਮੇਜਰ ਜਨਰਲ ਇੰਦਰਜੀਤ ਸਿੰਘ ਗਿੱਲ ਪੈਰਾਸ਼ੂਟ ਰੈਜੀਮੈਂਟ ਦਾ ਖ਼ਤਰਿਆਂ ਨਾਲ ਖੇਡਣ ਦਾ ਸ਼ੌਕੀਨ ਅਫ਼ਸਰ ਵੇਖਣ ਅਤੇ ਬੋਲਣ ਵਿੱਚ ਗੋਰਾ ਸਾਹਿਬ ਸੀ। ਉਹ ਮਗਰੋਂ ਡਾਇਰੈਕਟਰ ਜਨਰਲ ਮਿਲਟਰੀ ਅਪਰੇਸ਼ਨਜ਼ ਪੋਸਟਿੰਗ ਚਲਾ ਗਿਆ।

ਉਨ੍ਹਾਂ ਵੇਲਿਆਂ ਵਿੱਚ ਸਿੱਕਿਮ ਇੱਕ ਆਜ਼ਾਦ ਦੇਸ਼ ਸੀ। ਇੱਥੋਂ ਦੇ ਰਾਜੇ ਨੂੰ 'ਚੋਗਿਆਲ' ਅਤੇ ਰਾਣੀ ਨੂੰ 'ਗਿਆਲਮੋ' ਕਹਿੰਦੇ ਸਨ। ਇਹ ਬੋਧੀ ਰਾਜ ਸੀ। ਅੰਦਰੂਨੀ ਕੰਮਾਂ ਵਿੱਚ ਇਹ ਆਜ਼ਾਦ ਭਾਰਤ ਦਾ ਇੱਕ ਪਰੋਟੈਕਟੋਰੇਟ ਦੇਸ਼ ਸੀ ਭਾਵ ਇਸ ਦੀ ਸੁਰੱਖਿਆ ਲਈ ਭਾਰਤ ਜ਼ਿੰਮੇਵਾਰ ਸੀ। ਮਗਰੋਂ ਜਾ ਕੇ ਇੰਦਰਾ ਗਾਂਧੀ ਨੇ ਇਸ ਨੂੰ ਭਾਰਤ ਨਾਲ ਰਲਾ ਲਿਆ। ਹੁਣ ਇਹ ਬਹੁਤ ਹੀ ਰਮਣੀਕ ਸੂਬਾ ਭਾਰਤ ਦਾ ਇੱਕ ਹਿੱਸਾ ਹੈ। ਇਹ ਪੱਛਮੀ ਬੰਗਾਲ ਵਿੱਚ ਸਿਲੀਗੁੜੀ ਸਟੇਸ਼ਨ ਤੋਂ ਅੱਗੇ ਇੱਕ ਦਿਨ ਦਾ ਰਸਤਾ ਹੈ। ਇਸ ਦੀ ਰਾਜਧਾਨੀ ਗੰਗਟੋਕ ਸਮੁੰਦਰੀ ਤਲ ਤੋਂ 5,000 ਫੁੱਟ ਉਚਾਈ 'ਤੇ ਸਥਿਤ ਹੈ। ਜੰਗਲ ਬਹੁਤ ਅਤੇ ਉਪਰਲੇ ਇਲਾਕੇ ਬਰਫ਼ ਵਾਲੇ ਹਨ।

ਸਾਡਾ ਡਿਵੀਜ਼ਨ ਹੈੱਡਕੁਆਰਟਰ ਗੰਗਟੋਕ ਤੋਂ 17 ਮੀਲ, ਸਮੁੰਦਰੀ ਤਲ ਤੋਂ 12000 ਫੁੱਟ ਉਚਾਈ 'ਤੇ ਕਿਆਂਗ-ਨੋਸਲਾ 'ਤੇ ਸਥਿਤ ਸੀ। ਟੀਨ ਦੇ ਸ਼ੈੱਡ, ਅੰਦਰ ਥਰਮੋਕੋਲ, ਮਿੱਟੀ ਦੇ ਤੇਲ ਦੀਆਂ ਬੁਖਾਰੀਆਂ ਕਿਸੇ ਵੀ ਹਾਈਐਲਟੀਚਿਊਡ (ਬਹੁਤ ਉਚਾਈ) 'ਤੇ ਸਥਿਤ ਫ਼ੌਜੀ ਇਲਾਕੇ ਵਰਗਾ। ਪਹਿਲਾਂ ਡਿਵੀਜ਼ਨ ਹੈੱਡਕੁਆਰਟਰ ਗੰਗਟੋਕ ਵਿਖੇ ਹੁੰਦਾ ਸੀ। ਫਿਰ ਚੀਨੀ ਗੜਬੜੀ ਨੂੰ ਰੋਕਣ ਲਈ ਇਹ ਪੂਰੀ ਤਰ੍ਹਾਂ ਅੱਗੇ ਲੱਗ ਗਿਆ। ਉੱਤਰੀ ਸਿੱਕਿਮ, ਚੋ ਲਾ 14000 ਫੁੱਟ ਅਤੇ ਨਾਥੂ ਲਾ 13000 ਫੁੱਟ ਇਸ ਦੇ ਮੁੱਖ ਡਿਫੈਂਸ ਦੇ ਇਲਾਕੇ ਸਨ। ਨਾਥੂ ਲਾ ਉਹ ਜਗ੍ਹਾ ਹੈ ਜਿੱਥੇ ਉਸ ਵਕਤ ਅਤੇ ਹੁਣ ਵੀ ਚੀਨੀ ਅਤੇ ਭਾਰਤੀ ਆਹਮੋ-ਸਾਹਮਣੇ ਹਨ। ਇਸ ਇਲਾਕੇ 'ਚੋਂ ਕੰਚਨਜੰਗਾ ਵੱਲੋਂ ਚੜ੍ਹਦੇ ਸੂਰਜ ਦ੍ਰਿਸ਼ ਇੱਕ ਨਾ ਭੁੱਲਣ ਵਾਲਾ ਨਜ਼ਾਰਾ ਹੈ। ਸਾਡੇ ਉਸ ਵਕਤ ਦੇ ਜ਼ਿੰਮੇਵਾਰੀ ਦੇ ਇਲਾਕੇ ਦੇ ਦੱਖਣ ਵਿੱਚ 'ਡੋਕਲਾਮ' ਸਥਿਤ ਹੈ ਜਿੱਥੇ ਇਸ ਵਰ੍ਹੇ ਡੇਢ ਮਹੀਨਾ ਦੋਵੇਂ ਦੇਸ਼ਾਂ ਦੇ ਫ਼ੌਜੀ ਆਹਮੋ-ਸਾਹਮਣੇ ਸਨ ਅਤੇ ਕੁਝ ਵੀ ਹੋ ਸਕਦਾ ਸੀ। ਸ਼ੁਕਰ ਹੈ ਕਿ ਇੱਥੇ ਬਹੁਤ ਉਚਾਈ ਤਕ ਜੰਗਲ



ਭਾਰਤੀ ਥਲ ਸੈਨਾ ਦੀ ਪੂਰਬੀ ਕਮਾਨ ਦੇ ਮੁਖੀ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਹੋਰ ਅਫ਼ਸਰਾਂ ਦੀ ਹਾਜ਼ਰੀ ਵਿੱਚ ਸਮਰਪਣ ਸਮਝੌਤੇ ਉੱਤੇ ਹਸਤਾਖਰ ਕਰਦੇ ਹੋਏ ਪਾਕਿਸਤਾਨ ਦੇ ਲੈਫਟੀਨੈਂਟ/ਜਨਰਲ ਏ.ਏ.ਕੇ. ਨਿਆਜ਼ੀ।

ਹੈ ਜਿਸ ਸਦਕਾ ਆਕਸੀਜਨ ਦੀ ਕਮੀ ਨਹੀਂ ਹੁੰਦੀ ਅਤੇ ਸਾਹ ਘੱਟ ਚੜ੍ਹਦਾ ਹੈ।

1970 ਵਿੱਚ ਪਾਕਿਸਤਾਨ ਵਿੱਚ ਹੋਈਆਂ ਚੋਣਾਂ ਵਿੱਚ ਪੂਰਬੀ ਪਾਕਿਸਤਾਨ ਦੇ ਸ਼ੇਖ ਮੁਜੀਬਰ ਰਹਿਮਾਨ ਦੀ ਪਾਰਟੀ ਨੂੰ ਭਾਰੀ ਬਹੁਮਤ ਹਾਸਲ ਹੋਇਆ। ਇਹ ਗੱਲ ਭੁੱਟੋ ਅਤੇ ਉਨ੍ਹਾਂ ਦੇ ਜਰਨੈਲਾਂ ਨੂੰ ਹਜ਼ਮ ਨਹੀਂ ਹੋ ਸਕਦੀ ਸੀ। ਵਿਦੇਸ਼ੀ ਮੁਦਰਾ, ਬੰਗਾਲੀ ਕਮਾਉਂਦੇ ਅਤੇ ਐਸ਼ ਕਰਦੇ ਪੱਛਮ ਵਾਲੇ। ਹੋਰ ਤਾਂ ਹੋਰ, ਲਹਿੰਦੇ ਪੰਜਾਬ ਵਾਲੇ ਤਾਂ ਪਾਕਿਸਤਾਨ 'ਤੇ ਰਾਜ ਕਰਨ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਸਨ। ਸਮੱਸਿਆ ਦੇ ਸਿਆਸੀ ਹੱਲ ਲਈ ਵਾਰਤਾਵਾਂ ਟੁੱਟ ਗਈਆਂ। ਫ਼ੌਜ ਨੇ ਬੰਗਾਲੀ ਨੂੰ ਦਬਾਉਣਾ ਕੁਚਲਣਾ ਸ਼ੁਰੂ ਕਰ ਦਿੱਤਾ। ਮਨਮਰਜ਼ੀਆਂ ਤੇ ਔਰਤਾਂ ਦੀ ਬੇਪਤੀ ਆਮ ਗੱਲ ਹੋ ਗਈ ਸੀ। ਪਾਕਿਸਤਾਨੀ ਫ਼ੌਜੀ ਅਫ਼ਸਰ ਐਸ਼ ਕਰ ਰਹੇ ਸਨ। ਭਾਰਤੀ ਫ਼ੌਜ ਨੇ ਆਪਣੀ ਜਿੱਤ ਮਗਰੋਂ ਜਾ ਕੇ ਦੇਖਿਆ ਤਾਂ ਉਨ੍ਹਾਂ ਦੇ ਬੰਕਰ ਆਦਿ ਇੰਜ ਲੱਗਦੇ ਸਨ ਜਿਵੇਂ ਰਾਜਿਆਂ ਦੇ ਟਿਕਾਣੇ ਹੋਣ। ਅਸੀਂ ਤਾਂ ਬਹੁਤ ਗ਼ਰੀਬਾਂ ਵਾਂਗ ਰਹੇ ਸਾਂ। ਬੰਗਾਲ ਦੇ ਦੁਖੀ ਲੋਕ ਚੋਰੀ-ਛੁਪੇ ਭਾਰਤ ਵਿੱਚ ਸ਼ਰਨਾਰਥੀ ਬਣ ਕੇ ਆ ਰਹੇ ਸਨ। ਇਨ੍ਹਾਂ ਕੈਂਪਾਂ ਵਿੱਚ ਸ਼ਰਨਾਰਥੀਆਂ ਦੀ ਗਿਣਤੀ ਲੱਖ ਤੋਂ ਉੱਤੇ ਟੱਪ ਗਈ। ਖ਼ੁਦ ਗ਼ਰੀਬੀ ਨਾਲ ਜੂਝ ਰਿਹਾ ਕਿਹੜਾ ਦੇਸ਼ ਦੂਜੇ ਦੇਸ਼ ਦੇ ਸ਼ਰਨਾਰਥੀਆਂ ਨੂੰ ਲੰਮੇ ਅਰਸੇ ਲਈ ਪਨਾਹ ਦੇ ਸਕਦਾ ਹੈ? ਸਾਡੀ ਵਿਦੇਸ਼ ਨੀਤੀ ਅਤੇ ਹੋਰ ਵਿਉਂਤਬੰਦੀ ਸਾਡੇ ਨੇਤਾ ਹੀ ਤੈਅ ਕਰਦੇ ਹਨ। ਉਸ ਵਕਤ ਸਾਡੇ ਨੇਤਾ, ਅਗਲੀਆਂ ਚੋਣਾਂ 'ਤੇ ਅੱਖ ਰੱਖ ਕੇ ਗੁਆਂਢੀ ਨਾਲ ਪੁਰਾਣੀਆਂ ਕੜ੍ਹਿੱਲਾਂ ਕੱਢਣੀਆਂ ਚਾਹੁੰਦੇ ਸਨ। ਉਹ 'ਟੂ ਨੇਸ਼ਨ ਥਿਊਰੀ', ਜਿਸ ਦੇ ਆਧਾਰ 'ਤੇ ਪਾਕਿਸਤਾਨ ਬਣਿਆ ਸੀ, ਫੇਲ੍ਹ ਕਰਕੇ ਦਿਖਾਉਣਾ ਚਾਹੁੰਦੇ ਸਨ। ਭਾਰਤ ਦੀ ਵਾਗਡੋਰ ਸ੍ਰੀਮਤੀ ਇੰਦਰਾ ਗਾਂਧੀ ਦੇ ਹੱਥ ਸੀ ਅਤੇ ਪਾਰਲੀਮੈਂਟ ਵਿੱਚ ਬਹੁਮਤ ਸੀ। ਕੌਮਾਂਤਰੀ ਪੱਧਰ 'ਤੇ ਵੀ ਬਹੁਤੇ ਦੇਸ਼ ਜਬਰ/ਜ਼ੁਲਮ ਖ਼ਿਲਾਫ਼ ਆਜ਼ਾਦੀ ਦੇ ਸਮਰਥਕ ਹੋ ਨਿੱਬੜਦੇ ਹਨ।

ਸਾਡੀ ਪੂਰਬੀ ਫ਼ੌਜ ਨੂੰ ਹੁਕਮ ਸਨ ਕਿ ਸ਼ਰਨਾਰਥੀ ਰੋਕੇ ਜਾਣ। ਪੂਰਬੀ ਪਾਕਿਸਤਾਨ ਦੇ ਆਜ਼ਾਦ ਖਿਆਲ ਬੰਗਾਲੀਆਂ ਦੀ ਮਦਦ ਕੀਤੀ ਜਾਵੇ। ਇਸੇ ਤਹਿਤ ਸ਼ਰਨਾਰਥੀ ਕੈਂਪਾਂ 'ਚੋਂ ਜਵਾਨ ਬੰਗਾਲੀ ਵਾਲੰਟੀਅਰ ਚੁਣ ਕੇ 'ਮੁਕਤੀ ਬਾਹਿਨੀ' (ਆਜ਼ਾਦੀ ਲਈ ਫ਼ੌਜ) ਤਿਆਰ ਹੋਈ। ਸਾਡੇ ਅਫ਼ਸਰਾਂ ਨੇ ਸਿਵਲ ਕੱਪੜਿਆਂ ਵਿੱਚ ਉਨ੍ਹਾਂ ਨੂੰ ਸਿਖਲਾਈ ਦਿੱਤੀ, ਹਥਿਆਰ ਦਿੱਤੇ। ਕਈ ਵਾਰੀ ਸਾਡੇ ਅਹੁਦੇਦਾਰ ਖ਼ੁਦ ਵੀ ਸਿਵਿਲ ਕੱਪੜਿਆਂ ਵਿੱਚ ਇਨ੍ਹਾਂ ਦੇ ਨਾਲ ਅੰਦਰ ਜਾ ਕੇ ਗੁਰੀਲਾ ਲੜਾਈ ਵਿੱਚ ਰੁੱਝੇ। ਇਹ ਮੁਕਤੀ ਬਾਹਿਨੀ ਪਾਕਿਸਤਾਨੀ ਫ਼ੌਜੀਆਂ ਦੇ ਪਿੱਛੇ ਪੈ ਗਈ। ਇਹ ਸਥਾਨਕ ਲੋਕ ਸਨ, ਭਾਸ਼ਾ ਜਾਣਦੇ ਸਨ ਅਤੇ ਇਨ੍ਹਾਂ ਕੋਲ ਵੱਖਰੇ ਆਜ਼ਾਦ ਦੇਸ਼ ਦਾ ਸੁਪਨਾ ਸੀ। ਨੁਕਸਾਨ ਦੋਵੇਂ ਪਾਸੇ ਹੋ ਰਿਹਾ ਸੀ। ਅਸੀਂ ਹਮਲਾਵਰ ਨਹੀਂ ਕਹਾਉਣਾ ਚਾਹੁੰਦੇ ਸਾਂ। ਅਸੀਂ ਇਸ ਤਾਕ ਵਿੱਚ ਸਾਂ ਕਿ ਦੁਖੀ ਹੋ ਕੇ ਪਾਕਿਸਤਾਨ ਸਾਡੇ 'ਤੇ ਹਮਲਾ ਕਰੇ ਜਿਸ ਲਈ ਅਸੀਂ ਤਿਆਰ ਬੈਠੇ ਸਾਂ। ਉਸ ਹਾਲਤ ਵਿੱਚ ਵਕਤ ਅਤੇ ਜਗ੍ਹਾ ਦੀ ਚੋਣ ਸਾਡੀ ਆਪਣੀ ਹੋਣੀ ਸੀ। ਇਹ ਵੀ ਪਤਾ ਸੀ ਕਿ ਲੜਾਈ ਇਕੱਲੀ ਪੂਰਬੀ ਮੁਹਾਜ਼ 'ਤੇ ਨਹੀਂ ਸਗੋਂ ਦੋਵਾਂ ਮੁਹਾਜ਼ਾਂ 'ਤੇ ਹੋਵੇਗੀ। ਅਸੀਂ ਚਾਹੁੰਦੇ ਸਾਂ ਕਿ ਪੂਰਬੀ ਪਾਕਿਸਤਾਨ ਵਿੱਚ ਦੁਸ਼ਮਣ ਦੀ ਫ਼ੌਜ ਘਿਰੀ ਰਹੇ। ਦੂਜੇ ਖਿੱਤੇ 'ਚੋਂ ਜਾਂ ਕਿਸੇ ਹੋਰ ਦੇਸ਼ ਵੱਲੋਂ ਮਦਦ ਨਾ ਪੁੱਜ ਸਕੇ ਅਤੇ ਪਹਿਲ ਸਾਡੇ ਹੱਥ ਰਹੇ। ਅਸੀਂ ਹਰ ਕਿਆਸੀ? ਅਣਕਿਆਸੀ ਮੁਸ਼ਕਿਲ ਦਾ ਹੱਲ ਸੋਚ ਰੱਖਿਆ ਸੀ। ਯੋਜਨਾਵਾਂ ਬਣੀਆਂ ਸਨ। ਭਾਰਤੀ ਫ਼ੌਜ ਤਿੰਨ ਦਿਨ, ਦੋ ਤੇ ਫਿਰ ਇੱਕ ਦਿਨ, ਫਿਰ 12 ਘੰਟੇ ਤੇ ਘਟਦੇ-ਘਟਦੇ ਇੱਕ ਘੰਟੇ ਦੇ ਨੋਟਿਸ 'ਤੇ ਮੁੱਠੀਆਂ 'ਚ ਥੁੱਕੀ ਬੈਠੀ ਸੀ।

ਮੈਂ ਤੇ ਮੇਰੇ ਵਰਗੇ ਹੋਰ ਜੂਨੀਅਰ ਅਫ਼ਸਰ, ਖ਼ਾਸਕਰ ਇਨਫੈਂਟਰੀ ਵਾਲੇ ਜਿਹੜੇ ਸੰਭਾਵੀ ਯੁੱਧ ਖੇਤਰ ਤੋਂ ਦੂਰ ਸਾਂ, ਵਾਪਸ ਪਲਟਨਾਂ 'ਚ ਜਾਣਾ ਚਾਹੁੰਦੇ ਸਾਂ ਤਾਂ ਜੋ ਮੌਕਾ ਮਿਲਣ 'ਤੇ ਆਪਣੇ ਜੁਆਨਾਂ ਨਾਲ ਰਲ ਕੇ ਦੁਸ਼ਮਣ ਨਾਲ ਲੋਹਾ ਲੈ ਸਕੀਏ। ਕਿਤੇ ਦੂਰ ਬੈਠੇ ਲੜਾਈ ਦੇ ਮੈਡਲ ਤੋਂ ਵਿਰਵੇ ਹੀ ਨਾ ਰਹਿ ਜਾਈਏ, ਪਰ ਪੋਸਟਿੰਗ ਤਾਂ ਅਰਸਾ ਪੂਰਾ ਕਰਨ 'ਤੇ ਹੀ ਆਉਣੀ ਸੀ। ਕਈ ਚਲੇ ਗਏ। ਕੈਪਟਨ (ਮਗਰੋਂ ਬ੍ਰਿਗੇਡੀਅਰ) ਕੁਲਦੀਪ ਸਿੰਘ ਚਾਂਦਪੁਰੀ, ਲੌਂਗੇਵਾਲਾ ਵਿੱਚ ਕੰਪਨੀ ਕਮਾਂਡਰ ਵੀ ਸਾਡੇ ਨਾਲ ਸੀ। ਉਸ ਦੀ ਪੋਸਟਿੰਗ ਪੱਛਮੀ ਖੇਤਰ ਰਾਜਸਥਾਨ ਵਿੱਚ ਆ ਗਈ ਅਤੇ ਉਸ ਦੀ ਬਹਾਦਰੀ ਕਰਕੇ ਮਹਾਂਵੀਰ ਚੱਕਰ ਮਿਲਿਆ। ਮੈਨੂੰ ਸਿਰਫ਼ ਦੋ ਸਾਲ ਹੀ ਹੋਏ ਸਨ। ਕੀ ਕਰ ਸਕਦੇ ਸਾਂ! ਆਖ਼ਿਰ ਲੱਦਾਖ, ਉੱਤਰ-ਪੂਰਬੀ ਭਾਰਤ ਦੇ ਚੀਨ ਨਾਲ ਲੱਗਦੇ ਇਲਾਕੇ ਦੀ ਵੀ ਤਾਂ ਕਿਸੇ ਨੇ ਰਾਖੀ ਕਰਨੀ ਸੀ।

ਅਚਾਨਕ ਮੇਰੀ ਯੁੱਧ ਖੇਤਰ ਵਿੱਚ 2 ਕੋਰ ਵਿੱਚ ਟੈਲੀਗਰਾਮ ਰਾਹੀਂ ਟੈਂਪਰੇਰੀ ਅਟੈਚਮੈਂਟ ਆ ਗਈ। ਇਹ ਹੈੱਡਕੁਆਰਟਰ ਪੱਛਮੀ ਬੰਗਾਲ ਵਿੱਚ ਕ੍ਰਿਸ਼ਨਾ ਨਗਰ ਵਿੱਚ ਕੱਚੇ ਤੌਰ 'ਤੇ ਕੰਮ ਰਿਹਾ ਸੀ। ਹੁਕਮ ਸੀ ਕਿ ਜਲਦੀ ਤੋਂ ਜਲਦੀ ਪੁੱਜੋ। ਅੱਗੋਂ ਮੈਂ ਕਲਾਈਕੁੰਡਾ ਏਅਰਬੇਸ 'ਤੇ ਡਿਊਟੀ ਕਰਨੀ ਸੀ। ਦਿਲ ਖ਼ੁਸ਼ ਹੋਇਆ ਕਿ ਚਲੋ ਘੱਟੋ-ਘੱਟ ਯੁੱਧ ਖੇਤਰ ਵਿੱਚ ਤਾਂ ਹੋਵਾਂਗੇ। ਚਾਰਜ ਦਿੱਤਾ। ਰਾਤ ਗੰਗਟੋਕ ਕੱਟੀ। ਅਗਲੇ ਦਿਨ ਕਾਨਵਾਈ ਰਾਹੀਂ ਸਿਲੀਗੁੜੀ ਰੇਲਵੇ ਸਟੇਸ਼ਨ ਪੁੱਜਿਆ, ਕਲਕੱਤਾ (ਅੱਜ ਦਾ ਕੋਲਕਾਤਾ) ਤੋਂ ਰੇਲਗੱਡੀ ਬਦਲੀ ਅਤੇ ਦੂਜੇ ਦਿਨ ਕ੍ਰਿਸ਼ਨਾ ਨਗਰ ਪੁੱਜਿਆ। ਸਟੇਸ਼ਨ ਤੋਂ ਫ਼ੌਜੀ ਗੱਡੀ ਨੇ ਹੈੱਡਕੁਆਰਟਰ ਪਹੁੰਚਾ ਦਿੱਤਾ। ਸ਼ਾਮ ਨੂੰ ਹੀ ਰਿਪੋਰਟ ਕੀਤਾ, ਬਿਸਤਰਾ ਲਾਇਆ ਅਤੇ ਅਗਲੇ ਦਿਨ ਇੰਟਰਵਿਊ ਦਾ ਹੁਕਮ ਮਿਲਿਆ। ਸਵੇਰੇ ਬ੍ਰਿਗੇਡੀਅਰ ਜੀ.ਐੱਸ ਅਤੇ ਜੀ.ਵਨ ਅਪਰੇਸ਼ਨਜ਼ ਲੈਫਟੀਨੈਂਟ ਕਰਨਲ ਐੱਸ.ਐੱਫ ਰੌਡਰਿਗਸ ਨੂੰ ਸਲੂਟ ਮਾਰਿਆ। ਉਨ੍ਹਾਂ ਨੇ ਮੈਨੂੰ ਏਅਰ ਫੋਟੋ ਇੰਟਰਪਰੈਟਰ ਦਾ ਕੰਮ ਦਿੱਤਾ। ਮੈਂ ਟਰੇਨਿੰਗ ਸਦਕਾ ਇਸ ਵਿੱਚ ਮਾਹਿਰ ਸਾਂ। ਹੁਕਮ ਮਿਲਿਆ: 'ਕਲਾਈਕੁੰਡਾ ਜਾਉ। ਉੱਥੇ ਹਵਾਈ ਸੈਨਾ ਦਾ ਇੱਕ ਫੋਟੋ ਇੰਟਰਪਰੈਟਰ ਕੰਮ ਕਰ ਰਿਹਾ ਹੈ। ਕੰਮ ਜਲਦੀ ਅਤੇ ਐਕੂਰੇਟ ਹੋਵੇ।' ਮੈਂ ਬਿਸਤਰਾ ਬੰਨ੍ਹਿਆ। ਵਨ ਟਨ ਟਰੱਕ ਕੁਝ ਘੰਟਿਆਂ 'ਚ ਕਲਾਈਕੁੰਡਾ ਲੈ ਗਿਆ। ਰਿਪੋਰਟ ਕੀਤੀ। ਏਅਰ ਬੇਸ ਪੂਰੀ ਤਰ੍ਹਾਂ ਐਕਟਿਵ ਸੀ। ਅਸੀਂ ਵੀ ਸ਼ੁਰੂ ਹੋ ਗਏ। ਫਿਰ ਚੱਲ ਸੋ ਚੱਲ। ਰੋਟੀ-ਪਾਣੀ ਲਈ ਬਰੇਕ, ਚਾਹ ਕੰਮ 'ਤੇ ਅਤੇ ਕਮਰਾ ਸਿਰਫ਼ ਵਰਦੀ ਬਦਲਣ ਅਤੇ ਘੰਟਾ ਦੋ ਘੰਟੇ ਅੱਖ ਲਾਉਣ ਲਈ।

ਹਥਿਆਰ ਸੁੱਟਦੇ ਹੋਏ ਪਾਕਿਸਤਾਨੀ ਫ਼ੌਜੀ।

ਦਰਅਸਲ, 2 ਕੋਰ ਨਵਾਂ ਖੜ੍ਹਾ ਕੀਤਾ ਐਡਹਾਕ ਹੈੱਡਕੁਆਰਟਰ ਸੀ। ਇਸ ਕਰਕੇ ਥੋੜ੍ਹੇ ਅਫ਼ਸਰ ਪੋਸਟਿਡ ਸਨ। ਬਾਕੀ ਮੇਰੇ ਵਰਗੇ ਅਟੈਚ ਕਰਕੇ ਕੰਮ ਚੱਲ ਰਿਹਾ ਸੀ। ਕੋਰ ਕਮਾਂਡਰ ਲੈਫਟੀਨੈਂਟ ਜਨਰਲ ਟੀ.ਐੱਨ. ਰੈਣਾ ਇੱਕ ਨਿਹਾਇਤ ਤਕੜਾ ਜਰਨੈਲ ਸੀ। ਉਨ੍ਹਾਂ ਨੂੰ 1962 'ਚ ਮਹਾਂਵੀਰ ਚੱਕਰ ਮਿਲਿਆ ਸੀ। ਸੁਣਦੇ ਸਾਂ ਕਿ ਇਹ ਐਡਹਾਕ ਕੋਰ ਹੈੱਡਕੁਆਰਟਰ ਖੜ੍ਹਾ ਹੀ ਉਨ੍ਹਾਂ ਨੂੰ ਮੇਜਰ ਜਨਰਲ ਤੋਂ ਲੈਫਟੀਨੈਂਟ ਜਨਰਲ ਦੀ ਤਰੱਕੀ ਦੇਣ ਲਈ ਕੀਤਾ ਗਿਆ ਸੀ। ਇਹ ਵੀ ਸੁਣਦੇ ਸਾਂ ਕਿ ਉਹ ਪ੍ਰਧਾਨ ਮੰਤਰੀ ਦੇ ਨੇੜੇ ਸੀ। ਪਿੱਛੋਂ ਜਾ ਕੇ ਉਹ ਸੈਨਾ ਮੁਖੀ ਬਣੇ। ਘੌਂ-1 (ਅਪਰੇਸ਼ਨਜ਼) ਲੈਫਟੀਨੈਂਟ ਕਰਨਲ ਐੱਸ.ਐੱਫ. ਰੌਡਰਿਗਜ਼ ਸਨ ਜੋ ਬਾਅਦ ਵਿੱਚ ਸੈਨਾ ਮੁਖੀ ਅਤੇ ਪੰਜਾਬ ਦੇ ਰਾਜਪਾਲ ਰਹੇ। ਇਹ ਹੈੱਡਕੁਆਰਟਰ ਇੱਕ ਖਾਲੀ ਪਏ ਮੁਰਗੀਖਾਨੇ ਵਿੱਚ ਚੱਲ ਰਿਹਾ ਸੀ। ਹੋਰ ਕੋਈ ਜਗ੍ਹਾ ਨਹੀਂ ਸੀ ਮਿਲੀ। ਮੁਰਗੀਖਾਨੇ ਦੀ ਮਹਿਕ ਅਜੇ ਵੀ ਆਉਂਦੀ ਸੀ, ਪਰ ਨੱਕ ਮਰ ਜਾਂਦੇ ਹਨ। ਕਹਿੰਦੇ ਹਨ ਕਿ ਫ਼ੌਜੀ ਇਕੇਰਾਂ ਉਤਾਰਾ ਕਰ ਲੈਣ ਤਾਂ ਜੰਗਲ 'ਚ ਮੰਗਲ ਆਪੇ ਹੀ ਕਰ ਲੈਂਦੇ ਹਨ।

ਹਵਾਈ ਹਮਲੇ ਅਤੇ ਬਚਾਅ ਲਈ ਏਅਰ ਬੇਸ 'ਤੇ ਯੋਜਨਾਬੰਦੀ ਚਲਦੀ ਰਹਿੰਦੀ। ਹਾਂ, ਏਅਰ ਫੋਟੋ ਲੈ ਕੇ ਆਉਣ ਲਈ ਪੂਰੀ ਤਰ੍ਹਾਂ ਗੁਪਤ ਯੋਜਨਾਬੰਦੀ ਹੁੰਦੀ। 2 ਕੋਰ, ਕੋਈ ਇਲਾਕਾ ਚੁਣਦੀ, ਜਿਸ ਬਾਰੇ ਖ਼ੁਫ਼ੀਆ ਜਾਣਕਾਰੀ ਚਾਹੀਦੀ ਸੀ, ਮਿਸ਼ਨ ਮੰਗਦੀ। ਕਮਾਂਡ ਕਲੀਅਰ ਕਰਦੀ, ਹਵਾਈ ਫ਼ੌਜ ਨੂੰ ਭੇਜਦੀ, ਉਹ ਆਪਣੇ ਪੱਧਰ 'ਤੇ ਹੁਕਮ ਪਾਸ ਕਰਦੀ। ਏਅਰ ਬੇਸ ਪਲਾਨ ਕਰਦਾ। ਸੌਰਟੀ ਕਲੀਅਰ ਹੁੰਦੀ। ਇਸ ਦੀ ਜਾਣਕਾਰੀ ਕਮਾਂਡਰ ਅਤੇ ਪਾਇਲਟ ਨੂੰ ਹੀ ਹੁੰਦੀ ਸੀ। ਇਹ ਜਾਣਕਾਰੀ ਲੀਕ ਹੋਣ ਦੀ ਸੂਰਤ ਵਿੱਚ ਦੁਸ਼ਮਣ ਪਹਿਲਾਂ ਹੀ ਜਹਾਜ਼ ਸਕਰੈਂਬਲ ਕਰਕੇ ਮਾਰ ਸੁੱਟੇਗਾ ਜਾਂ ਏਅਰ ਪੈਟਰੋਲ ਰਾਹੀਂ ਨੇੜੇ ਹੀ ਨਹੀਂ ਢੁੱਕਣ ਦੇਵੇਗਾ। ਤੀਹ ਹਜ਼ਾਰ ਫੁੱਟ ਤੋਂ ਪਾਇਲਟ ਇਕੱਲਾ ਜਹਾਜ਼ ਲੈ ਕੇ ਦਿੱਤੇ ਇਲਾਕੇ 'ਚ ਚੱਕਰ ਕੱਢਦਾ, ਕੈਮਰੇ ਚਾਲੂ ਕਰਦਾ ਅਤੇ ਫਿਰ ਬੇਸ ਲਈ ਭੱਜ ਲੈਂਦਾ। ਇਧਰ ਸੁੱਖ ਦਾ ਸਾਹ ਆਉਂਦਾ ਕਿ ਜਹਾਜ਼ ਤੇ ਪਾਇਲਟ ਸੁਰੱਖਿਅਤ ਆ ਗਏ। ਕੈਮਰੇ ਖੁੱਲ੍ਹਦੇ, ਫ਼ਿਲਮਾਂ ਡਿਵੈਲਪ ਹੁੰਦੀਆਂ। ਪ੍ਰਿੰਟ ਕੱਢ ਸੁਕਾ ਸਾਡੇ ਦੋਵਾਂ ਕੋਲ ਆਉਂਦੇ। ਅਸੀਂ ਆਪਣੇ ਤਕਨੀਕੀ ਹਥਿਆਰਾਂ ਨਾਲ ਸ਼ੁਰੂ ਹੋ ਜਾਂਦੇ। ਕਿਹੜੇ ਇਲਾਕੇ ਵਿੱਚ ਕੀ ਕੁਝ ਹੈ, ਕਿੰਨਾ ਹੈ, ਕਿਹੜੀ ਅਤੇ ਕਿੰਨੀਆਂ ਗੰਨਾਂ ਹਨ, ਟੈਂਕ ਜੇਕਰ ਹਨ ਤਾਂ ਕਿੰਨੇ, ਕਿਸ ਕਿਸਮ ਦੇ? ਜੋ ਸਾਨੂੰ ਫੋਟੋ 'ਚ ਮਿਲਦਾ, ਰਿਪੋਰਟ ਤਿਆਰ ਕਰਕੇ ਏਅਰਬੇਸ ਤੋਂ 2 ਕੋਰ ਜਾਂ ਕਿਸੇ ਹੋਰ ਜਗ੍ਹਾ ਪਹੁੰਚਾਈ ਜਾਂਦੀ ਤਾਂ ਜੋ ਤਾਜ਼ਾ ਜਾਣਕਾਰੀ ਸਹਾਰੇ ਅਪਰੇਸ਼ਨਜ਼ ਬਰਾਂਚ ਯੋਜਨਾ ਬਣਾ ਸਕੇ। ਉਨ੍ਹਾਂ ਵੇਲਿਆਂ ਵਿੱਚ ਡਰੋਨ, ਸੈਟੇਲਾਈਟਸ, ਪਾਇਲਟ ਰਹਿਤ ਹਵਾਈ ਜਹਾਜ਼ ਜਾਂ ਗੂਗਲ ਬਾਬਾ ਨਹੀਂ ਹੁੰਦੇ ਸਨ। ਏਅਰ ਫੋਟੋ ਇੱਕ ਐਕੂਰੇਟ ਜਾਸੂਸੀ ਸਰੋਤ ਸੀ, ਪਰ ਸੀ ਖ਼ਤਰਨਾਕ ਅਤੇ ਮਹਿੰਗੀ। ਜਹਾਜ਼ ਅਤੇ ਪਾਇਲਟ ਦੋਵਾਂ ਨੂੰ ਬਹੁਤ ਖ਼ਤਰਾ ਹੁੰਦਾ ਸੀ ਕਿਉਂਕਿ ਕੌਮਾਂਤਰੀ ਪੱਧਰ 'ਤੇ ਵਾਯੂ ਖੇਤਰ ਦੀ ਉਲੰਘਣਾ ਆਦਿ ਇਸ ਕੰਮ ਦਾ ਹਿੱਸਾ ਸੀ। ਖ਼ੈਰ! ਯੁੱਧ ਵਿੱਚ ਸਭ ਕੁਝ ਜਾਇਜ਼ ਮੰਨਿਆ ਜਾਂਦਾ ਹੈ। ਦੁਸ਼ਮਣ ਨੂੰ ਬੇਵਕੂਫ਼ ਬਣਾਉਣ ਲਈ ਹਰ ਹਰਬਾ ਵਰਤਿਆ ਜਾਂਦਾ ਹੈ। ਹਰ ਰੋਜ਼ ਬਾਰਡਰ ਗਰਮ, ਪੂਰਬੀ ਪਾਕਿਸਤਾਨੀ ਫ਼ੌਜੀ ਅਤਿ ਚੁੱਕੀ ਰੱਖਦੇ, ਬੰਗਾਲੀ ਮੁਕਤੀ ਬਾਹਿਨੀ ਨੇ ਉਨ੍ਹਾਂ ਦੇ ਨੱਕ 'ਚ ਦਮ ਕੀਤਾ ਹੋਇਆ ਸੀ। ਆਖ਼ਿਰ ਦੁਖੀ ਹੋ ਕੇ 3 ਦਸੰਬਰ 1971, ਸ਼ਾਮ 6 ਵਜੇ ਪਾਕਿਸਤਾਨ ਨੇ ਪੱਛਮੀ ਸਰਹੱਦ ਉੱਤੇ ਹਵਾਈ ਅੱਡਿਆਂ 'ਤੇ ਅਚਾਨਕ ਹਵਾਈ ਹਮਲਾ ਕਰ ਦਿੱਤਾ ਤਾਂ ਜੋ ਸਾਡੇ ਵੱਧ ਤੋਂ ਵੱਧ ਹਵਾਈ ਜਹਾਜ਼ ਖੜ੍ਹੇ ਹੀ ਨਸ਼ਟ ਕੀਤੇ ਜਾਣ। ਉਸ ਦਿਨ ਸ੍ਰੀਮਤੀ ਇੰਦਰਾ ਗਾਂਧੀ ਪੱਛਮੀ ਬੰਗਾਲ ਵਿੱਚ ਹੀ ਕਿਸੇ ਰੈਲੀ ਨੂੰ ਸੰਬੋਧਨ ਕਰ ਰਹੇ ਸਨ ਜਿਸ ਨੂੰ ਵਿੱਚੇ ਛੱਡ ਦਿੱਲੀ ਪੁੱਜੀ। ਸੰਸਦ ਦਾ ਇਜਲਾਸ ਸੱਦ ਲਿਆ ਗਿਆ। ਸੰਸਦ ਵਿੱਚ ਪਾਕਿਸਤਾਨ ਵੱਲੋਂ ਹਮਲੇ ਦੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਭਾਰਤ ਵੱਲੋਂ ਪਾਕਿਸਤਾਨ ਖ਼ਿਲਾਫ਼ ਜੰਗ ਦਾ ਐਲਾਨ ਕੀਤਾ ਗਿਆ। ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ ਗਈ। ਫ਼ੌਜੀ ਤਾਂ ਤਿਆਰ ਹੀ ਬੈਠੇ ਸਨ। ਸੈਨਾ ਮੁਖੀ ਜਨਰਲ (ਮਗਰੋਂ ਫੀਲਡ ਮਾਰਸ਼ਲ) ਸੈਮ ਮਾਣਕਸ਼ਾਅ ਨੂੰ ਕੌਣ ਨਹੀਂ ਜਾਣਦਾ? ਪੱਛਮ ਵਾਲੇ, ਪੱਛਮ ਸੰਭਾਲੀ ਗਏ। ਪੂਰਬ ਵਾਲੇ, ਘੇਰਾ ਛੋਟਾ ਕਰਦੇ ਅੱਗੇ ਵਧ ਰਹੇ ਸਨ। ਚੌਥੇ ਦਿਨ ਆਪਣੀ ਪੂਰਬੀ ਏਅਰ ਕਮਾਂਡ ਨੇ ਪੂਰਬੀ ਪਾਕਿਸਤਾਨੀ ਹਵਾਈ ਸੈਨਾ ਨੂੰ ਗੁੱਠੇ ਲਾ ਦਿੱਤਾ ਮਤਲਬ ਹਵਾਈ ਖੇਤਰ 'ਤੇ ਕਬਜ਼ਾ ਕਰ ਲਿਆ। ਹੁਣ ਪਾਕਿਸਤਾਨੀ ਉੱਡਣ ਦਾ ਹੀਆ ਹੀ ਨਹੀਂ ਕਰਦੇ ਸਨ। ਇਸ ਕਰਕੇ ਸਾਡੀ ਥਲ ਸੈਨਾ ਹੋਰ ਵੀ ਹੌਸਲੇ ਅਤੇ ਰਫ਼ਤਾਰ ਨਾਲ ਅੱਗੇ ਵਧਣ ਲੱਗੀ। ਸਾਡੇ ਸੈਕਟਰ ਵਿੱਚ ਏਅਰ ਫੋਟੋ ਇੰਟਰਪਰੈਟਰ ਦਾ ਕੰਮ ਖ਼ਤਮ ਸੀ। ਸੋ ਵਾਪਸ ਟੂ ਕੋਰ ਰਿਪੋਰਟ ਕੀਤੀ। 'ਓਪਸ ਰੂਮ' (ਕਮਰਾ ਜਿੱਥੇ ਨਕਸ਼ੇ, ਵੱਡੀ ਸਕੇਲ ਦੇ ਨਕਸ਼ੇ, ਸੈਂਡਮਾਡਲ ਆਦਿ ਹੁੰਦੇ ਹਨ ਅਤੇ ਸੀਨੀਅਰ ਕਮਾਂਡਰ ਯੋਜਨਾ ਬਣਾ ਕੇ ਹੁਕਮ ਦਿੰਦਾ ਹੈ)



ਹਥਿਆਰ ਸੁੱਟਦੇ ਹੋਏ ਪਾਕਿਸਤਾਨੀ ਫ਼ੌਜੀ।

**ਬਾਕੀ ਸਫ਼ਾ 32 'ਤੇ**

# ਸਿੱਖ ਰਿਲੀਜੀਅਸ ਸੋਸਾਇਟੀ ਨੇ ਸੈਂਡੀ ਹੁੱਕ ਸਕੂਲ ਗੋਲੀ ਕਾਂਡ 'ਚ ਮਾਰੇ ਗਏ ਬੱਚਿਆਂ ਤੇ ਅਧਿਆਪਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ







**ਪੈਲਾਟਾਈਨ/ਮੱਖਣ ਸਿੰਘ ਕਲੇਰ:** ਸਿੱਖ ਰਿਲੀਲੀਅਸ ਸੋਸਾਇਟੀ ਪੈਲਾਟਾਈਨ (ਸ਼ਿਕਾਗੋ) ਨੇ ਸਥਾਨਕ ਕਮਿਊਨਿਟੀ ਸੰਗਠਨ ਨਾਰਥ ਵੈਸਟ ਸਬਅਰਬ ਆਰਗੇਨਾਈਜ਼ਿੰਫਾਰ ਐਕਸ਼ਨ (NWSOFA) ਦੇ ਸਹਿਯੋਗ ਨਾਲ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਨਿਊਟਾਊਨ ਕਨੈਕਟੀਕਟ ਦੇ ਉਨ੍ਹਾਂ 20 ਬੱਚਿਆਂ ਅਤੇ 6 ਅਧਿਆਪਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ, ਜਿਨ੍ਹਾਂ ਨੂੰ 14 ਦਸੰਬਰ 2012 ਨੂੰ ਇਕ ਬੰਦੂਕਧਾਰੀ ਨੇ ਅੰਧਾਧੁੰਦ ਗੋਲੀਆਂ ਵਰ੍ਹਾਂ ਕੇ ਮਾਰ ਦਿੱਤਾ ਸੀ। ਇਸ ਸਬੰਧੀ ਕੈਂਡਲ ਲਾਈਟ ਵਿਜਲ ਅਤੇ ਅੰਤਰ ਧਰਮ ਪ੍ਰਾਰਥਨਾ ਸਭਾ ਹੋਈ। ਇਹ ਸੈਂਡੀ ਹੁੱਕ ਸਕੂਲ ਗੋਲੀ ਕਾਂਡ ਦੀ ਪੰਜਵੀਂ ਵਰ੍ਹੇਗੰਢ ਸੀ। ਸਿੱਖ ਰਿਲੀਜੀਅਸ ਸੋਸਾਇਟੀ ਵੱਲੋਂ ਸਿੱਖ ਗੁਰਦੁਆਰਾ ਵਿਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ ਜਿਸ ਵਿਚ ਵੱਖ ਵੱਖ ਧਰਮਾਂ ਅਤੇ ਭਾਈਚਾਰਿਆਂ ਦੇ ਕੋਈ 100 ਲੋਕਾਂ ਨੇ ਹਿੱਸਾ ਲਿਆ। ਲੰਗਰ ਹਾਲ 'ਚ ਕਰਵਾਏ ਗਏ ਸਮਾਗਮ ਦੀ ਸ਼ੁਰੂਆਤ ਕੀਰਤਨ ਨਾਲ ਹੋਈ। ਇਸ ਸ਼ਰਧਾਂਜਲੀ ਸਮਾਗਮ ਨੂੰ ਸਿੱਖ, ਮੁਸਲਿਮ, ਬਹਾਈ, ਈਸਾਈ, ਯਹੂਦੀ ਅਤੇ ਹੋਰ ਧਰਮਾਂ ਨਾਲ ਸਬੰਧਤ 8 ਬੁਲਾਰਿਆਂ ਨੇ ਸੰਬੋਧਨ ਕੀਤਾ। ਸਿੱਖ ਰਿਲੀਜੀਅਸ ਸੋਸਾਇਟੀ ਦੀ ਸ੍ਰੀਮਤੀ ਸੁਰਿੰਦਰ ਕੌਰ ਸਿੰਘ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਾਰਿਆਂ ਦਾ ਸੁਆਗਤ ਕੀਤਾ। ਲਾਡੀ ਸਿੰਘ ਨੇ ਇਲੀਨੋਇ ਸਟੇਟ ਦੇ ਸੈਨੇਟਰ ਟੌਮ ਰੂਨੀ ਸਮੇਤ ਚੁਣੇ ਹੋਏ ਨੁਮਾਇੰਦਿਆਂ ਦੀ ਜਾਣ ਪਛਾਣ ਕਰਾਈ। ਇਸ ਸਮਾਗਮ ਦੇ ਕੋਆਰਡੀਨੇਟਰ ਰਾਜਿੰਦਰ ਸਿੰਘ ਮਾਗੋ ਨੇ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਦਾ ਤਾਅਰੁਫ ਕਰਵਾਉਂਦਿਆਂ ਕਿਹਾ ਕਿ ਸਾਨੂੰ ਬੰਦੂਕੀ ਹਿੰਸਾ ਤੋਂ ਮੁਕਤ ਅਮਰੀਕਾ ਦੀ ਸਿਰਜਣਾ ਕਰਨੀ ਚਾਹੀਦੀ ਹੈ ਜਿਸ ਵਿਚ ਸਾਰੇ ਅਮਰੀਕਨ ਘਰਾਂ, ਸਕੂਲਾਂ, ਧਾਰਮਿਕ ਸਥਾਨਾਂ, ਕੰਮ ਕਾਜ ਦੇ ਥਾਵਾਂ ਅਤੇ ਮਾਲਜ਼ ਵਿਚ ਮਹਿਫੂਜ਼ ਹੋਣ। ਸਿੱਖ ਰਿਲੀਜੀਅਸ ਸੋਸਾਇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ, ਮੁਸਲਿਮ ਭਾਈਚਾਰੇ ਦੇ ਨੁਮਾਇੰਦੇ ਰਾਜਾ ਉੱਲਾ ਕੁਰੈਸ਼ੀ, ਟੈਂਪਲ ਚਾਈ ਲਾਂਗ ਗਰੋਵ ਦੇ ਰੱਬੀ ਸਟੀਫਨ ਹਾਰਟ, ਵਿਦਿਆਥਣ ਗੁਰਲੀਨ ਕੌਰ, ਮੈਥਡਿਸਟ ਚਰਚ ਦੇ ਪਾਦਰੀ ਮੈਲੀਸ਼ਾ ਅਰਲੇ, ਐਕਸ਼ਨ ਗਰੁੱਪ ਦੇ ਪੈਤਰਿਕ ਵਾਟਸਨ, ਬਹਾਈ ਭਾਈਚਾਰੇ ਦੇ ਬਰੈਂਟਲੀ ਡੋਨਲਡਸਨ ਅਤੇ ਬੋਧੀ ਭਿਕਸੂਅਸਾਓ ਹੋਰਬੇ ਨੇ ਇਸ ਮੌਕੇ ਸੰਬੋਧਨ ਕੀਤਾ। ਇਨ੍ਹਾਂ ਮ੍ਰਿਤਕਾਂ ਦੀ ਯਾਦ 'ਚ ਕੈਂਡਲ ਲਾਈਟ ਵਿਜਲ ਮੌਕੇ ਮੋਮਬੱਤੀਆਂ ਬਾਲਣ ਸਮੇਂ ਕਿੰਬਰਲੇ ਗਾਰਨਾਟ ਅਤੇ ਪਰੇਮਪਾਲ ਸਿੰਘ ਨੇ ਉਨ੍ਹਾਂ ਦੇ ਨਾਮ ਪੜ੍ਹੇ ਅਤੇ ਦੋ ਮਿੰਟ ਦਾ ਮੋਨ ਧਾਰਿਆ ਗਿਆ। ਮੱਟ ਫਲੇਮ ਨੇ ਸਾਰਿਆਂ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਵੱਲੋਂ ਸਾਰਿਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

## ਪ੍ਰਿੰਸ ਹੈਰੀ ਅਤੇ ਮੇਘਨਾ ਮਾਰਕੇਲ ਦਾ ਵਿਆਹ ਅਗਲੇ ਸਾਲ ਮਈ 'ਚ

**ਲੈਸਟਰ (ਇੰਗਲੈਂਡ)/ਬਿਊਰੋ ਨਿਊਜ਼:** ਇੰਗਲੈਂਡ ਦੇ ਸ਼ਾਹੀ ਰਾਜ ਘਰਾਣੇ ਦੇ ਰਾਜਕੁਮਾਰ ਪ੍ਰਿੰਸ ਹੈਰੀ ਅਤੇ ਅਮਰੀਕੀ ਅਦਾਕਾਰ ਮੇਘਨਾ ਮਾਰਕੇਲ ਦਾ ਵਿਆਹ ਅਗਲੇ ਵਰ੍ਹੇ 19 ਮਈ, 2018 ਨੂੰ ਹੋਣਾ ਤੈਅ ਹੋਇਆ ਹੈ। ਬਕਿੰਘਮ ਪੈਲੇਸ ਵਲੋਂ ਇਸ ਸਬੰਧੀ ਮੀਡੀਆ ਨੂੰ ਜਾਰੀ ਕੀਤੀ ਜਾਣਕਾਰੀ ਵਿਚ ਦੱਸਿਆ ਗਿਆ ਹੈ ਉਕਤ ਜੋੜੇ ਦੀ ਮੰਗਣੀ ਪਿਛਲੇ ਮਹੀਨੇ ਕੀਤੀ ਗਈ ਸੀ ਤੇ ਹੁਣ ਵਿਆਹ ਦਾ ਦਿਨ ਪੱਕਾ ਕਰ ਦਿੱਤਾ ਗਿਆ ਹੈ । ਇਸ ਵਿਆਹ ਮੌਕੇ ਵੱਡੀ ਗਿਣਤੀ 'ਚ ਸੈਲਾਨੀਆਂ ਦੇ ਪੁੱਜਣ ਦੀ ਸੰਭਾਵਨਾ ਹੈ।



## ਫਰਿਜ਼ਨੋ ਵਿਖੇ ਈ-ਟਰੱਕਿੰਗ ਸਲੂਸ਼ਨ ਟਰੱਕ ਸਾਫਟਵੇਅਰ ਲਾਂਚ

**ਫਰਿਜ਼ਨੋ/(ਨੀਟਾ ਮਾਛੀਕੇ, ਕੁਲਵੰਤ ਧਾਲੀਆਂ):**
ਟਰੱਕਰ ਵੀਰਾਂ ਲਈ ਟਰੱਕ ਡਿਸਪੈਚ ਨੂੰ ਹੋਰ ਸੌਖਾ ਬਣਾਉਣ ਲਈ ਟਰੱਕਿੰਗ ਇੰਡਸਟਰੀ ਨਾਲ ਜੁੜੇ ਉੱਘੇ ਸਮਾਜ-ਸੇਵਕ ਰਜਿੰਦਰ ਸਿੰਘ ਟਾਂਡਾ ਨੇ ਇੱਕ ਈ-ਟਰੱਕਿੰਗ ਸਲੂਸ਼ਨ ਟਰੱਕ ਸਾਫਟਵੇਅਰ ਤਿਆਰ ਕੀਤਾ ਜਿਸ ਨੂੰ ਲੰਘੇ ਸ਼ੁੱਕਰਵਾਰ ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿੱਚ ਇੱਕ ਸਾਦਾ ਸਮਾਰੋਹ ਮੌਕੇ ਲਾਂਚ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਟਰੱਕ ਕੰਪਨੀ ਦੇ ਮਾਲਕਾਂ ਨੇ ਪਹੁੰਚ ਕੇ ਇਸ ਨਵੇ ਸਾਫਟਵੇਅਰ ਬਾਰੇ ਜਾਣਕਾਰੀ ਇਕੱਤਰ ਕੀਤੀ। ਇਸ ਮੌਕੇ ਬੋਲਦਿਆਂ ਰਜਿੰਦਰ ਸਿੰਘ ਟਾਂਡਾ ਨੇ ਕਿਹਾ ਕਿ ਕਈ ਵਾਰੀ ਜੇ ਸਹੀ ਟੂਲ ਕੋਲ ਨਾ ਹੋਵੇ ਤਾਂ 'ਅੱਗਾ ਦੌੜ ਪਿੱਛਾ ਚੌੜ' ਵਾਲੀ ਗੱਲ ਹੋ ਜਾਂਦੀ ਹੈ ਕੋਈ ਵੀ ਬਿਜਨਸ ਉਨਾ ਚਿਰ ਵਾਧੇ ਵਾਲੇ ਪਾਸੇ ਨਹੀਂ ਜਾ ਸਕਦਾ ਜਿਨਾਂ ਚਿਰ ਪਰੌਫਿਟ/ਲੌਸ ਦੀ ਸਹੀ ਜਾਣਕਾਰੀ ਕੰਪਨੀ ਮਾਲਕਾਂ ਤੱਕ ਨਹੀਂ ਪਹੁੰਚਦੀ। ਉਹਨਾਂ ਕਿਹਾ ਕਿਹਾ ਹਰ ਚੀਜ਼ ਪੇਪਰਲੈੱਸ ਹੋ ਰਹੀ ਹੈ ਤੇ ਹਰ ਕੋਈ ਆਪਣੀ ਸਿਰਦਰਦੀ ਘਟਾਉਣੀ ਚਾਹੁੰਦਾ ਹੈ। ਇਸੇ ਪੱਖ ਨੂੰ ਮੁੱਖ ਰੱਖ ਕੇ ਇਹ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਡਰਾਈਵਰ ਐਪਲੀਕੇਸ਼ਨ ਭਰਨ ਤੋਂ ਲੈ ਕੇ ਲੋਡ ਲਾਉਣ ਅਤੇ ਬਿਲਿੰਗ ਕਰਨ ਤੱਕ ਦਾ ਸੌਖਾ ਤੇ ਸਰਲ ਤਰੀਕਾ ਹੈ ਇਸ ਨਵੇਂ ਸੌਫਟਵੇਅਰ ਵਿੱਚ। ਉਨ੍ਹਾਂ ਕਿਹਾ ਕਿ ਅਗਰ ਤੁਹਾਨੂੰ ਲਗਦਾ ਕਿ ਸਾਨੂੰ ਇਹਦੇ ਵਿੱਚ ਹੋਰ ਤਬਦੀਲੀਆਂ ਕਰਨ ਦੀ ਲੋੜ ਹੈ, ਸਾਨੂੰ ਤੁਸੀਂ ਸੁਝਾਓ ਦਿਓ ਅਸੀਂ ਕਰਾਂਗੇ। ਫਰਿਜ਼ਨੋ ਦੇ ਟਰੱਕਰ ਭਰਾਵਾ ਵੱਲੋਂ ਇਸ ਈ-ਟਰੱਕਿੰਗ ਸਲੂਸ਼ਨ ਟਰੱਕ ਸਾਫਟਵੇਅਰ ਲਾਂਚ ਪ੍ਰੋਗਰਾਮ ਨੂੰ ਭਰਵਾ ਹੁੰਗਾਰਾ ਦਿੱਤਾ ਗਿਆ। ਵਰਨਣਯੋਗ ਹੈ ਕਿ ਪਿਛਲੇ ਡੇਢ ਦਹਾਕੇ ਤੋਂ ਅਮਰੀਕਾ ਵਿੱਚ ਪੰਜਾਬੀ ਟਰਾਂਸਪੋਰਟਰਾਂ ਨੇ ਟਰੱਕਿੰਗ ਇੰਡਸਟਰੀ ਵਿੱਚ ਪੂਰੀ ਧਾਂਕ ਜਮਾਈ ਹੋਈ ਹੈ। ਖ਼ਾਸ ਕਰਕੇ ਫਰਿਜ਼ਨੋ ਇਲਾਕਾ ਜਿਸਨੂੰ ਟਰੱਕਿੰਗ ਦੀ ਹੱਬ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ।



# 'ਡਾਲਰਾਂ ਦੀ ਬੁਘਨੀ' ਨਾਟਕ ਨਾਲ ਟੈਕਸਾਸ ਸੂਬੇ ਦੇ ਫਰਿਸਕੋ ਸ਼ਹਿਰ ਵਿਚ ਪੰਜਾਬੀ ਰੰਗਮੰਚ ਦਾ ਆਗਾਜ਼

**ਫਰਿਸਕੋ, ਟੈਕਸਾਸ/ਹੁਸਨ ਲੜੋਆ ਬੰਗਾ :** 'ਗਰਾਰੀ ਥੀਏਟਰ ਗਰੁਪ' ਫਰਿਸਕੋ (ਡਾਲਸ ਸ਼ਹਿਰ ਨੇੜੇ) ਦੇ ਡਾਇਰੈਕਟਰ ਗਗਨਦੀਪ ਸਿੰਘ ਬਾਛਲ ਅਤੇ ਉਨ੍ਹਾਂ ਦੀ ਪਤਨੀ ਅਮਨਜੋਤ ਕੌਰ ਸੰਧੂ ਬਾਛਲ ਦੇ ਉਦਮਾਂ ਸਦਕਾ ਫਰਿਸਕੋ ਸ਼ਹਿਰ ਦੇ ਸੈਨਟੇਨਿਅਲ ਹਾਈ ਸਕੂਲ ਦੇ ਆਡੀਟੋਰੀਅਮ ਵਿਚ 'ਡਾਲਰਾਂ ਦੀ ਬੁਘਨੀ' ਨਾਟਕ ਦਾ ਮੰਚਨ ਕੀਤਾ ਗਿਆ। ਨਾਟਕ ਦਾ ਵਿਸ਼ਾ-ਵਸਤੂ ਚੰਗੇਰੇ ਭਵਿੱਖ ਦੀ ਆਸ ਵਿਚ ਆਪਣੇ ਮਾਂ-ਬਾਪ, ਜਮੀਨਾਂ ਅਤੇ ਇਥੋਂ ਤਕ ਸਰਕਾਰੀ ਨੌਕਰੀਆਂ ਛੱਡ ਅਮਰੀਕਾ ਤੁਰ ਗਏ ਦੋ ਭਰਾਵਾਂ ਦੀ ਕਹਾਣੀ ਨੂੰ ਬਿਆਨ ਕਰਦਾ ਹੈ । ਨਾਟਕ ਵਿਚ ਪਿੱਛੇ ਰਹਿ ਗਏ ਬੁੱਢੇ ਮਾਪਿਆਂ ਦੇ ਦੁੱਖਾਂ ਦਰਦਾਂ ਦੀ ਕਹਾਣੀ ਦੇ ਨਾਲ ਨਵੇਂ ਦੇਸ਼ ਵਿਚ ਜਾ ਕੇ ਪਰਵਾਸ ਦੀ ਸਮੱਸਿਆ ਤੇ ਨਵੇਂ ਰੁਜ਼ਗਾਰ ਲਈ ਧੱਕੇ-ਧੋੜਿਆਂ ਤੋਂ ਇਲਾਵਾ ਅਮਰੀਕਾ ਵਿਚ ਜਾ ਕੇ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਪੰਦਰਾ ਪਾਤਰਾਂ ਦੀ ਮਦਦ ਨਾਲ ਬੁਣਿਆ ਗਿਆ ਹੈ । ਇਸ ਨਾਟਕ ਦੀ ਸਫ਼ਲ ਪੇਸ਼ਕਾਰੀ ਗਗਨਦੀਪ ਦੇ ਨਾਟਕ-ਨਿਰਦੇਸ਼ਨ ਅਤੇ ਅਮਨਜੋਤ ਦੇ ਸਿਰਜਨਾਤਮਕ ਕਲਾ ਨਿਰਦੇਸ਼ਨ ਰਾਹੀਂ ਸੰਭਵ ਹੋ ਸਕੀ ਹੈ । ਨਾਟਕ ਦੇ ਮੁੱਖ ਕਿਰਦਾਰ ਅਮਰੀਕ ਦਾ ਰੋਲ ਗਗਨਦੀਪ ਸਿੰਘ ਬਾਛਲ ਨੇ ਬਾਖੂਬੀ ਨਿਭਾਇਆ ਹੈ । ਇਸ ਨਾਟਕ ਦੇ ਹੋਰ ਕਲਾਕਾਰ-ਸੁਖ, ਰਮਨ, ਇੰਦਰ, ਹਰਜਸ, ਅਰਸ਼, ਮਨਵੀਰ, ਗੌਰਵ, ਸਿਧਾਰਥ, ਲੀਸਾ, ਕਾਇਰਾ, ਤਲਵੀਰ, ਜਸਵੀਨ, ਰੂਹਾਨ, ਜਸਮਨ ਹਨ । ਇਸ ਨਾਟਕ ਦੇ ਬਾਕੀ ਟੀਮ ਮੈਂਬਰਾਂ ਪ੍ਰਭਜੋਤ ਕੌਰ ਸੰਧੂ ਨੇ ਬੈਕਗਰਾਊਂਡ ਸਾਊਂਡ ਅਤੇ ਅਲਾਪ ਦੀ ਪੇਸ਼ਕਾਰੀ ਬਾਖੂਬੀ ਨਿਭਾਈ। ਇਸੇ ਤਰ੍ਹਾਂ ਤ੍ਰਿਭਵਨ ਸਿੰਘ ਸੰਧੂ ਨੇ 'ਡਾਲਰਾਂ ਦੀ ਬੁਘਨੀ' ਵਿਚ ਗ੍ਰਾਫ਼ਿਕ ਡਿਜ਼ਾਈਨਰ ਵਜੋਂ ਕਲਾਤਮਕ ਕੰਮ ਕੀਤਾ ਤੇ ਮਨੀਤ ਕੌਰ ਬੰਬਾਹ ਨੇ ਕਾਸਟਿਊਮ ਤੇ ਸੈੱਟ ਡਿਜ਼ਾਈਨ ਵਿਚ ਮਦਦ ਕੀਤੀ । ਨਾਟਕ ਦੇ ਕਲਾਕਾਰ ਛੇ ਸਾਲ ਦੀ ਉਮਰ ਤੋਂ ਲੈ ਕੇ 45 ਸਾਲ ਦੀ ਉਮਰ ਤਕ ਦੇ ਸਨ। 'ਡਾਲਰਾਂ ਦੀ ਬੁਘਨੀ' ਨਾਟਕ ਮੰਚਨ ਹਿੰਦੂ, ਮੁਸਲਿਮ, ਸਿੱਖ, ਈਸਾਈ ਸਮਾਜਾਂ ਦਾ ਸੰਗਮ ਹੋ ਨਿਬੜਿਆ । ਪੰਜਾਬੀ ਕਾਰੋਬਾਰੀਆਂ ਵੱਲੋਂ ਸਪੌਂਸਰ ਕਰਨ ਤੇ ਦਰਸ਼ਕਾਂ ਲਈ ਐਂਟਰੀ ਫਰੀ ਰੱਖੀ ਗਈ। ਅੰਗਰੇਜ਼ ਸਿੰਘ, ਪੈਨੀ ਸਿੱਧੂ, ਬੌਬੀ ਸੰਧੂ, ਜਗਜੀਤ ਮਾਂਗਟ, ਅਜਮੇਰ ਸਿੰਘ, ਦਵਿੰਦਰ ਸਿੰਘ, ਡੀ ਸੀ ਬੁੱਟਰ, ਅੰਮ੍ਰਿਤ ਵਿਰਕ, ਜੋਗਾ ਸੰਧੂ, ਪ੍ਰਦੀਪ ਸਿੰਘ, ਹਰਜੀਤ ਢੇਸੀ, ਸੁਰਿੰਦਰ ਬੇਕਰ, ਸ਼ੇਰਾ ਰੰਧਾਵਾ, ਮਨਵੀਰ ਸਿੰਘ, ਸੁਰਿੰਦਰ ਥਿੰਦ, ਰੋਹਿਤ ਅਤੇ ਕ੍ਰਿਸ ਓਲੀਘ ਇਸ ਦੇ ਸਪੌਂਸਰ ਸਨ। ਇਨ੍ਹਾਂ ਦੁਆਰਾ ਖੇਡੇ ਗਏ ਨਾਟਕ 'ਬੁੱਕਲ ਦੀ ਅੱਗ' ਨੇ ਯੂਨੀਵਰਸਿਟੀ ਵਿਚ ਪਹਿਲਾ ਸਥਾਨ ਹਾਸਿਲ ਕੀਤਾ ।





## 14ਵਾਂ ਵਿਸ਼ਵ ਕਬੱਡੀ ਕੱਪ ਅਗਲੇ ਸਾਲ 5 ਸਤੰਬਰ

**ਸੈਨਫਰਾਂਸਿਸਕੋ/ਬਿਊਰੋ ਨਿਊਜ਼:**
ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ ਆਪਣਾ 14ਵਾਂ ਵਿਸ਼ਵ ਕਬੱਡੀ ਕੱਪ ਅਗਲੇ ਵਰ੍ਹੇ 15 ਸਤੰਬਰ 2018 ਸ਼ਨਿੱਚਰਵਾਰ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਕਲੱਬ ਦੇ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਲਾਬ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਤੀਰਥ ਸਿੰਘ ਗਾਖਲ ਅਤੇ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ (ਸ਼ਿੰਦਾ ਬਹਿਰਾਮੀਆ) ਨੇ ਦਸਿਆ ਕਿ ਇਸ ਵਾਰ ਇਹ ਕਬੱਡੀ ਐਤਵਾਰ ਦੀ ਬਜਾਏ ਸ਼ਨਿੱਚਰਵਾਰ ਨੂੰ ਹੋਵੇਗਾ ਕਿਉਂਕਿ ਕਬੱਡੀ ਕੱਪ ਦੇਰ ਸ਼ਾਮ ਤੱਕ ਚੱਲਦਾ ਹੈ ਅਤੇ ਇਸ ਲਈ ਦੂਰ ਦੁਰਾਡੇ ਦੇ ਲੋਕਾਂ ਨੂੰ ਅਗਲੇ ਦਿਨ ਸੋਮਵਾਰ ਨੂੰ ਕੰਮਾਂ ਤੇ ਜਾਣ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸ. ਗਾਖਲ ਤੇ ਅਟਵਾਲ ਨੇ ਇਹ ਵੀ ਦਸਿਆ ਕਿ ਅਗਲੇ ਵਰ੍ਹੇ ਤਰਲੋਚਨ ਸਿੰਘ ਲੱਛਰ ਦੀ ਸ਼ੇਰੇ ਪੰਜਾਬ ਲਾਸ ਬੈਨਿਸ ਦੀ ਟੀਮ ਸਮੇਤ ਚਾਰ ਵੱਡੀਆਂ ਕਲੱਬਾਂ ਦੀ ਥਾਂ ਹੁਣ ਛੇ ਵੱਡੀਆਂ ਵੱਡੀਆਂ ਕਲੱਬਾਂ ਇਸ 14ਵੇਂ ਵਿਸ਼ਵ ਕਬੱਡੀ ਕੱਪ ਦੀ ਸ਼ਾਨ ਬਣਨਗੀਆਂ।

ਪੰਜਾਬੀ ਭਾਈਚਾਰੇ ਦੀ ਉੱਘੀ ਸਖ਼ਸ਼ੀਅਤ ਮਲਕੀਤ ਸਿੰਘ ਮਾਈਕ ਬੋਪਾਰਾਏ ਕਬੱਡੀ ਕੱਪ ਦੇ ਮੁੱਖ ਮਹਿਮਾਨ ਹੋਣਗੇ ਅਤੇ ਉਦਘਾਟਨ ਉੱਘੇ ਇੰਮੀਗ੍ਰੇਸ਼ਨ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵਲੋਂ ਕੀਤਾ ਜਾਵੇਗਾ। ਖੇਡ ਮੇਲੇ ਦੀ ਤਿਆਰੀ ਸਬੰਧੀ ਹੋਰ ਗਤੀਵਿਧੀਆਂ ਵਾਰੇ ਭਾਈਚਾਰੇ ਨਾਲ ਮੀਡੀਆ ਰਾਹੀਂ ਜਾਣਕਾਰੀ ਸਾਂਝੀ ਕੀਤੀ ਜਾਂਦੀ ਰਹੇਗੀ। ਇਹ ਐਲਾਨ ਕਰਨ ਵੇਲੇ ਸਹੋਤਾ ਬ੍ਰਦਰਜ਼ ਜੁਗਰਾਜ ਸਿੰਘ ਤੇ ਨਰਿੰਦਰ ਸਿੰਘ, ਤਰਲੋਚਨ ਸਿੰਘ ਲੱਛਰ, ਮੰਨਾ ਲੱਛਰ, ਸੈਮ ਪੰਨੂੰ, ਅਮਰਜੀਤ ਸਿੰਘ ਸੰਘਾ ਸਮੇਤ ਕਬੱਡੀ ਦੇ ਹੋਰ ਸਮਰਥਕ ਹਾਜ਼ਰ ਸਨ।



## 'ਛਣਕਾਟਾ ਵੰਗਾਂ ਦਾ' 7 ਜਨਵਰੀ ਨੂੰ

**ਫਰੀਮਾਂਟ/ਹੁਸਨ ਲੜੋਆ ਬੰਗਾ:** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐੱਸ ਅਸ਼ੋਕ ਭੌਰਾ ਵੱਲੋਂ ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ 7 ਜਨਵਰੀ 2018 ਐਤਵਾਰ ਨੂੰ ਪੈਰਾਡਾਈਜ਼ ਬਾਲਰੂਮਸ 4100 ਪਰਿਆਲਟਾ ਬੁਲੇਵਾਰਡ ਫਰੀਮਾਂਟ (ਕੈਲੀਫੋਰਨੀਆਂ) ਵਿਖੇ ਕਰਵਾਏ ਜਾ ਰਹੇ ਪੰਜਾਵੇਂ 'ਛਣਕਾਟਾ ਵੰਗਾਂ ਦਾ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਰੀ (ਕੈਨੇਡਾ) ਦੇ ਪੰਜਾਬ ਭਵਨ ਦੇ ਸੰਚਾਲਕ ਤੇ ਨਾਮੀ ਸਖਸ਼ੀਅਤ ਸੁੱਖੀ ਬਾਠ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ। ਬਾਅਦ ਦੁਪਹਿਰ 1:00 ਵਜੇ ਸ਼ੁਰੂ ਸ਼ੁਰੂ ਹੋਣ ਵਾਲਾ ਗੀਤ ਸੰਗੀਤ ਦਾ ਇਹ ਪ੍ਰਗਰਾਮ ਦੇਰ ਸ਼ਾਮ ਤੱਕ ਚੱਲੇਗਾ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਪ੍ਰੋਗਰਾਮ ਵਿਚ ਉੱਘੀ ਲੋਕ ਗਾਇਕਾ ਅੰਮ੍ਰਿਤਾ ਵਿਰਕ 'ਪਿੰਡਾਂ ਵਾਲੇ ਜੱਟ' ਫੇਮ ਸੋਨਾ ਵਾਲੀਆ 'ਵਾਇਸ ਆਫ ਪੰਜਾਬ', ਹਰਗੁਣ, ਸ਼ੋਰਾ ਹਰਿਆਣੇ ਦਾ ਫੇਮ, ਸੱਤੀ ਸਤਵਿੰਦਰ ਅਤੇ ਕਮੇਡੀ ਕਿੰਗ ਭਜਨਾ ਅਮਲੀ ਤੋਂ ਸਿਵਾ ਤਰਲੋਕ ਸਿੰਘ, ਅਨੂਪ ਚੀਮਾ ਤੇ ਸੱਤੀ ਪਾਬਲਾ ਵੀ ਪ੍ਰੋਗਰਾਮ ਦੀ ਸ਼ਾਨ ਬਣਨਗੇ। ਅਜੇ ਭੰਗੜਾ ਅਕੈਡਮੀ ਦਾ ਗਿੱਧਾ, ਜਯਾ ਸ਼ਰਮਾ ਦੀ ਕੋਰੀਓਗਰਾਫ਼ੀ ਅਤੇ ਮਲਵਈ ਬਾਬਿਆਂ ਦਾ ਗਿੱਧਾ ਵਿਸ਼ੇਸ਼ ਆਕਰਸ਼ਣ ਹੋਵੇਗਾ। ਇੱਕੀ ਐਂਟਰਟੇਨਮੈਂਟ ਦੇ ਮੈਂਬਰਾਂ ਦੀ



ਬਾਕੀ ਸਫ਼ਾ 32 'ਤੇ

## ਦੋ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਚਲਿਆ ਮੋਦੀ ਦਾ ਮੰਤਰ

ਨੇ ਨਰਾਇਣਭਾਈ ਨੂੰ 19,529 ਵੋਟਾਂ ਦੇ ਫਰਕ ਨਾਲ ਹਰਾਇਆ। ਘੱਟੋ ਘੱਟ 16 ਹਲਕਿਆਂ ਵਿੱਚ ਮੁਕਾਬਲਾ ਕਾਫ਼ੀ ਸਖ਼ਤ ਰਿਹਾ। ਕਈ ਥਾਈਂ ਦੋ ਹਜ਼ਾਰ ਤੋਂ ਵੀ ਘੱਟ ਵੋਟਾਂ ਨਾਲ ਜਿੱਤ-ਹਾਰ ਹੋਈ ਅਤੇ ਕੁੱਝ ਥਾਈਂ ਤਾਂ ਜਿੱਤ-ਹਾਰ ਦਾ ਅੰਤਰ ਸਿਰਫ਼ ਦੋ ਸੌ ਵੋਟਾਂ ਸੀ। ਗੋਧਰਾ ਵਿੱਚ ਭਾਜਪਾ ਦੇ ਸੀ.ਕੇ. ਰੌਲਜੀ ਸਿਰਫ਼ 258 ਵੋਟਾਂ ਦੇ ਫਰਕ ਨਾਲ ਜਿੱਤੇ। ਕੋਪਰਾੜਾ ਵਿੱਚ ਕਾਂਗਰਸ ਨੂੰ ਸਿਰਫ਼ 170 ਵੋਟਾਂ ਨਾਲ ਜਿੱਤ ਮਿਲੀ। ਢੋਲਕਾ ਸੀਟ ਕਾਂਗਰਸ ਨੇ 327 ਵੋਟਾਂ ਨਾਲ ਹਾਰੀ। ਫਤੇਪੁਰਾ ਵਿੱਚ ਭਾਜਪਾ ਨੂੰ 2711 ਵੋਟਾਂ ਦੇ ਫਰਕ ਨਾਲ ਜਿੱਤ ਮਿਲੀ। ਕਾਂਗਰਸ ਨੇ ਬੋਤਾੜ ਸੀਟ 906 ਵੋਟਾਂ ਦੇ ਫਰਕ ਨਾਲ ਗੁਆਈ। ਭਾਜਪਾ ਨੇ ਮਾਨਸਾ ਸੀਟ 524 ਅਤੇ ਦਿਓਦਾਰ ਸੀਟ 972 ਵੋਟਾਂ ਦੇ ਫਰਕ ਨਾਲ ਹਾਰੀ।

**ਪੰਜ ਮੰਤਰੀਆਂ ਦੇ ਚਿਹਰੇ ਮੁਰਝਾਏ**

ਗੁਜਰਾਤ ਸਰਕਾਰ ਦੇ ਪੰਜ ਮੰਤਰੀਆਂ ਨੂੰ ਹਾਰ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿੱਚ ਕੈਬਨਿਟ ਮੰਤਰੀ ਆਤਮਾਰਾਮ ਪਰਮਾਰ ਤੇ ਚਿਮਨਭਾਈ ਸਪਰੀਆ ਸ਼ਾਮਲ ਹਨ। ਰਾਜ ਮੰਤਰੀਆਂ ਸ਼ੰਕਰ ਚੌਧਰੀ, ਕੇਸ਼ਾਜੀ ਚੌਹਾਨ ਤੇ ਸ਼ਬਦਸ਼ਰਨ ਤਾਡਵੀ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ। ਕਾਂਗਰਸ ਦੇ ਵੀ ਕਈ ਸੀਨੀਅਰ ਆਗੂ ਵਿਧਾਨ ਸਭਾ ਵਿੱਚ ਪੁੱਜਣ ਵਿੱਚ ਨਾਕਾਮ ਰਹੇ। ਇਨ੍ਹਾਂ ਵਿੱਚ ਅਰਜੁਨ ਮੋਧਵਾੜੀਆ, ਸ਼ਕਤੀਸਿੰਹ ਗੋਹਿਲ, ਸਿਧਾਰਥ ਪਟੇਲ ਤੇ ਤੁਸ਼ਾਰ ਚੌਧਰੀ ਸ਼ਾਮਲ ਹਨ। ਗੁਜਰਾਤ ਵਿੱਚ 5.5 ਲੱਖ ਵੋਟਰਾਂ ਨੇ ਨੋਟਾ (ਕਿਸੇ ਨੂੰ ਵੀ ਵੋਟ ਨਹੀਂ) ਦਾ ਬਟਨ ਦਬਾਇਆ, ਜਦੋਂ ਕਿ ਹਿਮਾਚਲ ਵਿੱਚ 33 ਹਜ਼ਾਰ ਵੋਟਰਾਂ ਨੇ ਨੋਟਾ ਦਾ ਬਟਨ ਨੱਪਿਆ।

ਭਾਜਪਾ ਦੇ ਮੀਤ ਪ੍ਰਧਾਨ ਸ਼ਿਆਮ ਜਾਜੂ ਨੇ ਕਿਹਾ ਕਿ ਅਸੀਂ ਲਗਾਤਾਰ ਵਿਧਾਨ ਸਭਾ ਚੋਣਾਂ ਜਿੱਤ ਕੇ ਰਿਕਾਰਡ ਕਾਇਮ ਕੀਤਾ ਹੈ। ਸਰਕਾਰ ਵਿਰੋਧੀ ਲਹਿਰ ਨਹੀਂ ਚੱਲੀ। ਪ੍ਰਧਾਨ ਮੰਤਰੀ ਦੀ ਮਕਬੂਲੀਅਤ ਕਾਇਮ ਹੈ। ਅਮਿਤ ਸ਼ਾਹ ਦੀ ਰਣਨੀਤੀ ਕਾਰਗਰ ਰਹੀ। ਜਿੱਤ ਸਪੱਸ਼ਟ ਹੋਣ ਮਗਰੋਂ ਪਾਰਟੀ ਵਰਕਰ ਗਲੀਆਂ ਤੇ ਪਾਰਟੀ ਦਫ਼ਤਰਾਂ ਵਿੱਚ ਇਕੱਤਰ ਹੋ ਗਏ ਅਤੇ ਉਨ੍ਹਾਂ ਮਠਿਆਈਆਂ ਵੰਡੀਆਂ ਤੇ ਪਟਾਕੇ ਚਲਾਏ।

**ਦਲਿਤ ਆਗੂ ਜਿਗਨੇਸ਼ ਮੇਵਾਨੀ ਨੇ ਭਾਜਪਾ ਦੀ ਬੂਥ ਲਵਾਈ**

ਅਹਿਮਦਾਬਾਦ: ਦਲਿਤ ਆਗੂ ਜਿਗਨੇਸ਼ ਮੇਵਾਨੀ ਨੇ ਬਨਾਸਕਾਂਠਾ ਜ਼ਿਲ੍ਹੇ ਦੀ ਵੜਗਾਮ ਸੀਟ ਉਤੇ ਜਿੱਤ ਹਾਸਲ ਕੀਤੀ। ਉਨ੍ਹਾਂ ਭਾਜਪਾ ਉਮੀਦਵਾਰ ਵਿਜੇ ਚੱਕਰਵਰਤੀ ਨੂੰ 19,696 ਵੋਟਾਂ ਨਾਲ ਹਰਾਇਆ। ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇ ਮੇਵਾਨੀ ਨੂੰ ਕਾਂਗਰਸ ਦੀ ਹਮਾਇਤ ਸੀ। ਇਸ ਦੌਰਾਨ ਹੋਰ ਪਛੜੀਆਂ ਸ਼੍ਰੇਣੀਆਂ (ਓਬੀਸੀ) ਦੇ ਆਗੂ ਅਲਪੇਸ਼ ਠਾਕੁਰ ਨੇ ਰਾਧਨਪੁਰ ਸੀਟ ਤੋਂ ਜਿੱਤ ਹਾਸਲ ਕੀਤੀ। ਹਾਲ ਹੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ ਅਲਪੇਸ਼ ਨੇ ਭਾਜਪਾ ਦੇ ਉਮੀਦਵਾਰ ਨੂੰ 15 ਹਜ਼ਾਰ ਵੋਟਾਂ ਨਾਲ ਹਰਾਇਆ।

**ਭਾਜਪਾ ਦੀ ਵੋਟ ਫ਼ੀਸਦ ਘਟੀ**

ਨਵੀਂ ਦਿੱਲੀ: 2014 ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 60 ਫ਼ੀਸਦ ਵੋਟਾਂ ਪਈਆਂ ਸਨ ਜਦੋਂ ਕਿ ਮੌਜੂਦਾ ਵਿਧਾਨ ਸਭਾ ਚੋਣਾਂ 'ਚ ਇਸ ਪਾਰਟੀ ਹਿੱਸੇ 49.1 ਫ਼ੀਸਦ ਵੋਟਾਂ ਆਈਆਂ ਹਨ। ਦੱਸਣਯੋਗ ਹੈ ਕਿ 2012 ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਤਕਰੀਬਨ 48 ਫ਼ੀਸਦ ਵੋਟਾਂ ਪਈਆਂ ਸਨ। ਮੌਜੂਦਾ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਵੋਟ ਹਿੱਸਾ ਵਧ ਕੇ 41.4 ਫ਼ੀਸਦ ਹੋ ਗਿਆ ਹੈ, ਜੋ 2014 ਲੋਕ ਸਭਾ ਚੋਣਾਂ ਵਿੱਚ 33 ਫ਼ੀਸਦ ਸੀ। 2012 ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਤਕਰੀਬਨ 39 ਫ਼ੀਸਦ ਵੋਟਾਂ ਪਈਆਂ ਸਨ।

## ਮਿਉਂਸਿਪਲ ਚੋਣਾਂ 'ਚ ਧਾਂਦਲੀਆਂ ਦੇ ਦੋਸ਼ਾਂ ਦਰਮਿਆਨ ਕਾਂਗਰਸ ਨੇ 'ਹੂੰਝਾ ਫੇਰ ਲਿਆ'

ਦਲ ਨੇ 37, ਭਾਜਪਾ ਨੇ 15, ਆਜ਼ਾਦ ਨੇ 94 ਅਤੇ ਆਮ ਆਦਮੀ ਪਾਰਟੀ ਨੇ ਭੁਲੱਥ ਦੇ ਇਕ ਵਾਰਡ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਕਾਂਗਰਸ ਪਾਰਟੀ ਨੇ ਪਟਿਆਲਾ ਦੇ 60 ਵਾਰਡਾਂ ਵਿੱਚੋਂ 59 'ਤੇ ਜਿੱਤ ਹਾਸਲ ਕੀਤੀ ਹੈ। ਜਲੰਧਰ ਦੇ 80 ਵਾਰਡਾਂ ਵਿੱਚੋਂ ਕਾਂਗਰਸ ਦੇ 66, ਭਾਜਪਾ ਦੇ 8, ਅਕਾਲੀ ਦਲ ਦੇ 4 ਅਤੇ ਦੋ ਆਜ਼ਾਦ ਉਮੀਦਵਾਰ ਜਿੱਤੇ ਹਨ। ਅੰਮ੍ਰਿਤਸਰ ਦੇ 85 ਵਾਰਡਾਂ 'ਚੋਂ ਕਾਂਗਰਸ ਨੂੰ 64, ਅਕਾਲੀ ਦਲ-ਭਾਜਪਾ ਨੂੰ 13 ਅਤੇ 8 ਆਜ਼ਾਦ ਉਮੀਦਵਾਰਾਂ ਨੂੰ ਜਿੱਤ ਹਾਸਲ ਹੋਈ ਹੈ। ਬੇਗੋਵਾਲ ਅਤੇ ਭੋਗਪੁਰ ਵਿੱਚ ਅਕਾਲੀ ਦਲ ਚੋਣ ਜਿੱਤ ਗਿਆ ਹੈ। ਬਲਾਚੌਰ ਤੇ ਚੀਮਾ ਮੰਡੀ ਵਿੱਚ ਕਰੀਬ ਸਾਰੇ ਆਜ਼ਾਦ ਉਮੀਦਵਾਰ ਜਿੱਤੇ ਹਨ ਅਤੇ ਇਨ੍ਹਾਂ ਦੀ ਜਿੱਤ ਨੂੰ ਲੈ ਕੇ ਵੱਖ ਵੱਖ ਪਾਰਟੀਆਂ ਵੱਲੋਂ ਆਪੋ ਆਪਣੀ ਜਿੱਤ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਕੁਝ ਥਾਵਾਂ 'ਤੇ ਬੂਥਾਂ ਉਪਰ ਕਬਜ਼ਿਆਂ ਅਤੇ ਗੜਬੜ ਦੀਆਂ ਰਿਪੋਰਟਾਂ ਤੋਂ ਇਲਾਵਾ ਵੋਟਾਂ ਪਾਉਣ ਅਤੇ ਨਤੀਜੇ ਐਲਾਨਣ ਦਾ ਅਮਲ ਅਮਨ ਅਮਾਨ ਨਾਲ ਸਿਰੇ ਚੜ੍ਹ ਗਿਆ। ਘੱਗਾ ਦੇ ਇਕ ਬੂਥ 'ਤੇ ਵੋਟ ਪਾਉਣ ਆਇਆ ਬਜ਼ੁਰਗ ਮਹਿੰਦਰ ਸਿੰਘ ਦਮ ਤੋੜ ਗਿਆ। ਸਭ ਤੋਂ ਵੱਧ ਵੋਟਾਂ 92.22 ਫ਼ੀਸਦੀ ਚੀਮਾ ਮੰਡੀ 'ਚ ਪਈਆਂ ਜਦਕਿ ਸਭ ਤੋਂ ਘੱਟ 51 ਫ਼ੀਸਦੀ ਵੋਟਾਂ ਅੰਮ੍ਰਿਤਸਰ ਨਗਰ ਨਿਗਮ ਵਿੱਚ ਪਈਆਂ। ਬੂਥਾਂ 'ਤੇ ਕਬਜ਼ੇ ਕੀਤੇ ਜਾਣ ਕਰਕੇ ਅਕਾਲੀ-ਭਾਜਪਾ ਗਠਜੋੜ ਨੇ ਪਟਿਆਲਾ ਨਿਗਮ ਚੋਣਾਂ ਦਾ ਬਾਈਕਾਟ ਕੀਤਾ। ਪਟਿਆਲਾ ਦੇ ਇਕ ਵਾਰਡ ਵਿੱਚ ਵੋਟਿੰਗ ਮਸ਼ੀਨ ਖ਼ਰਾਬ ਹੋਣ ਕਰਕੇ ਇਸ 'ਚ ਮੁੜ ਵੋਟਾਂ ਪੁਆਈਆਂ ਜਾਣਗੀਆਂ। ਨਗਰ ਨਿਗਮ ਅੰਮ੍ਰਿਤਸਰ ਵਿੱਚ ਸਭ ਤੋਂ ਘੱਟ 51 ਫ਼ੀਸਦੀ, ਪਟਿਆਲਾ ਵਿੱਚ 62.22 ਫ਼ੀਸਦੀ, ਜਲੰਧਰ ਵਿੱਚ 57.2 ਫ਼ੀਸਦੀ ਵੋਟਾਂ ਪਈਆਂ। ਨਗਰ ਨਿਗਮਾਂ ਦੇ ਮੁਕਾਬਲੇ ਮਿਉਂਸਿਪਲ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਲੋਕਾਂ ਨੇ ਵੱਧ ਦਿਲਚਸਪੀ ਦਿਖਾਈ ਤੇ ਰਿਕਾਰਡ ਵੋਟਾਂ ਪਾਈਆਂ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਅਤੇ ਆਮ ਆਦਮੀ ਪਾਰਟੀ ਨੇ ਸਥਾਨਕ ਇਕਾਈਆਂ ਦੀਆਂ ਚੋਣਾਂ ਵਿੱਚ ਕਥਿਤ ਤੌਰ 'ਤੇ ਧਾਂਦਲੀਆਂ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਕਾਂਗਰਸ ਨੇ ਚੋਣ ਅਮਲ ਨੂੰ ਹਾਈਜੈਕ ਕਰ ਲਿਆ। ਕਾਂਗਰਸ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ।

## ਕੂੜ ਪ੍ਰਚਾਰ ਦੀ ਕਰਾਰੀ ਹਾਰ : ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਮਿਉਂਸਿਪਲ ਚੋਣਾਂ ਦੇ ਨਤੀਜਿਆਂ 'ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਇਸ ਨੂੰ ਕਾਂਗਰਸ ਸਰਕਾਰ ਦੀਆਂ ਨੀਤੀਆਂ ਉਤੇ ਮੋਹਰ ਅਤੇ ਵਿਰੋਧੀ ਧਿਰ ਦੇ 'ਕੂੜ ਪ੍ਰਚਾਰ' ਦੀ ਕਰਾਰੀ ਹਾਰ ਦੱਸਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਵਿਰੋਧੀ ਧਿਰ ਨੇ ਵੋਟਰਾਂ ਨੂੰ ਦਬਾਉਣ ਖ਼ਾਤਰ ਧਮਕੀਆਂ ਤੋਂ ਲੈ ਕੇ ਕੂੜ ਪ੍ਰਚਾਰ ਤਕ ਸਾਰੇ ਹੱਥ ਕੰਡੇ ਵਰਤੇ ਪਰ ਉਹ ਬੁਰੇ ਢੰਗ ਨਾਲ ਨਾਕਾਮ ਰਹੀ। ਮੁੱਖ ਮੰਤਰੀ ਨੇ ਕਿਹਾ, 'ਅਕਾਲੀਆਂ ਨੇ 10 ਸਾਲਾਂ ਦੇ ਰਾਜ 'ਚ ਜੋ ਕੀਤਾ ਹੈ ਲੋਕ ਉਸ ਨੂੰ ਭੁੱਲੇ ਨਹੀਂ ਹਨ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਤੋਂ ਬਾਹਰ ਸੁੱਟਣ ਬਾਅਦ ਹੁਣ ਸਥਾਨਕ ਚੋਣਾਂ 'ਚ ਲੱਕ ਤੋੜਵੀਂ ਹਾਰ ਨਾਲ ਜਵਾਬ ਦਿੱਤਾ ਹੈ।' ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਸ਼ਾਂਤੀਪੂਰਨ ਅਤੇ ਵੱਡੇ ਮਤਦਾਨ ਨੂੰ ਯਕੀਨੀ ਬਣਾਉਣ ਲਈ ਲੋਕਾਂ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, 'ਅਕਾਲੀਆਂ ਨੇ ਬੂਥਾਂ ਖਾਸ ਤੌਰ 'ਤੇ ਕਾਂਗਰਸ ਦੇ ਗੜ੍ਹ ਵਾਲੇ ਇਲਾਕਿਆਂ ਵਿੱਚ ਵੋਟਰਾਂ ਨੂੰ ਡਰਾਉਣ ਲਈ ਪੂਰੀ ਵਾਹ ਲਾਈ ਪਰ ਲੋਕਾਂ ਨੂੰ ਦਬਾਉਣ ਵਿੱਚ ਨਾਕਾਮ ਰਹੇ।' ਸ੍ਰੀ ਜਾਖੜ ਨੇ ਦਾਅਵਾ ਕੀਤਾ ਕਿ ਇਕ ਦਹਾਕੇ ਬਾਅਦ ਪਹਿਲੀ ਵਾਰ ਸੂਬੇ ਵਿੱਚ 'ਸੁਤੰਤਰ ਤੇ ਜਮਹੂਰੀ ਢੰਗ ਨਾਲ ਚੋਣ ਹੋਈ ਹੈ।'

## ਹੋਰਨਾਂ ਨੂੰ ਹੂੰਝਦੀ ਖੁਦ ਹੀ ਹੂੰਝੀ ਗਈ 'ਆਪ'

ਦੀ ਵੰਡ ਆਦਿ ਵਿੱਚ ਸੂਬਾਈ ਇਕਾਈ 'ਚ ਫਾਲਤੂ ਦਖਲਅੰਦਾਜ਼ੀ ਨਾ ਕਰਦੀ ਤਾਂ ਨਤੀਜੇ ਕੁਝ ਹੋਰ ਹੋਣੇ ਸਨ। ਇਸ ਬਾਅਦ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਦੋਵੇਂ ਇੰਚਾਰਜਾਂ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ਨੂੰ ਇਸ ਅਹੁਦੇ ਤੋਂ ਫਾਰਗ ਕਰ ਦਿੱਤਾ ਸੀ ਅਤੇ ਸੂਬਾਈ ਲੀਡਰਸ਼ਿਪ ਨੂੰ ਸਥਾਨਕ ਫੈਸਲੇ ਖੁਦ ਲੈਣ ਦੀ ਖੁੱਲ੍ਹ ਦਿੱਤੀ ਸੀ। ਹਾਈਕਮਾਂਡ ਨੇ ਨਾ ਤਾਂ ਗੁਰਦਾਸਪੁਰ ਜ਼ਿਮਨੀ ਚੋਣ ਅਤੇ ਨਾ ਹੀ ਹੁਣ ਮਿਉਂਸਿਪਲ ਚੋਣਾਂ ਵਿੱਚ ਟਿਕਟਾਂ ਦੀ ਵੰਡ ਆਦਿ ਵਿੱਚ ਕੋਈ ਦਖਲਅੰਦਾਜ਼ੀ ਕੀਤੀ। ਸਥਾਨਕ ਚੋਣਾਂ ਦੌਰਾਨ ਸ੍ਰੀ ਮਾਨ, ਅਰੋੜਾ ਅਤੇ ਸ੍ਰੀ ਖਹਿਰਾ ਨੇ ਤਕਰੀਬਨ ਪੂਰੀ ਜ਼ਿੰਮੇਵਾਰੀ ਹੇਠਲੀ ਲੀਡਰਸ਼ਿਪ 'ਤੇ ਹੀ ਸੁੱਟ ਦਿੱਤੀ ਸੀ। ਇਕ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਮਿਉਂਸਿਪਲ ਚੋਣਾਂ ਲਈ ਖ਼ੁਦ ਰਣਨੀਤੀ ਬਣਾ ਰਹੇ ਸਨ ਅਤੇ ਦੂਜੇ ਪਾਸੇ 'ਆਪ' ਲੀਡਰਸ਼ਿਪ ਸ੍ਰੀ ਖਹਿਰਾ ਨੂੰ ਡਰੱਗ ਕੇਸ 'ਚ ਸੰਮਨ ਮਾਮਲੇ ਉਤੇ ਆਪਣਾ ਜ਼ੋਰ ਲਾ ਰਹੀ ਸੀ।

ਸਥਾਨਕ ਚੋਣਾਂ 'ਚ ਸਾਰੀਆਂ ਸੀਟਾਂ ਉਪਰ ਲੜਨ ਲਈ ਪਾਰਟੀ ਨੂੰ ਉਮੀਦਵਾਰ ਤਕ ਨਹੀਂ ਮਿਲੇ। ਇਕ ਸੂਬਾਈ ਆਗੂ ਵੱਲੋਂ ਚੋਣਾਂ ਦੌਰਾਨ ਛੋਟੇ ਇਕੱਠਾਂ ਨੂੰ ਸੰਬੋਧਨ ਕਰਨ ਤੋਂ ਇਨਕਾਰ ਕੀਤੇ ਜਾਣ ਤੋਂ ਵੀ ਹੇਠਲੀ ਲੀਡਰਸ਼ਿਪ ਭਰੀ-ਪੀਤੀ ਬੈਠੀ ਹੈ। ਸੂਤਰਾਂ ਅਨੁਸਾਰ ਦਿੱਲੀ ਲੀਡਰਸ਼ਿਪ ਦੇ ਨਜ਼ਦੀਕ ਮੰਨੇ ਜਾਂਦੇ ਪੰਜਾਬ ਵਿਚਲੇ ਧੜੇ ਵੱਲੋਂ ਗੁਰਦਾਸਪੁਰ ਬਾਅਦ ਹੁਣ ਮਿਉਂਸਿਪਲ ਚੋਣਾਂ 'ਚ ਪਾਰਟੀ ਦੀ ਵੱਡੀ ਹਾਰ ਕਾਰਨ ਸੂਬਾਈ ਲੀਡਰਸ਼ਿਪ ਉਪਰ ਸਵਾਲ ਉਠਾਏ ਜਾ ਸਕਦੇ ਹਨ। ਸੂਤਰਾਂ ਅਨੁਸਾਰ ਇਸ ਧੜੇ ਨੇ ਦੋ ਗੁਪਤ ਮੀਟਿੰਗਾਂ ਕਰਕੇ ਹਾਈਕਮਾਂਡ ਨੂੰ ਆਪਣੀ ਰਿਪੋਰਟ ਵੀ ਸੌਂਪੀ ਸੀ, ਜਿਸ 'ਚ ਕੁਝ ਆਗੂਆਂ ਦੀ ਕਾਰਜਸ਼ੈਲੀ ਉਪਰ ਸਵਾਲ ਖੜ੍ਹੇ ਕਰਕੇ ਪੰਜਾਬ ਲਈ ਤੁਰੰਤ ਨਵਾਂ ਇੰਚਾਰਜ ਲਾਉਣ ਦੀ ਮੰਗ ਕੀਤੀ ਸੀ।

## ਸਿਆਸੀ ਗੁੰਡਾਗਰਦੀ ਦੇ ਮਾਮਲੇ 'ਚ ਕੈਪਟਨ ਨੇ ਤਾਂ ਅਕਾਲੀਆਂ ਨੂੰ ਮਾਤ ਪਾ ਦਿੱਤਾ: ਮਾਨ

'ਆਪ' ਦੇ ਸੂਬਾਈ ਪ੍ਰਧਾਨ ਭਗਵੰਤ ਮਾਨ ਅਤੇ ਸਹਿ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਸਿਆਸੀ ਗੁੰਡਾਗਰਦੀ ਵਿੱਚ ਅਕਾਲੀ ਸਰਕਾਰ ਨੂੰ ਵੀ ਮਾਤ ਦੇ ਦਿੱਤੀ ਹੈ। ਉਨ੍ਹਾਂ ਨੇ ਕੈਪਟਨ ਅਮਰਿੰਦਰ ਅਤੇ ਨਵਜੋਤ ਸਿੰਘ ਸਿੱਧੂ ਨੂੰ ਕਿਹਾ ਕਿ ਜੇ ਹਾਰ ਡਰੋਂ ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਰੱਦ ਕਰਕੇ ਮਤਦਾਨ ਮੌਕੇ ਚੋਣਾਂ ਲੁੱਟਣੀਆਂ ਹੀ ਸਨ ਤਾਂ ਚੋਣਾਂ ਦਾ ਡਰਾਮਾ ਰਚਣ ਦੀ ਥਾਂ ਆਪਣੇ ਮਨਭਾਉਂਦੇ ਕਾਂਗਰਸੀਆਂ ਨੂੰ ਨਾਮਜ਼ਦ ਹੀ ਕਰ ਲੈਣਾ ਸੀ। ਸ੍ਰੀ ਮਾਨ ਨੇ ਪਟਿਆਲਾ 'ਚ ਧੱਕੇਸ਼ਾਹੀ ਖ਼ਿਲਾਫ਼ ਧਰਨਾ ਦੇ ਰਹੇ 'ਆਪ' ਆਗੂਆਂ ਡਾ. ਬਲਬੀਰ ਸਿੰਘ, ਕਰਨਵੀਰ ਟਿਵਾਣਾ, ਤੇਜਿੰਦਰ ਮਹਿਤਾ, ਐਡਵੋਕੇਟ ਗਿਆਨ ਸਿੰਘ ਮੁੰਗੋ ਆਦਿ ਨੂੰ ਹਿਰਾਸਤ ਵਿੱਚ ਲੈਣ ਦੀ ਨਿੰਦਾ ਕੀਤੀ ਹੈ।

## 'ਆਪ' ਦੇ ਹੂੰਝੇ ਜਾਣ ਉੱਤੇ ਗਾਂਧੀ, ਛੋਟੇਪੁਰ ਤੇ ਘੁੱਗੀ ਨੇ ਵਹਾਏ ਹੰਝੂ

ਪਰ ਲੀਡਰਸ਼ਿਪ ਦੇ ਹੰਕਾਰ, ਨਲਾਇਕੀ ਤੇ ਵਾਲੰਟੀਅਰਾਂ ਨੂੰ ਨਜ਼ਰਅੰਦਾਜ਼ ਕਰਨ ਦੀ ਬਿਰਤੀ ਨੇ ਪਾਰਟੀ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਂਦਾ ਹੈ ਕਿਉਂਕਿ ਕਿਸੇ ਵੇਲੇ ਪੰਜਾਬ ਵਿੱਚ ਇੱਕੋ ਆਵਾਜ਼ ਸੀ ਕਿ ਇਸ ਵਾਰ ਸਿਰਫ਼ ਆਪ' ਜਿੱਤੇਗੀ। ਉਨ੍ਹਾਂ ਹੈਰਾਨੀ ਜ਼ਾਹਿਰ ਕੀਤੀ ਕਿ ਲੀਡਰਸ਼ਿਪ ਨੇ ਆਪਣੀਆਂ ਗ਼ਲਤੀਆਂ ਨੂੰ ਮੰਨਿਆ ਨਹੀਂ, ਜਦੋਂਕਿ ਰਵਾਇਤੀ ਪਾਰਟੀਆਂ ਨੇ 'ਆਪ' ਦੀਆਂ ਗ਼ਲਤੀਆਂ ਤੋਂ ਸਬਕ ਸਿੱਖ ਕੇ ਆਮ ਆਦਮੀ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਪ' ਦੀ ਲੀਡਰਸ਼ਿਪ ਹਾਰ ਤੋਂ ਬਾਅਦ ਕਾਂਗਰਸ ਸਰਕਾਰ 'ਤੇ ਦੋਸ਼ ਲਾ ਕੇ ਆਪਣੀਆਂ ਗ਼ਲਤੀਆਂ 'ਤੇ ਪਰਦਾ ਪਾਉਣ ਦਾ ਅਸਫ਼ਲ ਯਤਨ ਕਰ ਰਹੀ ਹੈ।

ਸੰਸਦ ਮੈਂਬਰ ਡਾ. ਗਾਂਧੀ ਨੇ ਭਰੇ ਮਨ ਨਾਲ ਕਿਹਾ ਕਿ ਪੰਜਾਬੀਆਂ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਹੀ ਆਪ' ਨੂੰ ਫਤਵਾ ਦੇ ਦਿੱਤਾ ਸੀ, ਪਰ ਦਿੱਲੀ ਦੀ ਲੀਡਰਸ਼ਿਪ ਨੇ ਪੰਜਾਬੀਆਂ ਨੂੰ ਭੇਡਾਂ-ਬੱਕਰੀਆਂ ਵਾਂਗ ਵਰਤ ਕੇ ਖ਼ੁਦ ਹੀ ਪਾਰਟੀ ਨੂੰ ਹਾਰ ਦੇ ਰਾਹ ਪਾਇਆ ਹੈ। ਉਨ੍ਹਾਂ ਕਿਹਾ ਕਿ ਆਪ' ਦੀ ਲੀਡਰਸ਼ਿਪ ਨੇ ਆਪਣੀ ਵਿਚਾਰਧਾਰਾ ਛੱਡ ਕੇ ਜਦੋਂ ਸੱਤਾ ਦਾ 'ਲੁਤਫ਼' ਲੈਣ ਲਈ ਵਾਲੰਟੀਅਰਾਂ ਦੀ ਥਾਂ ਹੋਰ ਸਿਆਸੀ ਪਾਰਟੀਆਂ ਦੇ ਦਾਗ਼ੀ ਆਗੂਆਂ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਭੇਤਭਰੇ ਢੰਗ ਨਾਲ ਟਿਕਟਾਂ ਦਿੱਤੀਆਂ ਸਨ ਤਾਂ ਉਸ ਵੇਲੇ ਹੀ ਪੰਜਾਬੀਆਂ ਨੂੰ ਪਾਰਟੀ ਦੀ ਲੀਡਰਸ਼ਿਪ ਅੰਦਰਲੀ ਖੋਟ ਨਜ਼ਰ ਆ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ 'ਆਪ' ਦਾ ਸੱਚ ਪਛਾਣ ਗਏ ਹਨ ਤੇ ਇਸ ਪਾਰਟੀ ਦਾ ਵਜੂਦ ਖ਼ਤਮ ਹੋਣ ਕਿਨਾਰੇ ਹੈ।

ਸ੍ਰੀ ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਵੱਲੋਂ 'ਆਪ' ਦੇ ਪਲੇਟਫਾਰਮ ਤੋਂ ਪੰਜਾਬੀਆਂ ਨੂੰ ਕ੍ਰਾਂਤੀ ਲਿਆਉਣ ਦੇ ਸੁਪਨੇ ਦਿਖਾਏ ਗਏ ਸਨ, ਪਰ ਜਦੋਂ ਲੋਕਾਂ ਨੂੰ ਇਸ ਦੀ ਅਸਲੀਅਤ ਪਤਾ ਲੱਗੀ ਤਾਂ ਉਨ੍ਹਾਂ ਦਾ ਮਨ ਟੁੱਟ ਗਿਆ, ਜਿਸ ਕਾਰਨ ਪੰਜਾਬੀ ਹਰੇਕ ਚੋਣ ਵਿੱਚ ਆਪ' ਨੂੰ ਨਕਾਰਦੇ ਆ ਰਹੇ ਹਨ। ਸ੍ਰੀ ਛੋਟੇਪੁਰ ਨੇ ਕਿਹਾ ਕਿ 'ਆਪ' ਦੀ ਸਿਖਰਲੀ ਲੀਡਰਸ਼ਿਪ ਦੀ ਹਉਮੈ ਤੇ ਭ੍ਰਿਸ਼ਟ ਸੋਚ ਨੇ ਰਵਾਇਤੀ ਪਾਰਟੀਆਂ ਨੂੰ ਮੁੜ ਜਿਊਂਦਾ ਕਰ ਦਿੱਤਾ ਹੈ, ਜਦੋਂਕਿ ਲੋਕ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਤੇ ਕਾਂਗਰਸ ਤੋਂ ਖਹਿੜਾ ਛੁਡਾਉਣ ਲਈ ਪੂਰੀ ਤਰ੍ਹਾਂ ਤਿਆਰ ਸਨ। ਨਿਗਮ ਚੋਣਾਂ ਵਿੱਚੋਂ 'ਆਪ' ਦੀ ਹੋਈ ਹਾਰ ਕਾਰਨ ਪਾਰਟੀ ਦੀ ਹੇਠਲੀ ਲੀਡਰਸ਼ਿਪ ਵਿੱਚ ਜਿੱਥੇ ਨਿਰਾਸ਼ਾ ਦਾ ਆਲਮ ਹੈ, ਉਥੇ ਸੂਬਾਈ ਲੀਡਰਸ਼ਿਪ ਵੱਲ ਵੀ ਉਂਗਲਾਂ ਉਠ ਰਹੀਆਂ ਹਨ। ਸੂਤਰਾਂ ਅਨੁਸਾਰ ਨਿਗਮ ਚੋਣਾਂ ਦੌਰਾਨ ਜਿੱਥੇ ਸੂਬਾਈ ਲੀਡਰਸ਼ਿਪ ਨੇ ਟਿਕਟਾਂ ਦੀ ਵੰਡ ਤੇ ਚੋਣ ਪ੍ਰਚਾਰ ਦੌਰਾਨ ਰਸਮੀ ਕਾਰਵਾਈ ਕੀਤੀ ਸੀ, ਉਥੇ ਚੋਣਾਂ ਲਈ ਲੋੜੀਂਦੇ ਫੰਡਾਂ ਦਾ ਵੀ ਪ੍ਰਬੰਧ ਨਹੀਂ ਕੀਤਾ। ਇਸ ਕਾਰਨ ਆਪ' ਦੇ ਉਮੀਦਵਾਰ ਲਾਵਾਰਸਾਂ ਵਾਂਗ ਭਟਕਦੇ ਰਹੇ। ਦੱਸਣਯੋਗ ਹੈ ਕਿ ਪਾਰਟੀ ਪ੍ਰਧਾਨ ਭਗਵੰਤ ਮਾਨ ਨੇ ਬੀਤੇ ਦਿਨ ਦੋਸ਼ ਲਾਇਆ ਸੀ ਕਿ ਕਾਂਗਰਸ ਸਰਕਾਰ ਦੀ ਗੁੰਡਾਗਰਦੀ ਕਾਰਨ ਉਨ੍ਹਾਂ ਨੂੰ ਨਿਗਮ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸ੍ਰੀ ਮਾਨ ਨੇ ਨਿਗਮ ਚੋਣਾਂ ਵਿੱਚੋਂ ਹੋਈ ਭਾਰੀ ਹਾਰ ਦੀ ਸਮੀਖਿਆ ਕਰਨ ਲਈ ਸਾਰੇ ਵਿਧਾਇਕਾਂ, ਸੂਬਾਈ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਹੰਗਾਮੀ ਮੀਟਿੰਗ 21 ਦਸੰਬਰ ਨੂੰ ਚੰਡੀਗੜ੍ਹ ਵਿੱਚ ਸੱਦ ਲਈ ਹੈ।

## ਪੰਜਾਬ 'ਚ ਨਕਸਲਵਾੜੀਆਂ, ਸਿੱਖ ਖਾੜਕੂਆਂ ਤੋਂ ਬਾਅਦ ਹੁਣ ਗੈਂਗਸਟਰਾਂ ਦੇ ਬਹਾਨੇ ਸਿੱਖ ਨਸਲਕੁਸ਼ੀ ਦਾ ਦੌਰ ਸ਼ੁਰੂ-ਡੱਲੇਵਾਲ

ਪਰਿਵਾਰਾਂ ਵਿੱਚ ਵੀ ਦਹਿਸ਼ਤ ਪੈਦਾ ਕਰ ਦਿੱਤੀ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੀਆਂ ਕਹਾਣੀਆਂ ਅਮਲ ਵਿੱਚ ਲਿਆਂਦੀਆਂ ਗਈਆਂ। ਇਸੇ ਤਰਾਂ ਹੀ 13 ਅਪ੍ਰੈਲ 1978 ਦੇ ਖੂਨੀ ਸਾਕੇ ਮਗਰੋਂ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਹੱਕ ਸੱਚ ਇਨਸਾਫ ਅਤੇ ਧਰਮ ਤੇ ਅਧਾਰਿਤ ਅਰੰਭ ਕੀਤੇ ਗਏ ਸਿੱਖ ਸੰਘਰਸ਼ ਵਿੱਚ ਸ਼ਾਮਲ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਭਾਰੀ ਤਸੀਹੇ ਦਿੱਤੇ ਗਏ, ਹਜਾਰਾਂ ਸਿੱਖਾਂ ਨੂੰ ਅੰਤਾਂ ਦੇ ਤਸ਼ੱਦਦ ਮਗਰੋਂ ਸ਼ਹੀਦ ਕਰਕੇ ਝੂਠੇ ਪੁਲਸ ਮੁਕਬਲਿਆਂ ਦੀਆਂ ਕਹਾਣੀਆਂ ਘੜੀਆ ਗਈਆਂ । ਇਸ ਹਿਟਲਰ ਸ਼ਾਹੀ ਅਤੇ ਮੁਗਲੀਆ ਜ਼ੁਲਮ ਅਧੀਨ ਸਿੱਖ ਕੌਮ ਦੀ ਵੱਡੀ ਪੱਧਰ ਤੇ ਨਸਲਕੁਸ਼ੀ ਕੀਤੀ ਜਾ ਚੁੱਕੀ ਹੈ ਜੋ ਕਿ ਨਿਰੰਤਰ ਜਾਰੀ ਹੈ । ਉਨ੍ਹਾਂ ਉਚੇਚਾ ਜ਼ੋਰ ਦਿੱਤਾ ਕਿ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ, ਤਲਜੀਤ ਸਿੰਘ ਜਿੰਮੀ, ਹਰਦੀਪ ਸਿੰਘ ਸ਼ੇਰਾ, ਰਮਨਦੀਪ ਸਿੰਘ ਬੱਗਾ, ਜਗਜੀਤ ਸਿੰਘ ਜੱਗੀ ਤੋਂ ਇਲਾਵਾ ਦਰਜਨਾਂ ਸਿੱਖ ਨੌਜਵਾਨ ਤੇ ਤਸ਼ੱਦਦ ਦਾ ਦੌਰ ਜਾਰੀ ਹੈ ਉੱਥੇ ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ । ਇਹਨਾਂ ਨੌਜਵਾਨਾਂ ਦੀਆਂ ਨਜਾਇਜ ਰੂਪ ਵਿੱਚ ਕੀਤੀਆਂ ਗਈਆਂ ਗ੍ਰਿਫਤਾਰੀਆਂ ਖਿਲਾਫ ਦੁਨੀਆਂ ਭਰ ਵਿੱਚ ਇੱਕ ਲਹਿਰ ਬਣ ਰਹੀ ਹੈ, ਜਿਸ ਤੋਂ ਲੋਕਾਂ ਦਾ ਧਿਆਨ ਪਾਸੇ ਲਿਜਾਣ ਲਈ ਪੁਲਿਸ ਨੇ ਗੈਂਗਸਟਰਾਂ ਦੇ ਨਾਮ ਹੇਠ ਪੰਜਾਬ ਦੇ ਨੌਜਵਾਨਾਂ ਨੂੰ ਮਾਰਨਾ ਅਰੰਭ ਕਰ ਦਿੱਤਾ ਹੈ । ਪੰਜਾਬ ਸਿੱਖ ਨੌਜਵਾਨਾਂ ਦੀ ਵੱਡੀ ਪੱਧਰ ਤੇ ਫੜੋ ਫੜੀ ਜਾਰੀ ਹੈ । ਵਿਦੇਸ਼ਾਂ ਤੋਂ ਪੰਜਾਬ ਜਾਣ ਵਾਲੇ ਨੌਜਵਾਨਾਂ ਨੂੰ ਪੁਲਿਸ ਵਲੋਂ ਖਾਸ ਤੌਰ ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕਿ ਉਹ ਪੰਜਾਬ ਜਾਣਾ ਬੰਦ ਕਰ ਦੇਣ । ਪੰਜਾਬ ਪੁਲਿਸ ਆਪਣੀਆਂ ਖਾਨਦਾਨੀ ਆਦਤ ਅਨੁਸਾਰ ਮਨਘੜਤ ਕਹਾਣੀਆਂ ਘੜ ਕੇ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਅਣਸੁਲਝੇ ਕੇਸਾਂ ਵਿੱਚ ਨਾਮਜ਼ਦ ਕਰ ਰਹੀ ਤਾਂ ਕਿ ਸਿੱਖ ਵਿਰੋਧੀ ਲਾਬੀ ਨੂੰ ਖੁਸ਼ ਕੀਤਾ ਜਾ ਸਕੇ ।

ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ ਕਿ ਉਹ ਪੁਲਿਸ ਹਿਰਾਸਤ ਵਿੱਚ ਤਸੀਹੇ ਝੱਲ ਰਹੇ ਨੌਜਵਾਨਾਂ ਦੀ ਮੱਦਦ ਲਈ ਅੱਗੇ ਆਉਣ ਅਤੇ ਉਹਨਾਂ ਦੀ ਰਿਹਾਈ ਲਈ ਅਵਾਜ਼ ਬੁਲੰਦ ਕਰਦੇ ਹੋਏ ਸਾਰਥਿਕ ਉਪਰਾਲੇ ਕਰਨ ।

## ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਦੀ ਜ਼ਿੱਦ

ਸਮਾਂ ਪ੍ਰਿੰਸੀਪਲ ਰਹੇ। 2006 ਤੋਂ ਡਾ. ਇੰਦਰਜੀਤ ਸਿੰਘ ਬਖ਼ਸ਼ੀ ਇਸ ਕਾਲਜ ਦੇ ਪ੍ਰਿੰਸੀਪਲ ਹਨ, ਜਿਨ੍ਹਾਂ ਅਨੁਸਾਰ ਉਨ੍ਹਾਂ ਪਿਛਲੇ ਦੋ ਸਾਲਾਂ ਵਰਗਾ ਦਬਾਅ ਪਹਿਲਾਂ ਕਦੇ ਮਹਿਸੂਸ ਨਹੀਂ ਕੀਤਾ। ਕਾਲਜ ਦੇ ਮੌਜੂਦਾ ਪ੍ਰਧਾਨ ਸੁਪਰੀਮ ਕੋਰਟ ਦੇ ਵਕੀਲ ਤੇ ਭਾਜਪਾ ਨੇਤਾ ਅਮਿਤਾਭ ਸਿਨਹਾ ਹਨ। ਉਨ੍ਹਾਂ ਦੇ ਵਤੀਰੇ ਤੋਂ ਕਾਲਜ ਦੁਖੀ ਹੈ। ਕਾਲਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਪ੍ਰਧਾਨ ਨੇ ਕਾਲਜ ਦੇ ਕਾਨਫਰੰਸ ਰੂਮ 'ਤੇ ਕਬਜ਼ਾ ਕਰਕੇ ਉਸ ਉੱਤੇ ਆਪਣੇ ਨਾਮ ਦੀ ਪਲੇਟ ਥੋਪ ਦਿੱਤੀ, ਇਸ ਰੂਮ ਵਿੱਚ ਹੀ ਕਾਲਜ ਦੇ ਪਿਛਲੇ ਪ੍ਰਧਾਨਾਂ ਅਤੇ ਪ੍ਰਿੰਸੀਪਲਾਂ ਦੀ ਨਾਂ ਸੂਚੀ ਦੇ ਬੋਰਡ ਲੱਗੇ ਹਨ। ਕਾਲਜ ਦਾ ਕੋਈ ਵੀ ਅਧਿਕਾਰੀ ਇਹ ਬੋਰਡ ਦਿਖਾਉਣ ਲਈ ਵੀ ਕਮਰਾ ਖੋਲ੍ਹਣ ਤੋਂ ਡਰਦਾ ਹੈ। ਕਾਲਜ ਦੀ ਗਵਰਨਿੰਗ ਬਾਡੀ ਦੇ ਅੱਠ ਤੋਂ 12 ਮੈਂਬਰਾਂ ਵਿੱਚੋਂ ਪ੍ਰਧਾਨ ਆਪਣੀ ਮਰਜ਼ੀ ਦੇ ਦੋ-ਚਾਰ ਮੈਂਬਰਾਂ ਨੂੰ ਬਿਠਾ ਕੇ ਕੁੰਡੀ ਬੰਦ ਕਰਕੇ ਮੀਟਿੰਗ ਕਰਦਾ ਹੈ। ਮੈਂਬਰ ਸਕੱਤਰ ਦੀ ਡਿਊਟੀ ਮੀਟਿੰਗ ਦੇ ਮਿਨਟ ਲਿਖਣ ਦੀ ਹੁੰਦੀ ਹੈ, ਜੋ ਉਸ ਨੂੰ ਨਹੀਂ ਕਰਨ ਦਿੱਤੀ ਜਾਂਦੀ। ਦੋਸ਼ ਲਾਇਆ ਗਿਆ ਹੈ ਕਿ ਪ੍ਰਧਾਨ ਆਪਣੀ ਮਰਜ਼ੀ ਦੇ ਮਿਨਟ ਲਿਖਵਾ ਕੇ ਮੀਟਿੰਗ ਤੋਂ ਬਾਹਰ ਰੱਖੇ ਮੈਂਬਰਾਂ ਤੋਂ ਖਾਲੀ ਹਾਜ਼ਰੀ ਪੰਨੇ 'ਤੇ ਦਸਤਖ਼ਤ ਕਰਵਾ ਕੇ ਮਿਨਟ ਮਨਜ਼ੂਰ ਕਰ ਦਿੰਦਾ ਹੈ। ਕੁਝ ਸਮਾਂ ਪਹਿਲਾਂ ਕਾਲਜ ਦੇ ਇੱਕ ਦਿਵਯਾਂਗ ਅਧਿਆਪਕ ਡਾ. ਕੇਦਾਰਨਾਥ ਮੰਡਲ ਨੂੰ ਵੀ ਮੀਟਿੰਗ ਦੇ ਇਸੇ ਤਰੀਕੇ ਨਾਲ ਮੁਅੱਤਲ ਕੀਤਾ ਗਿਆ। ਉਸ ਨੂੰ ਕਾਰਨ ਦੱਸੋ ਨੋਟਿਸ ਵੀ ਨਹੀਂ ਦਿੱਤਾ ਗਿਆ। ਦਲਿਤ ਸਾਹਿਤ ਨਾਲ ਜੁੜੇ ਇਸ 70ਫ਼ ਤੋਂ ਵੱਧ ਦਿਵਯਾਂਗ ਅਧਿਆਪਕ ਨੇ ਦੇਵੀ ਦੁਰਗਾ ਬਾਰੇ ਕੋਈ ਟਿੱਪਣੀ ਕੀਤੀ ਸੀ। ਪ੍ਰਿੰਸੀਪਲ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਦੀ ਮਨਜ਼ੂਰੀ ਬਿਨਾਂ ਅਧਿਆਪਕ ਨੂੰ ਮੁਅੱਤਲ ਨਹੀਂ ਕੀਤਾ ਜਾ ਸਕਦਾ, ਪਰ ਕਾਲਜ ਪ੍ਰਧਾਨ ਇਸ ਤਰਕ ਨਾਲ ਸਹਿਮਤ ਨਹੀਂ।

ਕਾਲਜ ਪ੍ਰਧਾਨ ਇੱਕ ਸਾਲ ਲਈ ਦਿੱਲੀ ਯੂਨੀਵਰਸਿਟੀ ਦੇ ਉਪ-ਕੁਲਪਤੀ ਵੱਲੋਂ ਨਾਮਜ਼ਦ ਕੀਤਾ ਜਾਂਦਾ ਹੈ। 2014 ਤੋਂ ਪਹਿਲਾਂ ਵਿੱਦਿਅਕ ਸ਼ਖ਼ਸੀਅਤ ਹੀ ਇਸ ਅਹੁਦੇ 'ਤੇ ਨਾਮਜ਼ਦ ਕੀਤੀ ਜਾਂਦੀ ਸੀ, ਪਰ ਹੁਣ ਵੀ. ਸੀ. ਆਪਣੇ ਸਿਆਸੀ ਪ੍ਰਭੂਆਂ ਨੂੰ ਖ਼ੁਸ਼ ਰੱਖਣ ਲਈ ਭਾਜਪਾ ਦੇ ਗ਼ੈਰ-ਵਿੱਦਿਅਕ ਬੰਦਿਆਂ ਨੂੰ ਪ੍ਰਧਾਨ ਨਾਮਜ਼ਦ ਕਰ ਰਿਹਾ ਹੈ। ਦਿੱਲੀ ਸਰਕਾਰ ਦੇ ਆਪਣੇ 28 ਕਾਲਜਾਂ ਲਈ ਪ੍ਰਧਾਨ ਨਾਮਜ਼ਦ ਕਰਨ ਲਈ ਭੇਜੀ ਸਰਕਾਰੀ ਸੂਚੀ ਨੂੰ ਵੀ. ਸੀ .ਨੇ ਰੱਦ ਕਰ ਦਿੱਤਾ ਕਿਉਂਕਿ ਉਸ ਸੂਚੀ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵੀ. ਸੀ. ਤੇ ਉੱਘੇ ਵਿਗਿਆਨੀ ਪ੍ਰੋ. ਸੋਪੋਰੀ ਜਾਂ ਉੱਘੀ ਵਿਦਵਾਨ ਪ੍ਰੋ. ਇਰਾ ਭਾਸਕਰ ਦਾ ਨਾਂ ਵੀ ਸੀ। ਗ਼ੈਰ-ਵਿੱਦਿਅਕ ਸਿਆਸੀ ਬੰਦੇ ਕਾਲਜ-ਯੂਨੀਵਰਸਿਟੀ ਸਿੱਖਿਆ ਵਿੱਚ ਜ਼ਬਰਦਸਤੀ ਭਗਵਾ ਰੰਗ ਭਰਨਾ ਚਾਹੁੰਦੇ ਹਨ। ਦਿਆਲ ਸਿੰਘ ਟਰੱਸਟ ਨਾਲ ਸਮਝੌਤੇ ਦੀਆਂ ਸ਼ਰਤਾਂ ਮੁਤਾਬਕ, ਜਿਸ ਇਮਾਰਤ ਵਿੱਚ ਦਿਆਲ ਸਿੰਘ ਨਾਮ ਤੋਂ ਬਿਨਾਂ ਕੋਈ ਹੋਰ ਨਾਂ ਰੱਖਿਆ ਹੀ ਨਹੀਂ ਜਾ ਸਕਦਾ, ਉੱਥੇ ਸਿੱਖਿਆ ਵਿਦਵਾਨਾਂ ਤੇ ਪੰਜਾਬੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਪ੍ਰਧਾਨ ਅਮਿਤਾਭ ਸਿਨਹਾ ਜ਼ਬਰਦਸਤੀ ਵੰਦੇ ਮਾਤਰਮ ਦਾ ਨਾਮ ਕਾਲਜ 'ਤੇ ਥੋਪਣਾ ਚਾਹੁੰਦਾ ਹੈ।

ਸਵਾਲ ਇਹ ਵੀ ਹੈ ਕਿ ਦਿੱਲੀ ਯੂਨੀਵਰਸਿਟੀ ਸ਼ਾਮ ਦੇ ਕਾਲਜ ਬੰਦ ਕਰਨ 'ਤੇ ਕਿਉਂ ਤੁਲੀ ਹੋਈ ਹੈ? ਹਜ਼ਾਰਾਂ ਲੋਕ ਦਿਨ ਵੇਲੇ ਕੰਮ ਪੂਰਾ ਕਰਕੇ ਆਪਣੀ ਉੱਚ ਵਿੱਦਿਆ ਤੇ ਡਿਗਰੀ ਲਈ ਸ਼ਾਮ ਦੀਆਂ ਕਲਾਸਾਂ ਵਾਲੇ ਕਾਲਜਾਂ ਵਿੱਚ ਪੜ੍ਹਦੇ ਹਨ। ਇਨ੍ਹਾਂ ਵਿੱਚ ਇਸਤਰੀਆਂ ਵੀ ਸ਼ਾਮਲ ਹਨ ਜਿਨ੍ਹਾਂ ਵੱਲੋਂ ਇਸ ਕਾਲਜ ਨੂੰ ਸਵੇਰ ਦਾ ਕਾਲਜ ਬਣਾਉਣ ਦੀ ਨਾ ਕੋਈ ਮੰਗ ਉੱਠੀ। ਸਵੇਰ ਦੇ ਕਾਲਜ ਵਿੱਚ ਇਸ ਸਮੇਂ 5200 ਤੋਂ ਵੱਧ ਅਤੇ ਸ਼ਾਮ ਵੇਲੇ 3200 ਤੋਂ ਵੱਧ ਵਿਦਿਆਰਥੀ ਪੜ੍ਹਦੇ ਹਨ। ਸਵੇਰ ਤੇ ਸ਼ਾਮ ਸਮੇਂ ਵੱਖ ਵੱਖ ਕਲਾਸਾਂ ਨਾਲ ਮੌਜੂਦਾ ਕਮਰਿਆਂ ਤੇ ਹੋਰ ਸਾਧਨਾਂ ਨਾਲ ਕੰਮ ਚੱਲ ਜਾਂਦਾ ਹੈ, ਪਰ ਇੱਕ ਹੀ ਇਮਾਰਤ ਵਿੱਚ ਇੰਨੇ ਹੀ ਸਾਧਨਾਂ ਨਾਲ ਦੋ ਕਾਲਜ ਨਹੀਂ ਚਲਾਏ ਜਾ ਸਕਦੇ। ਸੋ ਬਿਹਤਰ ਇਹ ਹੈ ਕਿ ਦਿਆਲ ਸਿੰਘ (ਸ਼ਾਮ) ਦੇ ਕਾਲਜ ਨੂੰ ਸਵੇਰ ਦਾ ਕਾਲਜ ਬਣਾਉਣ ਦੀ ਜ਼ਿੱਦ ਛੱਡੀ ਜਾਵੇ। ਇਸ ਨਾਲ ਕਾਲਜ ਦਾ ਨਾਮ ਬਦਲਣ ਦਾ ਆਧਾਰ ਹੀ ਖ਼ਤਮ ਹੋ ਜਾਵੇਗਾ।

*** ਲੇਖਕ ਜੇ.ਐੱਲ.ਐੱਨ.ਯੂ. ਦਾ ਸੇਵਾਮੁਕਤ ਪ੍ਰੋਫੈਸਰ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਫੈਲੋ ਹੈ।**

# ਬਲਾਤਕਾਰੀ ਬਾਬੇ ਤੇ ਹਨੀਪ੍ਰੀਤ ਦਾ ਨਿਪਾਲ ਰਾਹੀਂ ਵਿਦੇਸ਼ ਭੱਜਣ ਦਾ ਸੀ ਇਰਾਦਾ

**ਚੰਡੀਗੜ੍ਹ/ਰਾਮ ਸਿੰਘ ਬਰਾੜ:** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਮੂੰਹ ਬੋਲੀ ਬੇਟੀ ਹਨੀਪ੍ਰੀਤ ਤੇ ਹੋਰਾਂ ਖ਼ਿਲਾਫ਼ ਐਸ. ਆਈ. ਟੀ. ਵਲੋਂ ਦਾਇਰ ਕੀਤੇ ਦੋਸ਼ ਪੱਤਰ 'ਚ ਕਈ ਅਹਿਮ ਖ਼ੁਲਾਸੇ ਹੋਏ ਹਨ । ਇਨ੍ਹਾਂ ਖ਼ੁਲਾਸਿਆਂ 'ਚ ਰਾਮ ਰਹੀਮ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਅਦਾਲਤ ਦੇ ਬਾਹਰੋਂ ਨਿੱਕਲਦੇ ਸਮੇਂ ਹਨੀਪ੍ਰੀਤ ਦੁਆਰਾ ਘੜੀ ਸਾਜਿਸ਼ ਅਨੁਸਾਰ ਰਾਕੇਸ਼ (ਪੀ. ਏ.) ਨੂੰ ਗਰਦਨ ਹਿਲਾ ਕੇ ਇਸ਼ਾਰਾ ਕੀਤਾ ਗਿਆ । ਰਾਕੇਸ਼ (ਪੀ. ਏ.) ਨੇ ਇਸ਼ਾਰਾ ਦੇਖਦੇ ਹੀ ਅਭਿਜੀਤ ਉਰਫ਼ ਬਬਲੂ ਨੂੰ ਇਸ਼ਾਰਾ ਕੀਤਾ ਜਿਸ ਤੋਂ ਬਾਅਦ ਹਿੰਸਾ ਫੈਲਾਈ ਗਈ ਸੀ । ਇਹ ਸਭ ਪਹਿਲਾਂ ਤੋਂ ਹੀ ਤੈਅ ਹੋ ਗਿਆ ਸੀ ਕਿ ਰਾਮ ਰਹੀਮ ਨੂੰ ਜੇਕਰ ਸਜ਼ਾ ਮਿਲੀ ਜਾਂ ਦੋਸ਼ੀ ਠਹਿਰਾਇਆ ਗਿਆ ਤਾਂ ਹਨੀਪ੍ਰੀਤ ਗਰਦਨ ਹਿਲਾ ਕੇ ਰਾਮ ਰਹੀਮ ਦੇ ਪੀ. ਏ. ਰਾਕੇਸ਼ ਨੂੰ ਇਸ਼ਾਰਾ ਕਰੇਗੀ ਤੇ ਰਾਕੇਸ਼ ਅੱਗੇ ਅਭਿਜੀਤ ਨੂੰ ਇਸ਼ਾਰਾ ਕਰੇਗਾ ਤਾਂ ਕਿ ਹਿੰਸਾ ਦੌਰਾਨ ਰਾਮ ਰਹੀਮ ਨੂੰ ਉੱਥੋਂ ਭਜਾਇਆ ਜਾ ਸਕੇ ।

ਹਨੀਪ੍ਰੀਤ ਨੇ ਪੁਲਿਸ ਨੂੰ ਦੱਸਿਆ ਕਿ ਅਦਾਲਤ ਦੇ ਬਾਹਰੋਂ ਫ਼ਰਾਰ ਹੋਣ ਤੋਂ ਬਾਅਦ ਰਾਮ ਰਹੀਮ ਦੇ ਨਾਲ ਹਨੀਪ੍ਰੀਤ ਦੇ ਨਿਪਾਲ ਦੇ ਰਸਤਿਓਂ ਭੱਜ ਜਾਣ ਲਈ ਡੇਰੇ ਨਾਲ ਸਬੰਧਤ ਸਭ ਗੁਪਤ ਜਾਇਦਾਦਾਂ ਦੇ ਦਸਤਾਵੇਜ਼, ਬੈਂਕ ਦੇ ਚੈੱਕਬੁਕ, ਕ੍ਰੈਡਿਟ ਕਾਰਡ, ਪਾਸਪੋਰਟ ਤੇ ਹੋਰ ਸਾਮਾਨ ਇਕੱਠਾ ਕਰਕੇ ਇਕ ਅਟੈਚੀ 'ਚ ਉਸ ਨੇ 25 ਅਗਸਤ ਨੂੰ ਆਪਣੇ ਨਾਲ ਰੱਖੇ ਸਨ । ਹਨੀਪ੍ਰੀਤ ਨੇ ਇਹ ਵੀ ਦੱਸਿਆ ਕਿ ਰਾਮ ਰਹੀਮ ਨੂੰ ਭਜਾਉਣ 'ਚ ਕਾਮਯਾਬ ਨਾ ਹੋਣ 'ਤੇ ਉਹ ਕਿੱਥੇ-ਕਿੱਥੇ ਜ਼ਮੀਨਦੋਜ਼ ਰਹੀ । ਪੁਲਿਸ ਨੇ ਹਨੀਪ੍ਰੀਤ ਦੇ ਲੁਕਣ ਵਾਲੇ ਟਿਕਾਣਿਆਂ ਦੀ ਨਿਸ਼ਾਨਦੇਹੀ ਕਰਨ ਤੋਂ ਇਲਾਵਾ ਇਨ੍ਹਾਂ ਟਿਕਾਣਿਆਂ ਤੋਂ ਹਨੀਪ੍ਰੀਤ ਦੇ ਦਸਤਾਵੇਜ਼ਾਂ ਵਾਲਾ ਅਟੈਚੀ ਤੇ ਕੱਪੜੇ ਬਰਾਮਦ ਕੀਤੇ । ਹਨੀਪ੍ਰੀਤ ਨੇ ਦੱਸਿਆ ਕਿ ਜ਼ਮੀਨਦੋਜ਼ ਦੌਰਾਨ ਉਹ ਇਕਬਾਲ ਉਰਫ਼ ਬੱਗੜ ਦੇ ਦੋਸਤ ਗੁਰਮੀਤ ਉਰਫ਼ ਗੋਗਾ ਦੀ ਗੰਗਾ ਨਗਰ ਨੇੜੇ ਕੌਰ ਸਿੰਘ ਦੀ ਢਾਣੀ 'ਚ ਪ੍ਰਗਟ ਸਿੰਘ ਦੇ ਘਰ ਰਹੀ, ਸੁਖਦੀਪ ਕੌਰ ਦੇ ਘਰ ਰਹੀ, ਇਕਬਾਲ ਦੀ ਭੂਆ ਸ਼ਰਨਜੀਤ ਕੌਰ ਤੇ ਉਸ ਦੇ ਲੜਕੇ ਗੁਰਮੀਤ ਸਿੰਘ



ਦੇ ਘਰ ਬਠਿੰਡਾ ਜ਼ਿਲ੍ਹੇ 'ਚ ਜੰਗੀਰਾਣਾ ਪਿੰਡ 'ਚ ਵੀ ਰਹੀ । ਉਸ ਨੇ ਦੱਸਿਆ ਕਿ ਉਹ ਦਸਤਾਵੇਜ਼ਾਂ ਵਾਲ ਅਟੈਚੀ ਰਾਜਸਥਾਨ 'ਚ ਰਾਮ ਰਹੀਮ ਦੇ ਜੱਦੀ ਪਿੰਡ ਗੁਰੂਸਰ ਮੌੜੀਆਂ ਤੋਂ ਬਰਾਮਦ ਕਰਵਾ ਸਕਦੀ ਹੈ । ਹਨੀਪ੍ਰੀਤ ਨੇ ਜਾਂਚ ਦੌਰਾਨ ਪੁਲਿਸ ਨੂੰ ਆਪਣੀਆਂ ਲੁਕਣ ਵਾਲੀਆਂ ਥਾਵਾਂ ਦੀ ਨਿਸ਼ਾਨਦੇਹੀ ਕਰਵਾਈ ਹੈ ।

ਉਸ ਨੇ ਢਾਣੀ ਕੌਰ ਸਿੰਘ, ਜੰਗੀਰਾਣਾ ਦੀ ਨਿਸ਼ਾਨਦੇਹੀ ਕਰਵਾਈ ਤੇ ਪ੍ਰਗਟ ਸਿੰਘ ਦੇ ਘਰ ਤੋਂ ਆਪਣੇ ਸੂਟ ਵੀ ਬਰਾਮਦ ਕਰਵਾਏ । ਦੋਸ਼ ਪੱਤਰ 'ਚ ਦੱਸਿਆ ਗਿਆ ਕਿ ਹਨੀਪ੍ਰੀਤ ਨੇ ਗੁਰੂਸਰ ਮੌੜੀਆਂ 'ਚ ਗੁਰਮੇਲ ਸਿੰਘ ਦੇ ਭਤੀਜੇ ਬਲੀ ਸਿੰਘ ਦੇ ਘਰ ਤੋਂ ਲਾਕ ਕੀਤਾ ਅਟੈਚੀ ਪੇਸ਼ ਕਰਨ 'ਤੇ ਚਾਬੀ ਨਾ ਹੋਣ ਹੋਣ ਕਾਰਨ ਲਾਕ ਤੋੜ ਕੇ ਅਟੈਚੀ ਖੋਲ੍ਹ ਕੇ ਦਸਤਾਵੇਜ਼ ਪੁਲਿਸ ਨੇ ਆਪਣੇ ਕਬਜ਼ੇ 'ਚ ਲੈ ਲਏ ।

ਸੁਖਦੀਪ ਕੌਰ ਨੇ ਜਾਂਚ ਦੌਰਾਨ ਦੱਸਿਆ ਕਿ 2008 ਤੋਂ ਡੇਰੇ 'ਚ ਕੋਠੀ ਬਣਾ ਕੇ ਰਹਿਣ ਤੇ ਹਨੀਪ੍ਰੀਤ ਦੇ ਨਾਲ ਸੇਵਾਦਾਰ ਤੇ ਡਰਾਈਵਰ ਬਣ ਕੇ ਰਹਿਣ ਕਾਰਨ ਉਹ ਡੇਰੇ ਦੇ ਜ਼ਿੰਮੇਵਾਰ ਲੋਕਾਂ ਨੂੰ ਜਾਣਨ ਲੱਗੀ । ਉਸ ਨੇ ਦੱਸਿਆ ਕਿ 25 ਅਗਸਤ ਨੂੰ ਰਾਮ ਰਹੀਮ ਖ਼ਿਲਾਫ਼ ਸੀ. ਬੀ. ਆਈ. ਅਦਾਲਤ 'ਚ ਚੱਲ ਰਹੇ ਕੇਸ 'ਚ ਆਉਣ ਵਾਲੇ ਫ਼ੈਸਲੇ ਦੀ ਤਰੀਕ ਤੋਂ ਕੁੱਝ ਦਿਨ ਪਹਿਲਾਂ 17 ਅਗਸਤ ਨੂੰ ਡੇਰੇ 'ਚ ਹਨੀਪ੍ਰੀਤ ਨੇ ਇਕ ਮੀਟਿੰਗ ਕੀਤੀ ਤੇ ਸੁਖਦੀਪ ਦੁਆਰਾ ਆਪਣੀ ਸਹਿਮਤੀ ਦਿੰਦੇ ਹੋਏ ਇਸ ਯੋਜਨਾ ਨੂੰ ਅੰਜਾਮ ਦੇਣ 'ਚ ਹਰ ਪ੍ਰਕਾਰ ਦਾ ਆਪਣਾ ਸਹਿਯੋਗ ਕਰਨ ਲਈ ਵੀ ਕਿਹਾ । ਹਨੀਪ੍ਰੀਤ ਦੁਆਰਾ ਔਰਤਾਂ ਨੂੰ ਭੜਕਾਉਣ ਤੇ ਹਿੰਸਾ ਮੌਕੇ ਫ਼ਰਾਰ ਹੋਏ ਲੋਕਾਂ ਨੂੰ ਪਨਾਹ ਦੇਣ ਦੀ ਜ਼ਿੰਮੇਵਾਰੀ ਸੁਖਦੀਪ ਕੌਰ ਨੂੰ ਹੀ ਸਾਪੀ ਗਈ ਸੀ । ਪੁਲਿਸ ਨੇ ਹਨੀਪ੍ਰੀਤ ਦੇ ਨਾਲ ਸੁਖਦੀਪ ਕੌਰ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ, ਜਦਕਿ ਗੁਰਮੀਤ ਸਿੰਘ ਤੇ ਸ਼ਰਨਜੀਤ ਕੌਰ ਨੂੰ ਧਾਰਾ 216 ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਡੇਰਾ ਚੇਅਰਪਰਸਨ ਵਿਪਾਸਨਾ ਚਾਵਲਾ ਪੁੱਤਰੀ ਸੁਰੇਸ਼ ਚਾਵਲਾ ਵਾਸੀ ਕਰਨਾਲ ਤੇ ਆਲ ਹੇਡਮੇਨ ਬਲਾਕ ਸ਼ਾਹ ਸਤਨਾਮ ਨਗਰ ਥਾਣੇ ਆਈ ਤੇ ਇਕ ਕਾਲੇ ਰੰਗ ਦੇ ਬੈਗ ਨੂੰ ਪੁਲਿਸ ਹਵਾਲੇ ਕੀਤਾ ਜਿਸ 'ਚ ਹਲਕੇ ਪੀਲੇ ਰੰਗ ਦੇ ਰੁਮਾਲ 'ਚ ਹਨੀਪ੍ਰੀਤ ਦਾ ਐਪਲ ਦਾ ਮੋਬਾਈਲ ਜੋ ਬਿਨਾਂ ਸਿਮ ਦੇ ਸੀ, ਪੇਸ਼ ਕੀਤਾ ਜਿਸ ਨੂੰ ਪੁਲਿਸ ਨੇ ਆਪਣੇ ਕਬਜ਼ੇ 'ਚ ਲੈ ਲਿਆ ।

## ਡੇਰਾ ਮੁਖੀ ਨੂੰ ਸੁਨਾਰੀਆ ਜੇਲ੍ਹ 'ਚ ਮਿਲੇ ਪੁੱਤਰ, ਧੀ, ਜਵਾਈ ਤੇ ਨੂੰਹ

### *ਹਨੀਪ੍ਰੀਤ ਨਾਲ ਭਰਾ, ਭੈਣ ਤੇ ਵਕੀਲਾਂ ਨੇ ਅੰਬਾਲਾ 'ਚ ਕੀਤੀ ਮੁਲਾਕਾਤ*

**ਚੰਡੀਗੜ੍ਹ/ ਬਿਊਰੋ ਨਿਊਜ਼,** ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਅੰਬਾਲਾ ਦੀ ਜੇਲ੍ਹ 'ਚ ਬੰਦ ਹਨੀਪ੍ਰੀਤ ਨਾਲ ਪਰਿਵਾਰਕ ਮੈਂਬਰਾਂ ਨੇ ਸੋਮਵਾਰ ਨੂੰ ਮੁਲਾਕਾਤ ਕੀਤੀ। ਡੇਰਾ ਮੁਖੀ ਨਾਲ ਸੁਨਾਰੀਆ ਜੇਲ੍ਹ 'ਚ ਉਸ ਦੇ ਬੇਟੇ ਜਸਮੀਤ, ਬੇਟੀ, ਜਵਾਈ ਅਤੇ ਨੂੰਹ ਨੇ ਕਰੀਬ 20 ਮਿੰਟ ਤੱਕ ਮੁਲਾਕਾਤ ਕੀਤੀ । ਡੇਰਾ ਮੁਖੀ ਦੀ ਮੁਲਾਕਾਤ ਉਸ ਦੇ ਪਰਿਵਾਰ ਨਾਲ ਮੁਲਾਕਾਤੀ ਕਮਰੇ 'ਚ ਹੋਈ ਅਤੇ ਉਨ੍ਹਾਂ ਨੇ ਇੰਟਰਕਾਮ ਜ਼ਰੀਏ ਇਕ ਦੂਸਰੇ ਨਾਲ ਗੱਲਬਾਤ ਕੀਤੀ। ਮੁਲਾਕਾਤ ਦੇ ਬਾਅਦ ਡੇਰਾ ਮੁਖੀ ਦੇ ਪਰਿਵਾਰਕ ਮੈਂਬਰ ਵਾਪਸ ਰੋਹਤਕ ਤੋਂ ਸਿਰਸਾ ਵੱਲ ਚਲੇ ਗਏ। ਦੂਸਰੇ ਪਾਸੇ ਅੰਬਾਲਾ ਜੇਲ੍ਹ 'ਚ ਬੰਦ ਹਨੀਪ੍ਰੀਤ ਉਰਫ਼ ਪ੍ਰਿਅੰਕਾ ਤਨੇਜਾ ਨਾਲ ਜੇਲ੍ਹ 'ਚ ਉਸ ਦੇ ਭਰਾ ਸਾਹਿਲ ਤੇ ਭੈਣ ਨਿਸ਼ੂ ਤਨੇਜਾ ਨੇ ਮੁਲਾਕਾਤ ਕੀਤੀ। ਦੋਵਾਂ ਨੇ ਹਨੀਪ੍ਰੀਤ ਨਾਲ ਕਰੀਬ 20 ਮਿੰਟ ਮੁਲਾਕਾਤ ਕੀਤੀ ਅਤੇ ਇਕ ਦੂਸਰੇ ਦਾ ਹਾਲ-ਚਾਲ ਪੁੱਛਿਆ। ਹਨੀਪ੍ਰੀਤ ਨਾਲ ਉਸ ਦੇ ਵਕੀਲ ਗੁਰਦਾਸ ਸਲਵਾਰਾ ਅਤੇ ਇਕ ਹੋਰ ਵਕੀਲ ਨੇ ਜੇਲ੍ਹ 'ਚ ਮੁਲਾਕਾਤ ਕੀਤੀ ਅਤੇ ਉਸ ਨਾਲ ਮਾਮਲੇ ਦੇ ਕਾਨੂੰਨੀ ਪਹਿਲੂਆਂ ਸਬੰਧੀ ਵਿਚਾਰ ਕੀਤੀ। ਹਨੀਪ੍ਰੀਤ ਦੇ ਭਰਾ ਤੇ ਭੈਣ ਦੀ ਉਸ ਨਾਲ ਮੁਲਾਕਾਤ ਜੇਲ੍ਹ ਦੇ ਮੁਲਾਕਾਤੀ ਕਮਰੇ 'ਚ ਹੋਈ। ਹਨੀਪ੍ਰੀਤ ਕੈਬਿਨ ਦੇ ਅੰਦਰ ਤੇ ਉਸ ਦੇ ਪਰਿਵਾਰਕ ਮੈਂਬਰ ਸ਼ੀਸ਼ੇ ਵਾਲੇ ਕੈਬਿਨ ਦੇ ਬਾਹਰ ਸਨ ਅਤੇ ਦੋਵਾਂ ਦਰਮਿਆਨ ਇੰਟਰਕਾਮ ਰਾਹੀ ਗੱਲਬਾਤ ਹੋਈ। ਹਨੀਪ੍ਰੀਤ ਨੇ ਆਪਣੇ ਵਕੀਲਾਂ ਨਾਲ ਆਹਮੋਂ-ਸਾਹਮਣੇ ਬੈਠ ਕੇ ਮੁਲਾਕਾਤ ਕੀਤੀ ।

# ਬੇਗਾਨੇ ਮੁਲਕੀਂ ਜਾ ਵਸਣ 'ਚ ਭਾਰਤੀ ਸਭ ਤੋਂ ਮੋਹਰੀ

### *ਸੰਯੁਕਤ ਰਾਸ਼ਟਰ ਰਪੋਰਟ ਰਿਪੋਰਟ ਮੁਤਾਬਕ 1.70 ਕਰੋੜ ਲੋਕ ਬਣੇ ਪਰਵਾਸੀ*

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼,** ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਕੌਮਾਂਤਰੀ ਪਰਵਾਸ ਵਿੱਚ ਭਾਰਤ ਮੋਹਰੀ ਰਿਹਾ ਹੈ। ਭਾਰਤ ਦੇ 1.70 ਕਰੋੜ ਲੋਕਾਂ ਨੇ ਬੇਗਾਨੇ ਮੁਲਕਾਂ ਵੱਲ ਰੁਖ਼ ਕੀਤਾ ਹੈ ਅਤੇ ਇਕੱਲੇ ਖਾੜੀ ਖੇਤਰ ਵਿੱਚ ਤਕਰੀਬਨ 50 ਲੱਖ ਭਾਰਤੀ ਰਹਿੰਦੇ ਹਨ। ਇਥੇ ਜਾਰੀ ਕੀਤੀ ਗਈ 2017 ਕੌਮਾਂਤਰੀ ਪਰਵਾਸ ਰਿਪੋਰਟ ਮੁਤਾਬਕ ਮੈਕਸਿਕੋ, ਰੂਸ, ਚੀਨ, ਬੰਗਲਾਦੇਸ਼, ਸੀਰੀਆ, ਪਾਕਿਸਤਾਨ ਅਤੇ ਯੂਕਰੇਨ ਦੇ ਵੀ ਵੱਡੀ ਗਿਣਤੀ ਲੋਕਾਂ ਨੇ ਹੋਰ ਮੁਲਕਾਂ ਵਿੱਚ ਪਰਵਾਸ ਕੀਤਾ ਹੈ। ਇਨ੍ਹਾਂ ਮੁਲਕਾਂ ਦੇ ਵਿਦੇਸ਼ ਵਸੇ ਲੋਕਾਂ ਦੀ ਗਿਣਤੀ 60 ਲੱਖ ਤੋਂ 1.10 ਕਰੋੜ ਦਰਮਿਆਨ ਹੈ।

2017 ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ 1.70 ਕਰੋੜ ਰਹੀ ਹੈ, ਜੋ ਸਭ ਤੋਂ ਵੱਧ ਹੈ। ਇਸ ਬਾਅਦ ਮੈਕਸਿਕੋ ਦਾ ਨੰਬਰ ਆਉਂਦਾ ਹੈ, ਜਿਸ ਦੇ 1.30 ਕਰੋੜ ਲੋਕਾਂ ਨੇ ਪਰਵਾਸ ਕੀਤਾ ਹੈ। ਰੂਸ ਦੇ 1.10 ਕਰੋੜ, ਚੀਨ ਦੇ ਇਕ ਕਰੋੜ, ਬੰਗਲਾਦੇਸ਼ ਦੇ 70 ਲੱਖ, ਸੀਰੀਆ ਦੇ 70 ਲੱਖ, ਪਾਕਿਸਤਾਨ ਤੇ ਯੂਕਰੇਨ ਦੇ 60-60 ਲੱਖ ਲੋਕਾਂ ਨੇ ਬੇਗਾਨੇ ਮੁਲਕਾਂ ਵਿੱਚ ਡੇਰੇ ਲਾਏ ਹਨ। ਇਸ ਰਿਪੋਰਟ ਮੁਤਾਬਕ 30 ਲੱਖ ਭਾਰਤੀ ਯੂਏਈ ਵਿੱਚ ਰਹਿੰਦੇ ਹਨ। ਅਮਰੀਕਾ ਤੇ ਸਾਊਦੀ ਅਰਬ ਵਿੱਚ 20-20 ਲੱਖ ਭਾਰਤੀਆਂ ਨੇ ਪਰਵਾਸ ਕੀਤਾ ਹੈ। ਟਿਕਾਊ ਵਿਕਾਸ ਲਈ 2030 ਏਜੰਡਾ ਲਾਗੂ ਕਰਨ ਅੱਗੇ ਕੌਮਾਂਤਰੀ ਪਰਵਾਸ ਗੰਭੀਰ ਚਿੰਤਾ ਦਾ ਵਿਸ਼ਾ ਹੈ। ਯੂਐਨ ਦੇ ਆਰਥਿਕ ਤੇ ਸਮਾਜਿਕ ਮਾਮਲੇ ਬਾਰੇ ਵਿਭਾਗ ਦੇ ਅਧੀਨ ਸਕੱਤਰ ਜਨਰਲ ਲਿਊ ਜ਼ੇਂਮਿਨ ਨੇ ਕਿਹਾ, ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਬਾਰੇ ਇਹ ਅਨੁਮਾਨ ਮੈਂਬਰ ਦੇਸ਼ਾਂ ਲਈ ਅਹਿਮ ਰਹੇਗੀ ਕਿਉਂਕਿ ਉਨ੍ਹਾਂ ਵੱਲੋਂ ਸੁਰੱਖਿਅਤ ਅਤੇ ਨੇਮਬੱਧ ਪਰਵਾਸ ਬਾਰੇ ਗੱਲਬਾਤ ਕੀਤੀ ਜਾਂਦੀ ਹੈ।' ਇਸ ਰਿਪੋਰਟ ਮੁਤਾਬਕ ਕੌਮਾਂਤਰੀ ਪਰਵਾਸ ਨੇ ਵਿਸ਼ਵ ਦੇ ਕਈ ਹਿੱਸਿਆਂ ਵਿੱਚ ਆਬਾਦੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ ਅਤੇ ਕੁੱਝ ਮੁਲਕਾਂ ਜਾਂ ਇਲਾਕਿਆਂ 'ਚ ਆਬਾਦੀ ਦੇ ਵਾਧੇ ਨੂੰ ਰੋਕਿਆ ਹੈ।

## ਐਨਡੀਪੀ ਆਗੂ ਜਗਮੀਤ ਸਿੰਘ ਦੀ ਮੰਗਣੀ ਹੋਣ ਦੇ ਚਰਚੇ

**ਟੋਰਾਂਟੋ/ਬਿਊਰੋ ਨਿਊਜ਼:** ਕੈਨੇਡਾ ਦੀ ਸਿਆਸਤ 'ਚ ਉਭਰਦੇ ਸਿੱਖ ਲੀਡਰ ਦੀ ਕੁੜਮਾਈ' ਦੇ ਚਰਚੇ ਚੱਲ ਰਹੇ ਹਨ। ਸੋਸ਼ਲ ਮੀਡੀਆ 'ਤੇ ਇਕ ਨਿੱਜੀ ਸਮਾਗਮ ਦੀਆਂ ਤਸਵੀਰਾਂ ਅਤੇ ਵੀਡੀਓ 'ਚ ਐਨਡੀਪੀ ਆਗੂ ਜਗਮੀਤ ਸਿੰਘ ਅਤੇ ਗੁਰਕਿਰਨ ਸਿੱਧੂ ਗਿਨੂੰ (27 ਸਾਲ) ਸ਼ਗਨਾਂ ਵਾਲੀਆਂ ਪੁਸ਼ਾਕਾਂ 'ਚ ਦਿਖ ਰਹੇ ਹਨ। ਕੁਝ ਵੀਡੀਓ ਵਿੱਚ ਇਹ ਜੋੜਾ ਪੰਜਾਬੀ ਗੀਤਾਂ 'ਤੇ ਨੱਚਦਾ ਨਜ਼ਰ ਆ ਰਿਹਾ ਹੈ। ਇੰਸਟਾਗ੍ਰਾਮ ਦੇ ਪੇਜ ਜੰਗੀਰੋ' ਦੀਆਂ ਪੋਸਟਾਂ ਵਿੱਚ ਜਗਮੀਤ ਸਿੰਘ ਅਤੇ ਗੁਰਕਿਰਨ ਨੂੰ ਇੱਕ ਵਿਆਂਦੜ ਜੋੜੇ ਵਜੋਂ ਦਿਖਾਇਆ ਗਿਆ ਹੈ। ਜੰਗੀਰੋ' ਗੁਰਕਿਰਨ ਸਿੱਧੂ ਦੀ ਪੰਜਾਬੀ ਪੁਸ਼ਾਕਾਂ ਦੀ ਨਵੀਂ ਲੜੀ ਹੈ। ਬੀਤੇ ਐਤਵਾਰ ਹੋਏ ਇਸ ਸਮਾਗਮ ਨੂੰ ਜਗਮੀਤ ਸਿੰਘ ਦੇ ਬੁਲਾਰੇ ਜੇਮਜ਼ ਸਮਿੱਥ ਨੇ ਇਸ ਨੂੰ ਨਾ ਤਾਂ ਮੰਗਣੀ ਤੇ ਨਾ ਹੀ ਵਿਆਹ ਦੀ ਰਸਮ ਆਖਿਆ ਸਗੋਂ ਇੰਨਾ ਕਿਹਾ ਕਿ ਇਹ ਦੋਵਾਂ ਪਰਿਵਾਰਾਂ ਦੀ ਪਹਿਲੀ ਮਿਲਣੀ ਸੀ। ਪਰ ਲੋਕਾਂ ਵੱਲੋਂ ਇਸ ਨੂੰ ਰੋਕਾ' ਸਮਝਿਆ ਜਾ ਰਿਹਾ ਹੈ ਅਤੇ ਸੋਸ਼ਲ ਮੀਡੀਆ 'ਤੇ ਦੋਵਾਂ ਨੂੰ ਖ਼ੂਬ ਵਧਾਈਆਂ ਮਿਲ ਰਹੀਆਂ ਹਨ।

## ਨਵੀਂ ਨਿਯੁਕਤ ਪੁਲਿਸ ਕਮਾਂਡਿੰਗ ਆਫੀਸਰ ਦੀ ਸਿੱਖ ਕਲਚਰਲ ਸੁਸਾਇਟੀ ਦੇ ਨੁਮਾਇੰਦਿਆਂ ਨਾਲ ਮੀਟਿੰਗ



**ਨਿਊਯਾਰਕ/ਬਿਊਰੋ ਨਿਉਜ:** ਨਿਊਯਾਰਕ ਪੁਲਿਸ ਵਿਭਾਗ ਦੇ 102 Precient ਰਿਚਮੰਡ ਹਿੱਲ ਦੀ ਨਵੀਂ ਨਿਯੁਕਤ ਪੁਲਿਸ ਕਮਾਂਡਿੰਗ ਆਫੀਸਰ Couitney Nilan ਦੀ ਸਿੱਖ ਕਲਚਰਲ ਸੁਸਾਇਟੀ ਦੀ ਮੈਨੇਜਮੈਂਟ ਅਤੇ ਕਮਿਊਨਿਟੀ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਦੌਰਾਨ ਕਮਿਊਨਟੀ ਲਈ ਹੋਣ ਵਾਲੇ ਕੰਮਾਂ ਬਾਰੇ ਗੱਲਬਾਤ ਹੋਈ. ਇਸ ਮੀਟਿੰਗ ਵਿਚ ਕਮਿਊਨਿਟੀ ਅਫੇਅਰਸ ਆਫਿਸਰ Jose, ਨਿਊਯਾਰਕ ਸਿਟੀ ਦੇ ਹਿਊਮਨ ਰਾਇਟਸ ਕਮਿਸ਼ਨ ਗੁਰਦੇਵ ਸਿੰਘ ਕੰਗ, ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ, ਸੈਕਟਰੀ ਭੁਪਿੰਦਰ ਸਿੰਘ ਅਟਵਾਲ, ਸੈਕਟਰੀ ਕੁਲਦੀਪ ਸਿੰਘ ਵੜੈਚ ਅਤੇ ਕਮੇਟੀ ਮੈਂਬਰ ਦਵਿੰਦਰ ਸਿੰਘ ਬੋਪਾਰਾਏ, ਦੀਦਾਰ ਸਿੰਘ ਚੀਮਾ, ਗੁਰਦੀਪ ਸਿੰਘ ਨਰੂਲਾ, ਬਲਵਿੰਦਰ ਸਿੰਘ ਅਤੇ ਕਮਿਊਨਿਟੀ ਦੇ ਹੋਰ ਪਤਵੰਤੇ ਸੱਜਣਾਂ ਨੇ ਵੀ ਹਿੱਸਾ ਲਿਆ।

# ਮਿਉਂਸਿਪਲ ਚੋਣਾਂ ਦੀ ਹਾਰ ਨੇ ਅਕਾਲੀ-ਭਾਜਪਾ ਗੱਠਜੋੜ ਨੂੰ 9 ਮਹੀਨੇ ਪਹਿਲਾਂ ਲੱਗੇ ਗਹਿਰੇ ਜ਼ਖ਼ਮ ਉਚੇੜੇ

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਮੋਸ਼ੀ ਭਰੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਲਗਾਤਾਰ ਅਸਫ਼ਲਤਾ ਦਾ ਮੂੰਹ ਦੇਖਣਾ ਪੈ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਵੱਲੋਂ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਕਰਕੇ ਲੋਕਾਂ ਵਿੱਚ ਉਪਜੀ ਨਿਰਾਸ਼ਾ ਦੇ ਬਾਵਜੂਦ ਅਕਾਲੀ-ਭਾਜਪਾ ਗੱਠਜੋੜ ਦੇ ਪੈਰ ਨਹੀਂ ਲੱਗ ਰਹੇ।

ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਤੋਂ ਬਾਅਦ ਨਿਗਮ ਤੇ ਮਿਉਂਸਿਪਲ ਚੋਣਾਂ ਹੀ ਅਜਿਹਾ ਮੈਦਾਨ ਸੀ, ਜਿੱਥੇ ਅਕਾਲੀ ਦਲ ਚੰਗੀ ਕਾਰਗੁਜ਼ਾਰੀ ਦਿਖਾਉਣਾ ਚਾਹੁੰਦਾ ਸੀ, ਪਰ ਅਕਾਲੀ ਦਲ ਪੱਲੇ ਨਿਰਾਸ਼ਾ ਹੀ ਪਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਤੇ ਹੋਰ ਸੀਨੀਅਰ ਆਗੂਆਂ ਨੇ ਇਨ੍ਹਾਂ ਚੋਣਾਂ ਨੂੰ ਵੱਕਾਰ ਦਾ ਸਵਾਲ ਬਣਾਇਆ ਤੇ ਚੋਣ ਅਮਲ ਸ਼ੁਰੂ ਹੁੰਦਿਆਂ ਹੀ ਆਵਾਜਾਈ ਠੱਪ ਕਰਕੇ ਲੋਕਾਂ ਦੀ ਹਮਦਰਦੀ ਜੁਟਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਵਜੂਦ ਅਕਾਲੀ ਦਲ ਪੱਲੇ ਨਿਰਾਸ਼ਾ ਪਈ ਹੈ। ਇਨ੍ਹਾਂ ਚੋਣਾਂ ਦੌਰਾਨ ਦੇਖਿਆ ਗਿਆ ਹੈ ਕਿ ਪੰਜਾਬ ਪੁਲੀਸ ਦੇ ਜਿਹੜੇ ਮੁਲਾਜ਼ਮ ਜਾਂ ਅਫ਼ਸਰ ਅਕਾਲੀਆਂ ਦੀ ਚੌਂਕੀ ਭਰਦੇ ਸਨ, ਉਨ੍ਹਾਂ ਪੁਲੀਸ ਅਫ਼ਸਰਾਂ 'ਤੇ ਹੀ ਵਿਰੋਧੀ ਧਿਰ ਦੇ ਆਗੂਆਂ ਨੇ ਕਾਂਗਰਸ ਦੀ ਸ਼ਹਿ 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ।ਪੰਜਾਬ ਦੀ ਸੱਤਾ 'ਤੇ ਲਗਾਤਾਰ ਇੱਕ ਦਹਾਕਾ ਰਾਜ ਕਰਨ ਤੋਂ ਬਾਅਦ ਅਕਾਲੀ ਦਲ ਨੂੰ ਅਣਕਿਆਸੀਆਂ ਹਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਉਂਸਿਪਲ ਚੋਣਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਇਸ ਪਾਰਟੀ ਨੇ ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਨਿਗਮ ਦੀਆਂ ਚੋਣਾਂ ਦੀ ਰਣਨੀਤੀ ਘੜਨ ਲਈ ਸਾਬਕਾ ਮੰਤਰੀਆਂ ਤੇ ਹੋਰ ਸੀਨੀਅਰ ਆਗੂਆਂ ਦੀਆਂ ਡਿਊਟੀਆਂ ਲਾਈਆਂ ਸਨ। ਇਸ ਦੇ ਬਾਵਜੂਦ ਤਿੰਨਾਂ ਵੱਡੇ ਸ਼ਹਿਰਾਂ ਵਿੱਚ ਪਾਰਟੀ ਦੀ ਨਮੋਸ਼ੀ ਭਰੀ ਹਾਰ ਹੋਈ ਤੇ ਛੋਟੇ ਸ਼ਹਿਰਾਂ ਵਿੱਚ ਵੀ ਲੋਕਾਂ ਨੇ ਖ਼ਾਸ ਹੁੰਗਾਰਾ ਨਹੀਂ ਦਿੱਤਾ। ਹਾਲਾਂਕਿ ਅਕਾਲੀ ਦਲ ਨੇ ਸੱਤਾਕਾਲ ਦੇ ਪਿਛਲੇ 5 ਸਾਲਾਂ ਦੇ ਵਕਫ਼ੇ ਦੌਰਾਨ 'ਪੰਥਕ' ਏਜੰਡਾ ਛੱਡ ਕੇ ਸ਼ਹਿਰੀ ਵੋਟਰਾਂ 'ਤੇ ਧਿਆਨ ਕੇਂਦਰਿਤ ਕੀਤਾ ਹੋਇਆ ਸੀ ਤਾਂ ਜੋ ਸ਼ਹਿਰੀ ਵੋਟਰਾਂ ਨੂੰ ਪਾਰਟੀ ਨਾਲ ਜੋੜਿਆ ਜਾ ਸਕੇ। 9 ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਸ਼ਹਿਰੀ ਖੇਤਰਾਂ ਵਿੱਚੋਂ ਵੱਡੀ ਮਾਰ ਪਈ ਸੀ ਤੇ ਹੁਣ ਮਿਉਂਸਿਪਲ ਚੋਣਾਂ ਦੌਰਾਨ ਵੀ ਪਹਿਲਾਂ ਵਾਲੀ ਸਥਿਤੀ ਬਰਕਰਾਰ ਰਹੀ। ਅਕਾਲੀ ਦਲ ਨੂੰ ਭਵਿੱਖੀ ਚੋਣਾਂ ਵਿੱਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਲਈ ਰਣਨੀਤੀ ਬਦਲਣੀ ਪਵੇਗੀ। ਲੋਕਾਂ ਦੇ ਦਿਲ ਜਿੱਤਣ ਲਈ 'ਪੰਥਕ' ਪਾਰਟੀ ਨੇ ਵਿਧਾਨ ਸਭਾ ਚੋਣਾਂ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਕੋਈ ਨੀਤੀਗਤ ਤਬਦੀਲੀ ਨਹੀਂ ਲਿਆਂਦੀ ਤੇ ਫਿਲਹਾਲ ਅਕਾਲੀ ਦਲ ਵੱਲੋਂ ਸੱਤਾ ਵਿਰੋਧੀ ਰੁਖ਼ ਦਾ ਲਾਭ ਲੈਣ 'ਤੇ ਹੀ ਜ਼ਿਆਦਾ ਟੇਕ ਰੱਖੀ ਜਾਪਦੀ ਹੈ।

ਸੀਨੀਅਰ ਲੀਡਰਸ਼ਿਪ ਦਾ ਮੰਨਣਾ ਹੈ ਕਿ ਪਾਰਟੀ ਦਾ ਸਮੁੱਚਾ ਦਾਰੋਮਦਾਰ ਅੱਜ ਵੀ ਬਾਦਲਾਂ ਦੁਆਲੇ ਹੀ ਹੈ। ਇਹ ਅਕਸਰ ਦੇਖਿਆ ਗਿਆ ਹੈ ਕਿ ਦੂਜੀ ਕਤਾਰ ਦੇ ਸੀਨੀਅਰ ਆਗੂਆਂ ਨੂੰ ਕਿਸੇ ਸੰਕਟ ਦੀ ਘੜੀ ਦੌਰਾਨ ਹੀ ਮੈਦਾਨ ਵਿੱਚ ਲਿਆਂਦਾ ਜਾਂਦਾ ਹੈ। ਅਕਾਲੀਆਂ ਦੀ ਭਾਈਵਾਲ ਪਾਰਟੀ ਭਾਜਪਾ ਦੀ ਸਥਿਤੀ ਅਕਾਲੀ ਦਲ ਨਾਲੋਂ ਵੀ ਮਾੜੀ ਨਜ਼ਰ ਆ ਰਹੀ ਹੈ। ਦੇਸ਼ ਦੇ ਹੋਰ ਸੂਬਿਆਂ ਵਿੱਚ ਬਿਹਤਰ ਕਾਰਗੁਜ਼ਾਰੀ ਦੇ ਬਾਵਜੂਦ ਭਾਜਪਾ ਦਾ ਪੰਜਾਬ ਵਿੱਚ ਆਧਾਰ ਲਗਾਤਾਰ ਖੁੱਸ ਰਿਹਾ ਹੈ। ਇਸ ਪਾਰਟੀ ਨੂੰ ਆਮ ਤੌਰ 'ਤੇ ਸ਼ਹਿਰੀਆਂ ਦੀ ਪਾਰਟੀ ਮੰਨਿਆ ਜਾਂਦਾ ਹੈ, ਪਰ ਸ਼ਹਿਰੀ ਖੇਤਰ ਦੀਆਂ ਚੋਣਾਂ ਨੇ ਵੀ ਭਾਜਪਾ ਦੇ ਪੱਲੇ ਨਿਰਾਸ਼ਾ ਹੀ ਪਾਈ ਹੈ।

**ਚੋਣ ਕਮਿਸ਼ਨ ਕੋਲ ਸ਼ਕਤੀਆਂ ਦੀ ਘਾਟ**

ਪੰਜਾਬ ਵਿੱਚ ਜਦੋਂ ਮਿਉਂਸਿਪਲ ਜਾਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਨੇੜੇ ਆਉਂਦੀਆਂ ਹਨ ਤਾਂ ਸੂਬਾਈ ਚੋਣ ਕਮਿਸ਼ਨ ਸੁਰਖ਼ੀਆਂ ਵਿੱਚ ਆ ਜਾਂਦਾ ਹੈ। ਇਸ ਕਮਿਸ਼ਨ ਦੀਆਂ ਸ਼ਕਤੀਆਂ ਦੇਖੀਆਂ ਜਾਣ ਤਾਂ ਮਹਿਜ਼ ਖਾਨਾਪੂਰਤੀ ਦਿਖਾਈ ਦਿੰਦੀ ਹੈ। ਜੇਕਰ ਭਾਰਤ ਦੇ ਮੁੱਖ ਚੋਣ ਕਮਿਸ਼ਨ ਨਾਲ ਸੂਬਾਈ ਚੋਣ ਕਮਿਸ਼ਨ ਦੀ ਤੁਲਨਾ ਕੀਤੀ ਜਾਵੇ ਤਾਂ ਜ਼ਮੀਨ ਅਸਮਾਨ ਦਾ ਫ਼ਰਕ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਵਿਧਾਨ ਸਭਾ ਜਾਂ ਸੰਸਦ ਦੀ ਮਿਆਦ (5 ਸਾਲ) ਪੂਰੇ ਹੋਣ ਜਾਂ ਭੰਗ ਕਰਨ ਤੋਂ ਬਾਅਦ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਖ਼ੁਦ ਹੀ ਚੋਣਾਂ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਪੰਚਾਇਤਾਂ ਤੇ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਸਬੰਧੀ ਸੂਬਾ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਕੇ ਕਮਿਸ਼ਨ ਨੂੰ ਮਿਤੀ ਤੈਅ ਕਰਨ ਲਈ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਸਮੁੱਚਾ ਸਰਕਾਰੀ ਤੰਤਰ ਵਿਧਾਨ ਸਭਾ ਜਾਂ ਸੰਸਦ ਦੀਆਂ ਚੋਣਾਂ ਸਮੇਂ ਚੋਣ ਕਮਿਸ਼ਨ ਅਧੀਨ ਆ ਜਾਂਦਾ ਹੈ। ਸੂਬਾਈ ਚੋਣ ਕਮਿਸ਼ਨ ਦੇ ਕਾਨੂੰਨ ਵਿੱਚ ਇਸ ਤਰ੍ਹਾਂ ਦੀ ਕੋਈ ਵਿਵਸਥਾ ਨਹੀਂ ਹੈ। ਇੱਥੋਂ ਤੱਕ ਕਿ ਚੋਣ ਨਿਗਰਾਨ ਨਿਯੁਕਤ ਕਰਨ ਦੀ ਵੀ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ।

## Classified

### ਵਰ ਦੀ ਲੋੜ

ਜੱਟ ਸਿੱਖ ਧਾਮੀ ਉਮਰ 24 ਸਾਲ 5' 7'' MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ। ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ

916-813-6863

## Bride WANTED

Jat Sikh Dhillon, 24 years, 6'-3", clean-shaven, handsome, doing M. Tech. Civil Canada, seeks working, beautiful, professionally qualified, above 5'-5" girl preferably from India, US or Canada. Boy owns large urban and rural property and is the son of Class 1 Officer. Contact : 70099-51163 or 9646114506 and erdhillonpseb@gmail.com .

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

### ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ (ਵੇਟਰ ਅਤੇ ਹੈਲਪਰ) ਦੀ ਲੋੜ ਹੈ।

ਸੰਪਰਕ ਕਰੋ:

Manpreet Heer : 707-502-5445

Email : redwoodpetroleum@gmail.com

## Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279


## ਇਹ ਸਰਹੰਦ ਨਹੀਂ, ਸਿੱਖਾਂ ਦੀ 'ਕਰਬਲਾ' ਹੈ !

ਧਾਰਮਿਕ ਅਤੇ ਸਮਾਜਿਕ ਵਰਤਾਰਿਆਂ ਨੂੰ ਸੇਧ ਦੇਣ ਵਾਲੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ ਸਿੱਖ ਤਖ਼ਤਾਂ ਦੇ ਸਿੰਘ ਸਾਹਿਬਾਨ ਰਾਹੀਂ, ਹਾਲੇ ਤਹਿ ਹੀ ਨਹੀਂ ਕੀਤਾ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿੱਚ ਜਿਉਂਦੇ ਚਿਣਨ ਦੀ ਪ੍ਰੀਕਿਰਿਆ ਤੋਂ ਸ਼ੁਰੂ ਹੋ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੱਕ ਦੇ ਸਮੇ ਦੇ ਦਰਮਿਆਨ, ਸਮੁੱਚੀ ਸਿੱਖ ਕੌਮ ਦੀ ਵਿਅਸਤਤਾ, ਸਮੂਹਿਕ ਅਮਲ ਅਤੇ ਵਰਤਾਰੇ ਕੀ ਹੋਣੇ ਚਾਹੀਦੇ ਹਨ ?

ਅਮਰੀਕਾ ਤੋਂ ਵਾਪਿਸ ਪਰਤਦਿਆਂ ਹੀ, ਮੈਂ ਸਭ ਤੋਂ ਪਹਿਲਾਂ ਇਹ ਦਰਦ, ਸਿੱਖ ਪੰਥ ਦੇ ਚੂੜਾਮਣੀ ਜੱਥੇਦਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਸਾਂਝੇ ਕੀਤੇ, ਉਨ੍ਹਾਂ ਸਾਰੀ ਗੱਲ ਬੜੀ ਗੰਭੀਰਤਾ ਨਾਲ ਸੁਣੀ ਤੇ ਸਿੱਟੇ-ਬੱਧ ਸੁਹਿਰਦ ਉਪਰਾਲਾ ਸ਼ੁਰੂ ਕੀਤਾ, ਮੈਂ ਉਸ ਵੇਲੇ ਦੇ ਫਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਸ਼੍ਰੀ ਐਸ. ਕੇ. ਆਹਲੂਵਾਲੀਆਂ ਨਾਲ ਵੀ ਇਹ ਸਾਰਾ ਬ੍ਰਿਤਾਂਤ ਸਾਂਝਾ ਕੀਤਾ, ਉਨ੍ਹਾ ਨੇ ਵੀ ਇਸ ਨੇਕ ਕੰਮ ਵਿੱਚ ਬੜੀ ਸਾਰਥਿਕ ਭੂਮਿਕਾ ਨਿਭਾਈ। ਬੜੀ ਖੋਜ ਤੋਂ ਬਾਦ ਸ਼ਹਾਦਤ ਦੇ ਸਮੇ ਦਾ ਜ਼ਿਕਰ ਕੇਵਲ ਗੁਰਪ੍ਰਣਾਲੀ, ਗੁਲਾਬ ਸਿੰਘ ਵਿੱਚ ਹੀ ਮਿਲਿਆ ਹੈ ਜੋ ਤਕਰੀਬਨ ਸਵੇਰੇ ਦੇ 9.45 ਵਜੇ ਤੋਂ 11:00 ਵਜੇ ਤੱਕ ਦਾ ਬਣਦਾ ਹੈ, ਗੁਰਪ੍ਰਣਾਲੀ, ਗੁਲਾਬ ਸਿੰਘ ਵਿੱਚ ਸ਼ਹਾਦਤ ਦਾ ਸਮਾ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ ਸਵਾ ਪਹਰ ਦਿਨ ਚੜ੍ਹੇ ਕਾਮ ਭਯੋ ਹੈ" ਭਾਵ ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆਂ ਸੀ ਭਾਈ ਦੁੱਨਾ ਸਿੰਘ ਹੰਡੂਰੀਆਂ ਦੀ ਅਪ੍ਰਕਾਸ਼ਿਤ ਕ੍ਰਿਤ, ਕਥਾ ਗੁਰੂ ਜੀ ਕੇ ਸੁਤਨ ਕੀ' ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੇ ਸੀਸ ਕਟਾਰ ਨਾਲ ਧੜ ਤੋਂ ਜੁਦਾ ਕਰਨ ਤੋਂ ਪਹਿਲਾਂ, ਜ਼ਾਲਮਾ ਨੇ ਉਨ੍ਹਾਂ ਮਾਸੂਮਾਂ ਨੂੰ, ਚਾਬਕਾਂ ਤੇ ਕੋਰੜੇ ਵੀ ਮਾਰੇ ਸਨ:

ਖਮਚੀ ਸਾਥ ਜੁ ਲਗੇ ਤਬੈ ਦੁਖ ਦੇਵਨੈ<br>
ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੈ<br>
ਤਬ ਮਲੇਰੀਏ ਕਹਯੋ; ਜੜਾਂ ਤੁਮ ਜਾਹਿ ਹੀ<br>
ਇਹ ਮਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ

(ਇਥੇ ਖਮਚੀ ਤੋਂ ਭਾਵ ਹੈ ਛਾਂਟਾ ਅਰਥਾਤ ਕੋਰੜਾ)

ਜਬ ਦੁਸ਼ਟੀਂ ਐਸੇ ਦੁਖ। ਬਹੁਰੋ ਫੇਰ ਸੀਸ ਕਢਵਾਏ<br>
ਰਜ ਕੋ ਪਾਇ ਪੀਪਲਹ ਬਾਂਧੇ। ਦੁਸ਼ਟ ਗੁਲੇਲੇ ਤੀਰ ਸੁ ਸਾਂਧੇ

(ਰਜ ਤੋਂ ਭਾਵ ਹੈ ਰੱਸਾ ਅਰਥਾਤ ਪਿਪਲ ਦੇ ਦਰੱਖਤ ਨਾਲ ਰੱਸਿਆਂ ਨਾਲ ਬੰਨ੍ਹ ਕੇ ਗੁਲੇਲ ਦੇ ਨਿਸ਼ਾਨੇ ਬਣਾ ਕੇ ਤਸੀਹੇ ਦਿੱਤੇ ਗਏ। ਹਵਾਲੇ ਲਈ ਦੇਖੋ :ਹੱਥ ਲਿਖਤ ਖਰੜਾ ਨੰਬਰ 6045 , ਸਿੱਖ ਰੈਫਰੈਂਸ ਲਾਇਬਰੇਰੀ, ਸ੍ਰੀ ਅੰਮ੍ਰਿਤਸਰ)

ਇੱਥੇ ਇਹ ਜ਼ਿਕਰ ਕਰਨਾ ਵੀ ਅਜ਼ਹਦ ਜ਼ਰੂਰੀ ਹੈ ਕਿ ਨਵਾਬ ਸ਼ੇਰ ਮੁਹੰਮਦ ਖਾਨ ਮਲੇਰਕੋਟਲਾ ਨੇ, ਨਾਂ ਸਿਰਫ਼ ਹਾਅ ਦਾ ਨਾਹਰਾ ਹੀ ਮਾਰਿਆ, ਸਗੋਂ ਉਸਨੇ ਮਾਸੂਮ ਸਾਹਿਬਜ਼ਾਦਿਆਂ ਤੇ ਜ਼ੁਲਮ ਰੋਕਣ ਲਈ ਬੜੇ ਲਹੂਰ ਅਤੇ ਤਰਲੇ ਵੀ ਲਏ, ਲਾਹਨਤਾਂ ਵੀ ਪਾਈਆਂ ਪਰ ਜ਼ਾਲਮ ਵਜ਼ੀਰ ਖਾਂ ਨੇ ਉਸਦੀ ਇੱਕ ਨਾਂ ਸੁਣੀ ਸਰਹੰਦ ਦੀ ਤਵਾਰੀਖ਼ ਦਾ ਜ਼ਿਕਰ ਕਰਦਿਆਂ ਇਹ ਬੜੇ ਅਦਬ ਨਾਲ ਕਹਿਣਾ ਬਣਦਾ ਹੈ ਕਿ ਸਿੱਖ ਕੌਮ ਦੇ ਇਤਿਹਾਸ ਦੇ ਅਜਿਹੇ ਨਾਜ਼ੁਕ ਅਤੇ ਭਿਆਨਕ ਮਰਹਲੇ ਤੇ ਨਵਾਬ ਸ਼ੇਰ ਮੁਹੰਮਦ ਖਾਨ, ਮਾਲੇਰਕੋਟਲਾ ਵੱਲੋਂ ਨਿਭਾਈ, ਨਾਕਾਬਿਲ-ਏ-ਫ਼ਰਾਮੋਸ਼ ਵਿਸ਼ੇਸ਼ ਤਵਾਰੀਖੀ ਭੂਮਿਕਾ ਲਈ, ਸਿੱਖ ਕੌਮ ਹਮੇਸ਼ਾ ਲਈ ਆਭਾਰੀ ਤੇ ਅਹਿਸਾਨਮੰਦ ਰਹੇਗੀ।

ਭਾਵੇਂ ਸਮੁੱਚੀ ਸਿੱਖ ਕੌਮ ਦੇ ਅਮਲਾ ਵਿੱਚ, ਇਨ੍ਹਾਂ ਦਰਦਨਾਕ ਪਲਾਂ ਨੂੰ, ਸ਼ਰਧਾ ਅਤੇ ਅਕੀਦਤ ਨਾਲ ਨਿਯਮਤ ਕਰਨਾ, ਨਿਸ਼ਚੇ ਹੀ, ਸਿੱਖ ਤਖ਼ਤਾਂ ਦੇ ਜੱਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੀ ਜ਼ਿਮੇਵਾਰੀ ਬਣਦੀ ਹੈ, ਪ੍ਰੰਤੂ ਫ਼ੇਰ ਵੀ, ਮੈਂ ਇਸ ਨਿਬੰਧ ਰਾਹੀਂ ਸਮੁੱਚੀ ਸਿੱਖ ਕੌਮ, ਸਿੱਖ ਤਖ਼ਤਾਂ ਦੇ ਜੱਥੇਦਾਰ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਮਨੇਜਮੈਂਟ ਕਮੇਟੀ, ਸੰਤ ਮਹਾਂਪੁਰਖਾਂ, ਸਿੰਘ ਸਭਾਵਾਂ, ਦੇਸ-ਪ੍ਰਦੇਸ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਖਾਲਸਾ ਕਾਲਜਾਂ ਅਤੇ ਖਾਲਸਾ ਸਕੂਲਾਂ ਦੇ ਸਮੂਹ ਪ੍ਰਬੰਧਕਾਂ ਅਤੇ ਮੁੱਖੀਆਂ ,ਸਮੂਹ ਸਿੱਖ ਪ੍ਰੀਵਾਰਾਂ ਅਤੇ ਸਿੱਖ-ਪੰਥ ਦੇ ਦਰਦਮੰਦਾ ਨੂੰ ਇੱਕ ਮਿੰਨਤ ਅਤੇ ਤਰਲਾ ਕਰਦਾ ਹਾਂ, ਕਿ ਗੰਭੀਰਤਾ ਨਾਲ ਸੋਚੋ ਕਿ ਵਿਸ਼ਵ ਭਰ ਦੇ ਈਸਾਈਅਤ ਨੂੰ ਮੰਨਣ ਵਾਲੇ ਪੈਰੋਕਾਰਾਂ ਨੂੰ ਤਾਂ 2000 ਸਾਲ ਬਾਦ ਵੀ ਸਲੀਬ ਤੇ ਟੰਗੇ ਪ੍ਰਭੂ ਯਸੂਹ ਮਸੀਹ ਨਜ਼ਰ ਆਉਂਦੇ ਹਨ ਅਤੇ ਸਲੀਬਕਸ਼ੀ ਤੋਂ ਬਾਦ ਈਸਾ ਮਸੀਹ ਦੇ ਹੱਥਾਂ ਅਤੇ ਪੈਰਾਂ ਵਿੱਚ ਗੱਡੀਆਂ ਮੇਖਾਂ ਦੇ ਜ਼ਖ਼ਮਾ ਚੋਂ ਸਿੰਮਦਾ ਖ਼ੂਨ ਅਤੇ ਉਸਦੀ ਪੀੜਾ ਦੇ ਅਨੁਭਵ ਦਾ ਡੂੰਘਾ ਅਹਿਸਾਸ ਹੈ, ਇਸੇ ਤਰ੍ਹਾਂ ਇਸਲਾਮ ਦੇ ਅਨੁਯਾਈਆਂ ਨੂੰ 1332 ਸਾਲ ਬਾਦ ਵੀ ਕਰਬਲਾ' ਦਾ ਕਹਿਰ ਯਾਦ ਹੈ, ਹਰ ਇੱਕ ਮੁਸਲਮਾਨ, ਮੁਹੱਰਮ ਦੇ ਮੌਕੇ ਆਪਣੇ ਆਪ ਨੂੰ ਕਰਬਲਾ ਦੀ ਪੀੜਾ ਵਿੱਚ ਗੁੰਮ ਕਰ ਲੈਂਦਾ ਹੈ ਅਤੇ ਆਪਣੇ ਪੈਗੰਬਰ ਦੀ ਵੇਦਨਾ ਨਾਲ ਇੱਕਸੁਰ ਹੋ ਜਾਂਦਾ ਹੈ।

ਦਰੇਗ ਇਸ ਗੱਲ ਦਾ ਹੈ ਕਿ ਸਿੱਖ ਕੌਮ 308 ਸਾਲਾਂ ਦੇ ਸਮੇ ਅੰਦਰ ਹੀ ਨੀਹਾਂ ਵਿੱਚ ਚਿਣ ਕੇ ਸ਼ਹੀਦ ਹੋਏ, ਦਸਮੇਸ਼ ਗੁਰੂ ਜੀ ਦੇ ਮਾਸੂਮ ਸਾਹਿਜ਼ਾਦਿਆਂ ਦੀ ਸ਼ਹੀਦੀਨੂੰ ਨੂੰ ਕਿਓਂ ਵਿਸਰ ਗਈ ਹੈ ? ਇਹ ਸਮੱਚੀ ਸਿੱਖ ਕੌਮ ਲਈ, ਆਪਣੇ ਸਵੈ ਅੰਦਰ ਝਾਤੀ ਮਾਰ ਕੇ, ਗੰਭੀਰ ਸਮੀਖਿਆ ਕਰਨ ਦਾ ਸਮਾ ਹੈ ਕੌਮਾ ਦੇ ਇਤਿਹਾਸ ਵਿੱਚ ਅਜੇਹਾ ਸਮਾ ਕਦੇ-ਕਦੇ ਆਉਂਦਾ ਹੈ ਜਦੋਂ ਕੌਮਾਂ ਆਪਣੇ ਬੀਤ ਚੁੱਕੇ ਆਪੇ ਦਾ ਨਿਰੀਖਣ ਕਰਦੀਆਂ ਹਨ ਅਤੇ ਆਉਣ ਵਾਲੇ ਸਮੇ ਲਈ ਸਜੱਗ ਹੁੰਦੀਆਂ ਹਨ ਆਓ ਪ੍ਰਣ ਕਰੀਏ ਕਿ 13 ਪੋਹ ਅਰਥਾਤ 27 ਦਸੰਬਰ ਨੂੰ ਸਵੇਰ ਦੇ ਠੀਕ 10:00 ਵਜੇ ਤੋਂ 11:00 ਵਜੇ ਤੱਕ, ਇੱਕ ਘੰਟਾ, ਹਰ ਸਿੱਖ, ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਹੋਵੇ, ਤੇ ਕਿਸੇ ਵੀ ਵਰਤਾਰੇ ਵਿੱਚ ਮਸਰੂਫ਼ ਕਿਉਂ ਨਾ ਹੋਵੇ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਵਿੱਚ ਜੁੜ ਕੇ, ਸਤਿਨਾਮ ਵਾਹਿਗੁਰੂ ਦਾ ਜਾਪ ਕਰੇ ਜ਼ਰਾ ਸੋਚੋ ! ਜਦੋਂ ਸਾਡੇ ਕਿਸੇ ਬੱਚੇ ਦੇ ਜ਼ਰਾ ਜਿੰਨੀ ਸੱਟ ਲੱਗ ਜਾਂਦੀ ਹੈ ਤਾ ਸਾਡੇ ਮੂੰਹੋਂ ਆਪਮੁਹਾਰੇ ਹੀ ਨਿਕਲ ਜਾਂਦਾ ਹੈ, ਹੇ ਵਾਹਿਗੁਰੂ'। ਕੀ ਅਸੀਂ ਹਰ ਸਾਲ ਇਹ ਥੋੜਾ ਜਿਹਾ ਸਮਾਂ ਕੱਢ, ਨਿਵੇਕਲੇ ਬੈਠ ਕੇ, ਆਂਪਣੇ ਗੁਰੂ ਅਤੇ ਮਾਸੂਮ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਮਰਪਤ ਹੋ ਕੇ, ਸਤਿਨਾਮ ਵਾਹਿਗੁਰੂ' ਨਹੀਂ ਜਪ ਸਕਦੇ, ਜਿਨ੍ਹਾਂ ਨੇ ਧਰਮ ਅਤੇ ਸਿੱਖੀ ਸਿਦਕ ਦੀ ਰੱਖਿਆ ਲਈ ਆਪਣੇ ਜੀਵਨ ਤੱਕ ਬਲੀਦਾਨ ਕਰ ਦਿੱਤੇ,ਖ਼ਾਸ ਕਰਕੇ, ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਤਾਂ ਇਸ ਨਿਸ਼ਚਿਤ ਸਮੇ ਤੇ, ਸ਼ਹੀਦੀ ਜੋੜ ਮੇਲੇ ਸਮੇ, ਹਰ ਵਿਅਕਤੀ ਆਪਣੀ-ਆਪਣੀ ਜਗ੍ਹਾ ਬੈਠਕੇ, ਇਸ ਇੱਕ ਘੰਟੇ ਲਈ ਬੰਦਗੀ ਵਿੱਚ ਜੁੜ ਜਾਵੇ, ਇਸ ਇੱਕ ਘੰਟੇ ਲਈ ਤਾਂ ਇੰਝ ਜਾਪੇ ਜਿਵੇਂ ਸਮੁੱਚਾ ਜਨਜੀਵਨ ਹੀ ਮਾਸੂਮ ਸ਼ਹੀਦਾਂ' ਦੀ ਅਕੀਦਤ ਵਿੱਚ ਜੁੜ ਗਿਆ ਹੈ। ਇੰਝ ਕਰਨ ਨਾਲ, ਸ਼ਹੀਦਾਂ ਪ੍ਰਤੀ ਸ਼ਰਧਾ ਅਤੇ ਸਨਮਾਨ ਵਿਅਕਤ ਕਰਨ ਦੇ ਅਦਬ ਵਿੱਚ ਇੱਕ ਨਵੇਕਲਾ ਬਾਬ ਨਮੂਦਾਰ ਹੋਵੇਗਾ। ਕਿੰਨਾ ਮਾਣ ਸੀ ਦਸਮ ਪਾਤਸ਼ਾਹ ਹਜ਼ੂਰ ਨੂੰ ਆਪਣੇ ਸਿੱਖਾਂ ਅਤੇ ਗੁਰੂ ਖਾਲਸੇ ਤੇ, ਜਦੋਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਦ ਗੁਰੂ ਮਾਹਾਰਾਜ ਨੇ ਬੜੇ ਫ਼ਖ਼ਰ ਨਾਲ ਫ਼ੁਰਮਾਇਆ ਸੀ:

ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ।<br>
ਚਾਰ ਮੂਏ ਤੋ ਕਿਆ ਭਯਾ, ਜੀਵਤ ਕਈ ਹਜ਼ਾਰ।

## ਤਵਾਰੀਖੀ ਖੁਲਾਸਾ : 1971 ਦੀ ਜੰਗ ਦੀਆਂ ਯਾਦਾਂ

ਵਿੱਚ ਨਕਸ਼ੇ, ਚਾਰਟਾਂ ਆਦਿ 'ਤੇ ਮਿੰਟ-ਮਿੰਟ ਦੀ ਖ਼ਬਰ ਪਲਾਟ ਕੀਤੀ ਜਾਂਦੀ ਹੈ। ਦੁਸ਼ਮਣ ਦੀਆਂ ਹਰਕਤਾਂ ਲਾਲ ਰੰਗ ਵਿੱਚ ਅਤੇ ਆਪਣੀਆਂ ਨੀਲੇ ਰੰਗ ਦੇ ਪਿੰਨ, ਟੇਪਸ ਆਦਿ ਐਰੋਮਾਰਕ ਕਰਕੇ ਦਰਸਾਈਆਂ ਜਾਂਦੀਆਂ ਹਨ। ਆਪਣੇ ਅਤੇ ਦੁਸ਼ਮਣ ਬਾਰੇ ਖ਼ਬਰ ਟੈਲੀਫੋਨ, ਵਾਇਰਲੈੱਸ 'ਤੇ ਫਰੰਟ ਤੋਂ ਪਿੱਛੇ ਆਉਂਦੀ ਅਤੇ ਅਸੀਂ ਨਕਸ਼ੇ/ਚਾਰਟਾਂ 'ਤੇ ਮਾਰਕ ਕਰਦੇ, ਦੋ ਵਕਤ ਭੇਜਣ ਵਾਲੀ ਰਿਪੋਰਟ ਤਿਆਰ ਕਰਦੇ। ਰਿਪੋਰਟ ਕਮਾਂਡਰਾਂ ਕੋਲ ਪੁੱਜਦੀ। ਉਹ ਆ ਕੇ ਚਰਚਾ ਕਰਦੇ। ਹੁਕਮ ਦੂਜੇ ਚੈਨਲ 'ਤੇ ਪਾਸ ਕਰਦੇ। ਦੂਜੇ ਖੇਤਰਾਂ ਤੋਂ ਕਮਾਂਡ ਰਾਹੀਂ ਜਾਣਕਾਰੀ ਲਈ ਆਈ ਖ਼ਬਰ ਵੀ ਪਲਾਟ ਕੀਤੀ ਜਾਂਦੀ ਤਾਂ ਕਿ ਪੂਰੇ ਖੇਤਰ ਦੀ ਹਾਲਤ ਸਮਝ ਲੈਣ। ਸਾਰੇ ਹੀ ਸੈਕਟਰਾਂ ਵਿੱਚ ਭਾਰਤੀ ਵਧ ਰਹੇ ਸਨ। ਗੱਲ ਪੂਰਬੀ ਪਾਕਿਸਤਾਨ ਦੇ ਘੇਰੇ ਦੀ ਹੋ ਰਹੀ ਸੀ। ਮਾੜੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ।

ਫਿਰ ਪੂਰਬੀ ਪਾਕਿਸਤਾਨ ਦੀ ਰਾਜਧਾਨੀ ਢਾਕਾ 'ਤੇ ਕਬਜ਼ੇ ਲਈ ਲੈਂਡ ਕਰਨ ਦੀ ਖ਼ਬਰ ਆਈ। ਖ਼ਬਰ ਇਹ ਸੀ ਕਿ ਭਾਰਤੀ ਪੈਰਾਸ਼ੂਟ ਬ੍ਰਿਗੇਡ ਪੈਰਾਸ਼ੂਟ ਰਾਹੀਂ ਢਾਕੇ ਤੋਂ ਥੋੜ੍ਹੀ ਦੂਰ ਉਤਰ ਰਿਹਾ ਹੈ। ਅਚਾਨਕ ਉਪਰ ਆਵਾਜ਼ ਸੁਣੀ ਤਾਂ ਬਾਹਰ ਆ ਕੇ ਅਦਭੁੱਤ ਨਜ਼ਾਰਾ ਵੇਖਿਆ। ਪੂਰਾ ਆਸਮਾਨ ਨਿੱਕੇ-ਵੱਡੇ ਹਵਾਈ ਜਹਾਜ਼ਾਂ ਨਾਲ ਭਰਿਆ ਪਿਆ ਸੀ ਅਤੇ ਇਹ ਢਾਕੇ ਵੱਲ ਜਾ ਰਿਹਾ ਸੀ। ਇੰਜ ਲੱਗਦਾ ਸੀ ਜਿਵੇਂ ਆਹਣ ਆ ਰਹੀ ਹੋਵੇ ਜਾਂ ਪੰਛੀਆਂ ਦੀ ਇੱਕ ਬਹੁਤ ਵੱਡੀ ਡਾਰ ਉੱਡ ਰਹੀ ਹੋਵੇ। ਇਹ ਸਾਰੇ ਟਰਾਂਸਪੋਰਟ ਜਹਾਜ਼ ਸਨ। ਲੜਾਕੂ ਜਹਾਜ਼ ਇਨ੍ਹਾਂ ਦੀ ਅਗਵਾਈ ਕਰ ਰਹੇ ਸਨ ਤਾਂ ਕਿ ਕੋਈ ਭੁੱਲਿਆ-ਚੁੱਕਿਆ ਪਾਕਿਸਤਾਨੀ ਜਹਾਜ਼ ਇਨ੍ਹਾਂ ਨੂੰ ਬਰਬਾਦ ਨਾ ਕਰ ਸਕੇ। ਤਰ੍ਹਾਂ-ਤਰ੍ਹਾਂ ਦੇ ਖ਼ਿਆਲ, ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ। ਵਾਇਰਲੈਸ ਸੈੱਟ 'ਤੇ ਖ਼ਬਰ ਆਈ, 4ਰੌਪ ਕਾਮਯਾਬ ਰਿਹਾ। ਮਗਰੋਂ ਇਨ੍ਹਾਂ ਰਾਤ ਨੂੰ ਇਕੱਠੇ ਹੋ ਕੇ ਕਾਰਵਾਈ ਕਰਨੀ ਸੀ। ਥਲ ਸੈਨਾ ਨੇ ਇਨ੍ਹਾਂ ਨਾਲ ਲਿੰਕ-ਅੱਪ (ਹੱਥ ਮਿਲਾਉਣਾ) ਕਰਨਾ ਸੀ। 24 ਘੰਟੇ ਮਗਰੋਂ ਢਾਕਾ ਨੇੜੇ ਪੁੱਜਣ ਦੀਆਂ ਖ਼ਬਰ ਆਉਣ ਲੱਗੀਆਂ। ਕਿਤੇ ਰੁਕਾਵਟਾਂ ਸਨ ਤੇ ਕਿਤੇ ਸੌਖਿਆਂ ਹੀ ਭਾਰਤੀ ਸੈਨਾ ਵਧ ਰਹੀ ਸੀ।

ਖ਼ਬਰ ਆਈ ਕਿ ਪਾਕਿਸਤਾਨੀ ਜਨਰਲ ਏ.ਏ.ਕੇ. ਨਿਆਜ਼ੀ ਨੂੰ ਹਥਿਆਰ ਸੁੱਟਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਸ ਨੇ ਆਪਣੇ ਇੱਕ ਬਿਆਨ ਵਿੱਚ ਲੜਾਈ 200 ਸਾਲ ਤਕ ਚੱਲਣ ਦਾ ਐਲਾਨ ਕੀਤਾ ਸੀ। ਏਧਰ ਮੇਜਰ ਜਨਰਲ ਜੇ.ਐੱਫ.ਆਰ. ਜੈਕਬ, ਚੀਫ ਆਫ ਸਟਾਫ ਪੂਰਬੀ ਕਮਾਂਡ ਸਮਰਪਣ ਦੀਆਂ ਸ਼ਰਤਾਂ ਤੈਅ ਕਰਨ ਲਈ ਢਾਕੇ ਜਾ ਰਿਹਾ ਸੀ। ਲੈਫਟੀਨੈਂਟ ਜਰਨਲ ਜਗਜੀਤ ਸਿੰਘ ਅਰੋੜਾ ਸਮਰਪਣ ਲੈਣ ਢਾਕੇ ਜਾ ਰਹੇ ਹਨ। ਖ਼ੁਸ਼ੀ ਅਤੇ ਡਰ ਦੋਵੇਂ ਸਾਡੇ ਦਿਲਾਂ ਵਿੱਚ ਸਨ। ਫਿਰ ਭਾਰਤ ਦੀ ਜਿੱਤ ਅਤੇ ਗੁਆਂਢੀ ਮੁਲਕ ਵੱਲੋਂ ਸਮਰਪਣ 'ਤੇ ਹੋਏ ਦਸਤਖ਼ਤ ਦੀ ਖ਼ਬਰ ਆਈ। ਅਗਲੇ ਕਈ ਦਿਨ ਸਮਰਪਣ, ਕੈਦੀਆਂ ਦਾ ਬੰਦੋਬਸਤ, ਹਥਿਆਰਾਂ ਦੀ ਗਿਣਤੀ ਆਦਿ ਬਾਰੇ ਖ਼ਬਰਾਂ ਆਉਂਦੀਆਂ ਰਹੀਆਂ। ਕਈ ਥਾਈਂ ਪਾਕਿਸਤਾਨੀ ਟੁਕੜੀਆਂ ਨੇ ਸਮਰਪਣ ਦੇ ਹੁਕਮ ਨਹੀਂ ਮੰਨੇ, ਸ਼ਾਇਦ ਉਨ੍ਹਾਂ ਨੂੰ ਹੁਕਮ ਨਹੀਂ ਪੁੱਜੇ। ਉਨ੍ਹਾਂ ਨੂੰ ਢਾਹੁਣਾ ਪਿਆ। ਇਨ੍ਹਾਂ ਕੰਮਾਂ ਵਿੱਚ ਕਈ ਦਿਨ ਲੰਘ ਗਏ। ਫਿਰ ਮੇਰੀ ਡਿਊਟੀ ਪਾਕਿਸਤਾਨੀ ਕੈਦੀ ਮੇਜਰ ਜਨਰਲ ਅੰਸਾਰੀ 'ਤੇ ਲੱਗ ਗਈ। ਕਹਿਣ ਨੂੰ ਤਾਂ ਮੈਂ ਉਸ ਦਾ ਸੰਪਰਕ ਅਫ਼ਸਰ ਸਾਂ, ਪਰ ਅਸਲ ਵਿੱਚ ਸਾਂ ਉਸ ਉੱਤੇ ਗਾਰਡ। ਬਾਕੀ ਗਾਰਡ ਚਾਰ ਚੁਫ਼ੇਰੇ ਦੂਰ ਸਨ। ਇਹ ਇੱਕ ਅਜਬ ਜਿਹਾ ਅਹਿਸਾਸ ਸੀ।

ਥੋੜ੍ਹੇ ਦਿਨਾਂ ਮਗਰੋਂ ਮੈਂ ਉਸ ਨੂੰ ਹੈਲੀਕਾਪਟਰ 'ਤੇ ਕਲਕੱਤੇ ਕਿਸੇ ਹੋਰ ਦੇ ਹਵਾਲੇ ਕਰਕੇ ਆਇਆ। ਇਹ ਦਿਨ ਹੁਣ ਖ਼ੁਸ਼ੀ ਦੇ ਸਨ। ਸਾਰੇ ਸੈਨਿਕਾਂ ਨੂੰ ਉਪਰਲੇ ਜਰਨੈਲਾਂ ਵੱਲੋਂ ਵਧੀਆ ਕਾਰਗੁਜ਼ਾਰੀ ਲਈ ਵਧਾਈ ਸੰਦੇਸ਼ ਆ ਰਹੇ ਸਨ। ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਰੇਡੀਓ 'ਤੇ ਸੰਬੋਧਨ ਕੀਤਾ। ਹੁਕਮ ਮਿਲਿਆ 2 ਕੋਰ ਹੈੱਡਕੁਆਰਟਰ ਪੱਛਮੀ ਖੇਤਰ ਫਿਰੋਜ਼ਪੁਰ ਲਾਗੇ ਜਾਏਗਾ। ਸਮਾਨ ਬੰਨ੍ਹ ਲਏ। ਕ੍ਰਿਸ਼ਨਾ ਨਗਰ ਦੇ ਨਾਗਰਿਕਾਂ ਨੇ ਸਨਮਾਨ ਸਮਾਰੋਹ ਕੀਤਾ। ਅਸੀਂ ਹੈੱਡਕੁਆਰਟਰ ਵਾਲੇ ਗਏ। ਭਰਵਾਂ ਇਕੱਠ ਸੀ। ਚੋਣਵੇਂ ਸ਼ਹਿਰੀਆਂ ਨੇ 2 ਕੋਰ ਅਤੇ ਭਾਰਤੀ ਸੈਨਾ ਦੇ ਗੁਣ ਗਾਏ। ਉੱਥੋਂ ਦੇ ਇੱਕ ਬਹੁਤ ਮਸ਼ਹੂਰ ਤੇ ਪੁਰਾਣੇ ਪਰਿਵਾਰ ਵੱਲੋਂ ਜਰਨਲ ਰੈਣਾ ਤੇ 2 ਕੋਰ ਨੂੰ ਇੱਕ ਖੜਗ ਭੇਟ ਕੀਤਾ ਗਿਆ। ਇਹ ਇੱਕ ਕਿਸਮ ਦੀ ਤਲਵਾਰ ਹੈ ਜਿਹੜੀ ਭਾਰੀ ਤੇ ਚੌੜੀ ਹੁੰਦੀ ਹੈ। ਇਹ ਅੱਜ ਵੀ 2 ਕੋਰ 'ਚ ਇੱਜ਼ਤ ਨਾਲ ਸੰਭਾਲੀ ਹੋਈ ਹੈ। ਹੁਣ 2 ਕੋਰ ਪੱਕੀ ਕਰ ਦਿੱਤੀ ਗਈ ਸੀ। ਇਸ ਖੜਗ ਦਾ ਚਿੰਨ੍ਹ ਫਾਰਮੇਸ਼ਨ ਚਿੰਨ੍ਹ' ਮੰਨ ਲਿਆ ਗਿਆ। ਇਹ ਚਿੰਨ੍ਹ 2 ਕੋਰ ਵਾਲੇ ਫ਼ੌਜੀਆਂ ਦੀ ਵਰਦੀ ਉੱਤੇ ਖੱਬੀ ਬਾਂਹ 'ਤੇ ਲੱਗਿਆ ਹੁੰਦਾ ਹੈ। ਮੇਰੇ ਸਿਵਾਏ ਅਟੈਚ ਅਫ਼ਸਰ ਵਾਪਸ ਭੇਜ ਦਿੱਤੇ ਗਏ। ਕਿਉਂਕਿ ਜਿੱਥੇ ਕੋਰ ਹੈੱਡਕੁਆਰਟਰ ਨੇ ਜਾਣਾ ਸੀ, ਮੈਂ ਉਸ ਇਲਾਕੇ ਦਾ ਰਹਿਣ ਵਾਲਾ ਹੋਣ ਕਰਕੇ ਵਾਕਫ਼ ਸਾਂ। ਹੈੱਡਕੁਆਰਟਰ ਰੇਲ ਗੱਡੀ ਰਾਹੀਂ ਬਠਿੰਡਾ ਅਤੇ ਫਿਰ ਫ਼ਰੀਦਕੋਟ ਲਾਗੇ ਬੀੜ ਚਾਹਲ ਵਿੱਚ ਆ ਟਿਕੇ। ਮੈਂ ਘਰ ਤੋਂ 7 ਕਿਲੋਮੀਟਰ ਦੂਰ। ਸਾਰੇ ਇਲਾਕੇ ਵਿੱਚ ਫ਼ੌਜ ਹੀ ਫ਼ੌਜ ਸੀ। ਕੁਝ ਦਿਨਾਂ ਮਗਰੋਂ ਮੈਂ ਸਿੱਕਿਮ ਪਰਤ ਗਿਆ। ਇਹ ਯੁੱਧ ਖੇਤਰ ਵਿੱਚ ਹੋਣ ਦਾ ਇੱਕ ਵੱਖਰਾ ਜਿਹਾ ਅਹਿਸਾਸ ਸੀ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

## 'ਛਣਕਾਟਾ ਵੰਗਾਂ ਦਾ' 7 ਜਨਵਰੀ ਨੂੰ

ਇਥੇ ਰਾਜਾ ਸਵੀਟਸ ਵਿਖੇ ਅਮੋਲਕ ਸਿੰਘ ਗਾਖਲ ਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਹੋਈ ਮੀਟਿੰਗ ਵਿਚ ਪ੍ਰੋਗਰਾਮ ਦੀਆਂ ਤਿਆਰੀਆਂ ਬਾਰੇ ਵਿਚਾਰ ਹੋਈਆਂ। ਮੀਟਿੰਗ ਵਿਚ ਦਸਿਆ ਗਿਆ ਕਿ ਇਸ ਪ੍ਰੋਗਰਾਮ ਲਈ ਵਿਸ਼ੇਸ਼ ਮਹਿਮਾਨ ਵਜੋਂ ਪੁੱਜਣ ਵਾਲੇ ਉੱਘੇ ਕਾਰੋਬਾਰੀ ਅਮਰੀਕ ਸਿੰਘ ਸ਼ਿਕਾਗੋ, ਅਵਤਾਰ ਸਿੰਘ ਓਹਾਇਓ, ਰਜਿੰਦਰ ਕੁਮਾਰ ਪਹਿਲਵਾਨ ਹਿਊਸਟਨ ਅਤੇ ਨਛੱਤਰ ਸਿੰਘ ਗੋਸਲ ਪੁਜਣਗੇ। ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਤੋਂ ਗੀਤ ਸੰਗੀਤ ਅਤੇ ਸਭਿਆਚਾਰ ਨੂੰ ਪਿਆਰ ਕਰਨ ਵਾਲੀਆਂ ਹੋਰ ਸਖਸ਼ੀਅਤਾਂ ਦੇ ਪੁੱਜਣ ਦੀ ਵੀ ਉਮੀਦ ਹੈ। ਅਸ਼ੋਕ ਭੌਰਾ ਨੇ ਕਿਹਾ ਕਿ ਸਿਹਤਮੰਦ ਤੇ ਮਿਆਰੀ ਪੰਜਾਬੀ ਗੀਤ ਸੰਗੀਤ ਵਾਲੇ ਇਸ ਪ੍ਰੋਗਰਾਮ ਵਿਚ ਸਮੂਹ ਪੰਜਾਬੀਆਂ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ . ਪ੍ਰੋਗਰਾਮ 'ਚ ਚਾਹ ਪਾਣੀ ਦੇ ਨਾਲ ਨਾਲ ਐਂਟਰੀ ਮੁਫ਼ਤ ਹੋਵੇਗੀ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
ROKU
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar

PANNU'S
LEGAL SERVICES
G.S. Pannu (Immigration Consultant, LDA)
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu (Owner)
Indian Passport | India Visa in 1 Day | OCI | US Passport
Power of Attorney & Other Services
510.677.8440
40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com